13-AUG-PAGE-1.qxd 8/12/2024 10:06 PM Page 1

ਮੰਗਲਵਾਰ, 13 ਅਗਸਤ, 2024
29 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 73

# ਨਵਾਂ ਜ਼ਮਾਨਾ

DAILY NAWAN ZAMANA • TUESDAY, 13 AUGUST, 2024 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸੇਬੀ ਮੁਖੀ ਦੀ ਸਫ਼ਾਈ ਹੀ ਕਬੂਲਨਾਮਾ : ਹਿੰਡਨਬਰਗ

## ਭਾਜਪਾ ਆਗੂਆਂ ਵੱਲੋਂ ਹਿੰਡਨਬਰਗ ਰਿਪੋਰਟ ਦੇ ਬਹਾਨੇ ਕਾਂਗਰਸ 'ਤੇ ਅਰਥਚਾਰੇ ਨੂੰ ਅਸਥਿਰ ਕਰਨ ਦਾ ਦੋਸ਼, ਕਾਂਗਰਸ ਵੱਲੋਂ ਸੇਬੀ ਮੁਖੀ ਦੇ ਅਸਤੀਫੇ ਦੀ ਮੰਗ


ਮਾਧਵੀ ਬੁੱਚ


ਗੌਤਮ ਅਡਾਨੀ


ਰਵੀਸ਼ੰਕਰ


ਕੰਗਣਾ ਰਣੌਤ


ਜਾਰਜ ਸੋਰੋਸ

**ਮੁੰਬਈ** : ਅਮਰੀਕੀ ਸ਼ਾਰਟ ਸੈਲਰ ਹਿੰਡਨਬਰਗ ਰਿਸਰਚ ਨੇ ਕਿਹਾ ਹੈ ਕਿ ਉਸ ਦੀ ਰਿਪੋਰਟ 'ਤੇ ਸੇਬੀ ਦੀ ਮੁਖੀ ਮਾਧਵੀ ਪੁਰੀ ਬੁੱਚ ਨੇ ਜਵਾਬ ਦਿੰਦਿਆਂ ਕਈ ਗੱਲਾਂ ਮੰਨੀਆਂ ਹਨ, ਜਿਸ ਨਾਲ ਕਈ ਸਵਾਲ ਖੜ੍ਹੇ ਹੋ ਗਏ ਹਨ। ਹਿੰਡਨਬਰਗ ਨੇ ਕਿਹਾ—ਬੁੱਚ ਦੇ ਜਵਾਬ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਉਸ ਦਾ ਨਿਵੇਸ਼ ਬਰਮੂਡਾ/ਮਾਰੀਸ਼ਸ਼ ਦੇ ਫੰਡ ਵਿਚ ਸੀ। ਇਹ ਉਹੀ ਫੰਡ ਹੈ, ਜਿਸ ਦੀ ਵਰਤੋਂ ਗੌਤਮ ਅਡਾਨੀ ਦਾ ਭਰਾ ਵਿਨੋਦ ਅਡਾਨੀ ਕਰਦਾ ਸੀ। ਦੋਸ਼ ਹੈ ਕਿ ਵਿਨੋਦ ਅਡਾਨੀ ਇਨ੍ਹਾਂ ਫੰਡਾਂ ਰਾਹੀਂ ਆਪਣੇ ਗਰੁੱਪ ਦੇ ਸ਼ੇਅਰਾਂ ਦੀਆਂ ਕੀਮਤਾਂ ਵਧਾਉਂਦਾ ਸੀ।

ਹਿੰਡਨਬਰਗ ਨੇ ਕਿਹਾ ਹੈ ਕਿ ਮਾਰਕਿਟ ਰੈਗੂਲੇਟਰ ਸੇਬੀ ਨੂੰ ਅਡਾਨੀ ਮਾਮਲੇ ਨਾਲ ਸੰਬੰਧਤ ਇਨ੍ਹਾਂ ਆਫਸ਼ੋਰ ਫੰਡਾਂ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਸੀ, ਜਿਨ੍ਹਾਂ 'ਚ ਮਾਧਵੀ ਬੁੱਚ ਨੇ ਨਿਵੇਸ਼ ਕੀਤਾ ਸੀ। ਇਹ ਸਪੱਸ਼ਟ ਤੌਰ 'ਤੇ ਹਿੱਤਾਂ ਦੇ ਟਕਰਾਅ ਦਾ ਇਕ ਵੱਡਾ ਮਾਮਲਾ ਹੈ।

ਹਿੰਡਨਬਰਗ ਨੇ ਸ਼ਨੀਵਾਰ ਪ੍ਰਕਾਸ਼ਤ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਸੀ ਕਿ ਮਾਧਵੀ ਬੁੱਚ ਤੇ ਉਸ ਦੇ ਪਤੀ ਧਵਲ ਬੁੱਚ ਦੀ ਅਡਾਨੀ ਗਰੁੱਪ ਨਾਲ ਜੁੜੀ ਆਫਸ਼ੋਰ ਕੰਪਨੀ ਵਿਚ ਹਿੱਸੇਦਾਰੀ ਹੈ।

ਹਿੰਡਨਬਰਗ ਨੇ ਬੁੱਚ ਜੋੜੇ ਵੱਲੋਂ ਆਪਣੀ ਸਫਾਈ ਵਿਚ ਦਿੱਤੇ ਗਏ ਬਿਆਨ ਤੋਂ ਬਾਅਦ ਕਿਹਾ ਹੈ ਕਿ ਮਾਧਵੀ ਬੁੱਚ ਨੇ ਕਿਹਾ ਹੈ ਕਿ ਉਹ ਦੋਹਾਂ ਕੰਸਲਟਿੰਗ ਕੰਪਨੀਆਂ (ਇਕ ਭਾਰਤੀ ਯੂਨਿਟ ਤੇ ਇਕ ਸਿੰਗਾਪੁਰੀ ਯੂਨਿਟ) ਤੋਂ 2017 ਵਿਚ ਸੇਬੀ ਵਿਚ ਨਿਯੁਕਤ ਹੁੰਦਿਆਂ ਹੀ ਹਟ ਗਈ ਸੀ, ਪਰ ਮਾਰਚ 2024 ਦੀ ਸ਼ੇਅਰ ਹੋਲਡਿੰਗ ਦੱਸਦੀ ਹੈ ਕਿ ਅਗੋਰਾ ਐਡਵਾਇਜ਼ਰੀ (ਇੰਡੀਆ) ਵਿਚ ਮਾਧਵੀ ਦੀ 99 ਫੀਸਦੀ ਹਿੱਸੇਦਾਰੀ ਹੈ। ਉਹ 16 ਮਾਰਚ 2022 ਤੱਕ ਅਗੋਰਾ ਪਾਰਟਨਰਜ਼ ਸਿੰਗਾਪੁਰ ਦੀ 100 ਫੀਸਦੀ ਸ਼ੇਅਰ ਹੋਲਡਰ ਬਣੀ ਰਹੀ ਤੇ ਸੇਬੀ ਦੇ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਇਸ ਦੀ ਮਾਲਕ ਰਹੀ। ਸੇਬੀ ਦੀ ਚੇਅਰਪਰਸਨ ਬਣਨ ਦੇ ਦੋ ਹਫਤੇ ਬਾਅਦ ਉਸ ਨੇ ਆਪਣੇ ਸ਼ੇਅਰ ਪਤੀ ਦੇ ਨਾਂਅ ਟਰਾਂਸਫਰ ਕਰ ਦਿੱਤੇ। ਬੁੱਚ ਨੇ ਸਿੰਗਾਪੁਰ ਦੇ ਜਿਸ ਕੰਸਲਟਿੰਗ ਯੂਨਿਟ ਦੀ ਸਥਾਪਨਾ ਕੀਤੀ ਸੀ, ਉਹ ਸਰਵਜਨਕ ਤੌਰ 'ਤੇ ਰੈਵੇਨਿਊ ਜਾਂ ਮੁਨਾਫੇ ਵਰਗੀ ਆਪਣੀ ਵਿੱਤੀ ਰਿਪੋਰਟ ਨਹੀਂ ਦਿੰਦਾ। ਇਸ ਲਈ ਇਹ ਦੇਖਣਾ ਅਸੰਭਵ ਹੈ ਕਿ ਸੇਬੀ ਵਿਚ ਉਸ ਦੇ ਕਾਰਜਕਾਲ ਦੌਰਾਨ ਇਸ ਯੂਨਿਟ ਨੇ ਕਿੰਨਾ ਪੈਸਾ ਕਮਾਇਆ ਹੈ। ਫਾਈਨੈਂਸ਼ੀਅਲ ਸਟੇਟਮੈਂਟ ਮੁਤਾਬਕ ਮਾਧਵੀ ਬੁੱਚ ਦੀ 99 ਫੀਸਦੀ ਵਾਲੀ ਅਗੋਰਾ ਐਡਵਾਇਜ਼ਰੀ ਇੰਡੀਆ ਕੰਪਨੀ ਨੇ ਵਿੱਤੀ ਸਾਲ (2022, 2023 ਤੇ 2024) ਦੌਰਾਨ 2.39 ਕਰੋੜ ਦਾ ਰੈਵੇਨਿਊ ਜੁਟਾਇਆ। ਇਹ ਰੈਵੇਨਿਊ ਮਾਧਵੀ ਬੁੱਚ ਦੇ ਸੇਬੀ ਦੀ ਚੇਅਰਪਰਸਨ ਰਹਿੰਦਿਆਂ ਜੁਟਾਇਆ ਗਿਆ। ਮਾਧਵੀ ਨੇ ਸੇਬੀ ਦੇ ਮੈਂਬਰ ਵਜੋਂ ਸੇਵਾ ਦਿੰਦਿਆਂ ਪਤੀ ਦੇ ਨਾਂਅ ਦੀ ਵਰਤੋਂ ਕਰਕੇ ਬਿਜ਼ਨੈੱਸ ਕਰਨ ਲਈ ਆਪਣੀ ਨਿੱਜੀ ਈਮੇਲ ਦੀ ਵਰਤੋਂ ਕੀਤੀ ਸੀ। ਸਵਾਲ ਉਠਦਾ ਹੈ ਕਿ ਸੇਬੀ ਦੀ ਚੇਅਰਪਰਸਨ ਰਹਿੰਦਿਆਂ ਆਪਣੇ ਪਤੀ ਦੇ ਨਾਂਅ 'ਤੇ ਕਿਹੜੇ ਨਿਵੇਸ਼ ਤੇ ਬਿਜ਼ਨੈੱਸ ਕੀਤੇ?

ਮਾਧਵੀ ਬੁੱਚ ਤੇ ਉਸ ਦੇ ਪਤੀ ਧਵਲ ਬੁੱਚ ਨੇ ਐਤਵਾਰ ਜਾਰੀ ਬਿਆਨ ਵਿਚ ਹਿੰਡਨਬਰਗ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਜਿਸ ਫੰਡ ਦਾ ਜ਼ਿਕਰ ਕੀਤਾ ਗਿਆ ਹੈ, ਉਸ ਨੂੰ ਉਨ੍ਹਾਂ 2015 ਵਿਚ ਲਿਆ ਸੀ। ਉਦੋਂ ਉਨ੍ਹਾਂ ਦਾ ਸੇਬੀ ਨਾਲ ਕੋਈ ਸੰਬੰਧ ਨਹੀਂ ਸੀ।

ਉਨ੍ਹਾਂ ਦੋਸ਼ ਲਾਇਆ ਸੀ ਕਿ ਭਾਰਤ ਨੇ ਵੱਖ-ਵੱਖ ਮਾਮਲਿਆਂ ਵਿਚ ਹਿੰਡਨਬਰਗ ਨੂੰ ਨੋਟਿਸ ਜਾਰੀ ਕੀਤਾ ਸੀ ਤੇ ਉਸ ਨੇ ਕੋਈ ਜਵਾਬ ਦੇਣ ਦੀ ਥਾਂ ਸੇਬੀ ਦੀ ਭਰੋਸੇਯੋਗਤਾ 'ਤੇ ਹਮਲਾ ਕਰਨ ਤੇ ਸੇਬੀ ਦੀ ਚੇਅਰਪਰਸਨ ਦੀ ਕਿਰਦਾਰਕੁਸ਼ੀ ਦਾ ਬਦਲ ਚੁਣਿਆ।

ਭਾਜਪਾ ਨੇ ਸੋਮਵਾਰ ਨੂੰ ਸੇਬੀ ਦੀ ਚੇਅਰਪਰਸਨ ਵਿਰੁੱਧ ਹਿੰਡਨਬਰਗ ਦੇ ਦੋਸ਼ਾਂ ਦੀ ਜੇ ਪੀ ਸੀ ਜਾਂਚ ਦੀ ਕਾਂਗਰਸ ਦੀ ਮੰਗ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਮੰਗ ਦਾ ਮਕਸਦ ਦੇਸ਼ ਦੀ ਅਰਥਵਿਵਸਥਾ ਨੂੰ ਕਮਜ਼ੋਰ ਅਤੇ ਨਿਵੇਸ਼ ਨੂੰ ਤਬਾਹ ਕਰਨਾ ਹੈ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸ਼ਾਰਟ ਸੈਲਿੰਗ ਫਰਮ ਦੇ ਦੋਸ਼ ਅਤੇ ਵਿਰੋਧੀ ਧਿਰ ਦੀ ਆਲੋਚਨਾ ਇੱਕ ਵਿਆਪਕ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾ ਦੋਸ਼ ਲਾਇਆ-ਕਾਂਗਰਸ ਪਾਰਟੀ ਦੀ ਲੀਡਰਸ਼ਿਪ ਇਸ ਫਰਜ਼ੀ ਰਿਪੋਰਟ ਦੇ ਆਧਾਰ 'ਤੇ ਆਰਥਿਕ ਅਰਾਜਕਤਾ ਪੈਦਾ ਕਰਨਾ ਚਾਹੁੰਦੀ ਹੈ। ਨਿਵੇਸ਼ਕਾਂ ਨੂੰ ਸਾਜ਼ਿਸ਼ ਦਾ ਅਹਿਸਾਸ ਹੋ ਗਿਆ ਹੈ ਅਤੇ ਉਨ੍ਹਾਂ ਨੇ ਮਾਰਕੀਟ ਨੂੰ ਝਟਕਾ ਦੇਣ ਦੀਆਂ ਕੋਸ਼ਿਸ਼ਾਂ ਨੂੰ ਰੱਦ ਕਰ ਦਿੱਤਾ ਹੈ। ਛੋਟੇ ਨਿਵੇਸ਼ਕਾਂ ਨੇ ਵੱਡੀ ਗਿਣਤੀ 'ਚ ਸ਼ੇਅਰ ਬਾਜ਼ਾਰ 'ਚ ਆਪਣਾ ਪੈਸਾ ਲਗਾਇਆ ਹੈ ਤੇ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ ਕਿ ਕਾਂਗਰਸ ਉਨ੍ਹਾਂ ਨੂੰ ਨੁਕਸਾਨ ਕਿਉਂ ਪਹੁੰਚਾਉਣਾ ਚਾਹੁੰਦੀ ਹੈ।

ਪ੍ਰਸਾਦ ਨੇ ਕਿਹਾ ਹੈ ਕਿ ਹਿੰਡਨਬਰਗ ਰਿਸਰਚ ਦਾ ਮੁੱਖ ਨਿਵੇਸ਼ਕ ਹੰਗਰੀ ਵਿਚ ਪੈਦਾ ਹੋਇਆ ਅਮਰੀਕੀ ਨਿਵੇਸ਼ਕ ਜਾਰਜ ਸੋਰੋਸ ਹੈ। ਸੋਰੋਸ ਭਾਰਤ ਵਿਰੁੱਧ ਲਗਾਤਾਰ ਪ੍ਰਾਪੇਗੰਡਾ ਕਰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਤੀ ਉਸ ਦੇ ਮਨ ਵਿਚ ਨਫਰਤ ਭਰੀ ਹੋਈ ਹੈ। ਕਾਂਗਰਸ ਉਸ ਦੇ ਮੁਤਾਬਕ ਚਲਦੀ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਭਾਜਪਾ ਨੇ ਸੋਰੋਸ ਨੂੰ ਕਾਂਗਰਸ ਨਾਲ ਜੋੜਿਆ ਹੈ। ਪਿਛਲੇ ਸਾਲ ਜੂਨ ਵਿਚ ਵੇਲੇ ਦੀ ਕੇਂਦਰੀ ਮੰਤਰੀ ਸਿਮਰਤੀ ਈਰਾਨੀ ਨੇ ਦੋਸ਼ ਲਾਇਆ ਸੀ ਕਿ ਰਾਹੁਲ ਦੇ ਸੋਰੋਸ ਨਾਲ ਸੰਬੰਧ ਹਨ।

ਸੋਰੋਸ ਤਕੜਾ ਬਿਜ਼ਨਸਮੈਨ, ਨਿਵੇਸ਼ਕ ਤੇ ਦਾਨੀ ਹੈ। ਉਸ ਦੀ ਦੌਲਤ 6.7 ਅਰਬ ਡਾਲਰ ਹੈ। ਫੋਰਬਸ ਮੁਤਾਬਕ ਉਹ ਦਿਲ ਖੋਲ੍ਹ ਕੇ ਸੰਸਥਾਵਾਂ ਨੂੰ ਦਾਨ ਕਰਦਾ ਹੈ। 94 ਸਾਲਾ ਸੋਰੋਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਪ੍ਰਗਤੀਸ਼ੀਲ ਤੇ ਉਦਾਰਵਾਦੀ ਮੰਤਵਾਂ ਦੀ ਹਮਾਇਤ ਕਰਦਾ ਹੈ ਤੇ ਓਪਨ ਸੁਸਾਇਟੀ ਫਾਊਂਡੇਸ਼ਨਜ਼ ਰਾਹੀਂ ਉਸ ਲਈ ਦਾਨ ਕਰਦਾ ਹੈ। 1979 ਤੋਂ 2011 ਤੱਕ ਉਸ ਨੇ 11 ਅਰਬ ਡਾਲਰ ਦਾਨ ਦਿੱਤੇ।

ਫਰਵਰੀ 2023 ਵਿਚ ਮਿਊਨਿਖ ਸਕਿਉਰਿਟੀ ਕਾਨਫਰੰਸ ਵਿਚ ਬੋਲਦਿਆਂ ਸੋਰੋਸ ਨੇ ਕਿਹਾ ਸੀ ਕਿ ਮੋਦੀ ਡੈਮੋਕਰੇਟ ਨਹੀਂ ਅਤੇ ਹਿੰਡਨਬਰਗ ਦੀ ਰਿਪੋਰਟ ਵਿਚ ਉਸ ਦੇ ਅਡਾਨੀ ਨਾਲ ਸੰਬੰਧਾਂ ਦੇ ਖੁਲਾਸੇ ਨਾਲ ਭਾਰਤ 'ਚ ਜਮਹੂਰੀਅਤ ਬਹਾਲ ਹੋਵੇਗੀ।

ਭਾਜਪਾ ਸਾਂਸਦ ਕੰਗਣਾ ਰਣੌਤ ਨੇ ਹਿੰਡਨਬਰਗ ਮਾਮਲੇ ਵਿਚ ਐਂਟਰੀ ਕਰਦਿਆਂ ਕਿਹਾ ਹੈ ਕਿ ਰਾਹੁਲ ਗਾਂਧੀ ਸਭ ਤੋਂ ਖਤਰਨਾਕ, ਜ਼ਹਿਰੀਲੇ ਤੇ ਤਬਾਹਕਾਰੀ ਵਿਅਕਤੀ ਹਨ। ਰਾਹੁਲ ਗਾਂਧੀ ਦੇਸ਼ ਦੀ ਸੁਰੱਖਿਆ ਤੇ ਅਰਥ ਵਿਵਸਥਾ ਨੂੰ ਅਸਥਿਰ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ। ਉਹ ਪੂਰੀ ਜ਼ਿੰਦਗੀ ਆਪੋਜ਼ੀਸ਼ਨ ਵਿਚ ਬੈਠਣ ਲਈ ਤਿਆਰ ਰਹਿਣ। ਲੋਕ ਕਦੇ ਵੀ ਉਨ੍ਹਾ ਨੂੰ ਆਪਣਾ ਨੇਤਾ ਨਹੀਂ ਮੰਨਣਗੇ, ਕਿਉਂਕਿ ਉਹ ਕਲੰਕ ਹਨ।

ਕਾਂਗਰਸ ਨੇ ਸੋਮਵਾਰ ਸੇਬੀ ਦੀ ਚੇਅਰਪਰਸਨ ਮਾਧਵੀ ਬੁੱਚ ਦੇ ਅਸਤੀਫੇ ਦੀ ਮੰਗ ਕੀਤੀ ਅਤੇ ਅਪੀਲ ਕੀਤੀ ਹੈ ਕਿ ਸੁਪਰੀਮ ਕੋਰਟ 'ਸੇਬੀ ਨਾਲ ਗੰਢਤੁਪ ਦੀ ਸੰਭਾਵਨਾ' ਨੂੰ ਦੇਖਦੇ ਹੋਏ ਅਡਾਨੀ ਦੀ ਜਾਂਚ ਸੀ ਬੀ ਆਈ ਜਾਂ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪੇ। ਕਾਂਗਰਸ ਦਾ ਇਹ ਬਿਆਨ ਸੇਬੀ ਦੇ ਬਿਆਨ ਤੋਂ ਇੱਕ ਦਿਨ ਬਾਅਦ ਆਇਆ ਹੈ, ਜਦੋਂ ਸੇਬੀ ਨੇ ਕਿਹਾ ਕਿ ਅਡਾਨੀ ਸਮੂਹ ਦੇ ਖਿਲਾਫ ਦੋਸ਼ਾਂ ਦੀ 'ਢੁਕਵੀਂ ਜਾਂਚ' ਕੀਤੀ ਗਈ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਸੇਬੀ ਲੰਮੇ ਸਮੇਂ ਤੋਂ ਇੱਕ ਭਰੋਸੇਯੋਗ ਗਲੋਬਲ ਵਿੱਤੀ ਮਾਰਕੀਟ ਰੈਗੂਲੇਟਰ ਮੰਨਿਆ ਜਾਂਦਾ ਹੈ, ਪਰ ਹੁਣ ਜਾਂਚ ਦੇ ਘੇਰੇ 'ਚ ਹੈ।

# ਸਰਕਾਰਾਂ ਦੀਆਂ ਵੱਡੇ ਪੂੰਜੀਪਤੀਆਂ ਪੱਖੀ ਨੀਤੀਆਂ ਕਰਕੇ ਪੰਜਾਬ ਉਜੜ ਰਿਹੈ : ਸੀ ਪੀ ਆਈ





**ਚੰਡੀਗੜ੍ਹ** : ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਕੇਂਦਰੀ ਸੱਤਾਧਾਰੀ ਪਾਰਟੀਆਂ ਨਾਲ ਮਿਲ ਕੇ ਵੱਡੇ ਪੂੰਜੀਪਤੀਆਂ ਦੇ ਮੁਫਾਦਾਂ ਲਈ ਕੰਮ ਕਰਕੇ ਪੰਜਾਬ ਦੀ ਪ੍ਰਗਤੀ ਵਾਸਤੇ ਕੋਈ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਹੀਂ ਵਿਖਾਈ। ਅਜੋਕੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਉਹਨਾਂ ਰਸਤਿਆਂ 'ਤੇ ਚੱਲ ਕੇ ਪੰਜਾਬ ਨੂੰ ਅਤਿ ਕਮਜ਼ੋਰ ਪ੍ਰਸਥਿਤੀਆਂ ਵਿਚ ਧੱਕ ਦਿੱਤਾ ਹੈ। ਇਥੇ ਹੋਈ ਪੰਜਾਬ ਸੂਬਾ ਕੌਂਸਲ ਦੀ ਮੀਟਿੰਗ, ਜਿਸ ਦੀ ਪ੍ਰਧਾਨਗੀ ਨਿਰਮਲ ਸਿੰਘ ਧਾਲੀਵਾਲ ਨੇ ਕੀਤੀ, 'ਚ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਇਹ ਦੇਸ਼ ਦੀ ਖੇਤੀ ਉਪਜ ਵਿਚ ਸਭ ਤੋਂ ਵੱਡਾ ਹਿੱਸਾ ਪਾ ਰਿਹਾ ਹੈ, ਪਰ ਖੇਤੀ ਉਪਜਾਂ ਦੇ ਲਾਹੇਵੰਦ ਭਾਅ ਨਾ ਹੋਣ ਕਾਰਨ ਕਿਸਾਨ ਅਤੇ ਸਮੁੱਚਾ ਪੇਂਡੂ ਸਮਾਜ ਗੰਭੀਰ ਆਰਥਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ।

ਵਰਤਮਾਨ ਸਰਕਾਰ ਦੀਆਂ ਨੀਤੀਆਂ ਕਾਰਨ ਕੁਰੱਪਸ਼ਨ, ਨਸ਼ਾ ਅਤੇ ਜ਼ਮੀਨ ਮਾਫੀਆ, ਗੈਂਗਸਟਰਾਂ ਤੇ ਰੇਤ, ਬੱਜਰੀ ਮਾਫੀਏ ਦੀ ਮਾਰ ਹੇਠਾਂ ਆਏ ਸੂਬੇ ਵਿਚ ਅਮਨ-ਕਾਨੂੰਨ ਵਰਗੀ ਕੋਈ ਚੀਜ਼ ਨਹੀਂ। ਨੌਕਰਸ਼ਾਹੀ, ਪੁਲਸ ਅਤੇ ਸੱਤਾਧਾਰੀ ਸ਼ਕਤੀਆਂ ਦੇ ਸ਼ਕਤੀਸ਼ਾਲੀ ਗਠਜੋੜ ਨੇ ਪ੍ਰਾਂਤ ਵਿਚ ਲੁੱਟ ਮਚਾਈ ਹੋਈ ਹੈ। ਵਿਦਿਆ ਤੇ ਸਿਹਤ ਸੇਵਾਵਾਂ ਨਕਾਰਾ ਹੋਈਆਂ ਪਈਆਂ ਹਨ ਅਤੇ ਸਨਅਤੀ ਖੇਤਰ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਪਿਆ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਕਾਰਨ ਲੋਕਾਂ ਦਾ ਜੀਵਨ ਦੁੱਭਰ ਹੋਇਆ ਪਿਆ ਹੈ ਤੇ ਪੰਜਾਬ ਦੀ ਜਵਾਨੀ ਨਕਲੀ ਅਤੇ ਠੱਗ ਏਜੰਟਾਂ ਦੇ ਚੁੰਗਲ ਵਿਚ ਫਸ ਕੇ ਬਾਹਰ ਜਾ ਕੇ ਰੁਜ਼ਗਾਰ ਦੀ ਤਲਾਸ਼ ਵਿਚ ਠੋਕਰਾਂ ਖਾ ਰਹੀ ਹੈ।

ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਡੇ ਘਰਾਣਿਆਂ ਦੀ ਸੇਵਾ ਵਿਚ ਸਾਰੇ ਦੇਸ਼ ਦੀ ਪੂੰਜੀ ਲੁਟਾ ਰਹੀ ਹੈ ਤੇ ਰਾਜਨੀਤਕ ਵਾਤਾਵਰਣ ਵਿਚ ਫਿਰਕੂ ਜ਼ਹਿਰ ਘੋਲਣ ਵਿਚ ਲੱਗੀ ਹੋਈ ਹੈ। ਚਿਰਾਂ ਤੋਂ ਲਟਕਦੀਆਂ ਪੰਜਾਬ ਦੀਆਂ ਅਹਿਮ ਮੰਗਾਂ, ਜਿਵੇਂ ਚੰਡੀਗੜ੍ਹ, ਪਾਣੀਆਂ, ਡੈਮਾਂ ਦੇ ਹੈੱਡ ਵਰਕਸਾਂ, ਖੇਤੀ ਉਪਜਾਂ ਦੇ ਲਾਹੇਵੰਦ ਭਾਅ, ਕਿਸਾਨੀ ਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ, ਪੰਜਾਬੀ ਨੂੰ ਗੁਆਂਢੀ ਪ੍ਰਦੇਸ਼ਾਂ ਅਤੇ ਚੰਡੀਗੜ੍ਹ ਵਿਚ ਉਚਿਤ ਸਥਾਨ, ਸਨਅਤਾਂ ਨੂੰ ਬਚਾਉਣ ਲਈ ਗੁਆਂਢੀਆਂ ਪ੍ਰਾਂਤਾਂ ਵਾਲੀਆਂ ਸਹੂਲਤਾਂ ਅਤੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਨੂੰ ਵਿਸ਼ੇਸ਼ ਪੈਕੇਜ ਅਤੇ ਰੁਜ਼ਗਾਰ ਪ੍ਰਦਾਨ ਕਰਨ ਲਈ ਵਿਸ਼ੇਸ਼ ਸਾਧਨ ਕਾਇਮ ਕਰਨ ਆਦਿ ਅਨੇਕਾਂ ਮਸਲਿਆਂ 'ਤੇ ਕੇਂਦਰ ਸਰਕਾਰ ਟਾਲ-ਮਟੋਲ ਦੀਆਂ ਨੀਤੀਆਂ ਅਪਣਾ ਰਹੀ ਹੈ।

ਤੀਜੀ ਅਤੇ ਛੇਵੀਂ ਜਮਾਤ ਦੇ ਪਾਠਕ੍ਰਮਾਂ ਵਿਚ ਸੰਵਿਧਾਨ ਦੇ ਪ੍ਰੀਐਂਬਲ ਨੂੰ ਕੱਢਣਾ ਕੇਂਦਰ ਸਰਕਾਰ ਦੇ ਸੰਵਿਧਾਨ ਵਿਰੋਧੀ ਚਰਿੱਤਰ ਨੂੰ ਪ੍ਰਗਟ ਕਰਦਾ ਹੈ। ਮਤੇ ਰਾਹੀਂ ਮੰਗ ਕੀਤੀ ਗਈ ਕਿ ਪ੍ਰੀਐਂਬਲ ਨੂੰ ਪਾਠਕ੍ਰਮਾਂ ਵਿਚ ਬਹਾਲ ਕੀਤਾ ਜਾਵੇ। ਇਕ ਹੋਰ ਮਤੇ ਮੰਗ ਕੀਤੀ ਗਈ ਕਿ ਤਿੰਨ ਫੌਜਦਾਰੀ ਕਾਨੂੰਨਾਂ ਵਿਚ ਇਕਪਸਾੜ ਅਤੇ ਧੱਕੇਸ਼ਾਹੀ ਵਰਤ ਕੇ ਕੀਤੀਆਂ ਗਈਆਂ ਤਰਮੀਮਾਂ, ਜਿਸ ਰਾਹੀਂ ਸਰਕਾਰ ਦੇਸ਼ ਵਿਚ ਪੁਲਸ ਰਾਜ ਸਥਾਪਤ ਕਰਕੇ ਵਿਰੋਧੀ ਧਿਰ ਅਤੇ ਨਾਗਰਿਕਾਂ ਦੇ ਜਮਹੂਰੀ ਅਧਿਕਾਰਾਂ ਨੂੰ ਖਤਮ ਕਰਨਾ ਚਾਹੁੰਦੀ ਹੈ, ਨੂੰ ਫੌਰਨ ਵਾਪਸ ਲਿਆ ਜਾਵੇ। ਪੰਜਾਬ ਸੀ ਪੀ ਆਈ ਨੇ ਇਹਨਾਂ ਮੁੱਦਿਆਂ 'ਤੇ ਜ਼ੋਰਦਾਰ ਅੰਦੋਲਨ ਚਲਾਉਣ ਦਾ ਫੈਸਲਾ ਲਿਆ ਹੈ ਅਤੇ ਸਾਰੀਆਂ ਜਮਹੂਰੀ ਅਤੇ ਪੰਜਾਬ ਹਿਤੈਸ਼ੀ ਸ਼ਕਤੀਆਂ ਨੂੰ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਕੌਂਸਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੀਂਹ ਨਾਲ ਬਰਬਾਦ ਹੋਈਆਂ ਫਸਲਾਂ ਦਾ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

# ਸੁਪਰੀਮ ਕੋਰਟ ਕੇਜਰੀਵਾਲ ਦੀ ਜ਼ਮਾਨਤ ਪਟੀਸ਼ਨ ਸੁਣਨ ਲਈ ਤਿਆਰ

**ਨਵੀਂ ਦਿੱਲੀ** : ਕਥਿਤ ਆਬਕਾਰੀ ਨੀਤੀ ਘੁਟਾਲੇ ਤੋਂ ਪੈਦਾ ਹੋਏ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਸੀ ਬੀ ਆਈ ਵੱਲੋਂ ਗ੍ਰਿਫਤਾਰੀ ਨੂੰ ਬਰਕਰਾਰ ਰੱਖਣ ਦੇ ਦਿੱਲੀ ਹਾਈ ਕੋਰਟ ਦੇ ਹੁਕਮਾਂ ਦੇ ਵਿਰੁੱਧ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ ਨੂੰ ਸੁਪਰੀਮ ਕੋਰਟ ਨੇ ਸੋਮਵਾਰ ਸੁਣਵਾਈ ਲਈ ਸੂਚੀਬੱਧ ਕਰਨ ਅਤੇ ਵਿਚਾਰ ਕਰਨ ਲਈ ਸਹਿਮਤੀ ਦੇ ਦਿੱਤੀ। ਦਿੱਲੀ ਹਾਈ ਕੋਰਟ ਨੇ 5 ਅਗਸਤ ਨੂੰ ਮੁੱਖ ਮੰਤਰੀ ਦੀ ਗ੍ਰਿਫਤਾਰੀ ਨੂੰ ਕਾਨੂੰਨੀ ਮੰਨਿਆ ਸੀ ਅਤੇ ਕਿਹਾ ਸੀ ਕਿ ਸੀ ਬੀ ਆਈ ਦੀਆਂ ਕਾਰਵਾਈਆਂ 'ਚ ਕੋਈ ਬਦਨੀਅਤੀ ਨਹੀਂ ਹੈ।

ਕੇਜਰੀਵਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਅੱਗੇ ਤੁਰੰਤ ਸੂਚੀਬੱਧ ਕਰਨ ਲਈ ਪਟੀਸ਼ਨ ਦਾ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਪੀ ਐੱਮ ਐੱਲ ਏ (ਮਨੀ ਲਾਂਡਰਿੰਗ ਰੋਕੂ ਕਾਨੂੰਨ) ਤਹਿਤ ਹੋਰ ਮੁਲਜ਼ਮਾਂ ਦੀਆਂ ਜ਼ਮਾਨਤ ਪਟੀਸ਼ਨਾਂ ਪਹਿਲਾਂ ਹੀ ਸੁਣਵਾਈ ਲਈ ਸੂਚੀਬੱਧ ਹਨ।

ਇਸੇ ਦੌਰਾਨ ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਘੁਟਾਲੇ ਨਾਲ ਜੁੜੇ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ ਬੀ ਆਰ ਐੱਸ ਆਗੂ ਕੇ ਕਵਿਤਾ ਦੀ ਜ਼ਮਾਨਤ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੀ ਬੀ ਆਈ ਅਤੇ ਈ ਡੀ ਤੋਂ ਜਵਾਬ ਮੰਗਿਆ ਹੈ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਨੇ ਇਨ੍ਹਾਂ ਮਾਮਲਿਆਂ 'ਚ ਉਨ੍ਹਾਂ ਦੀ ਜ਼ਮਾਨਤ ਰੱਦ ਕਰਨ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਕਵਿਤਾ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਨ ਲਈ ਸਹਿਮਤੀ ਦਿੱਤੀ ਅਤੇ ਮਾਮਲੇ ਦੀ ਅਗਲੀ ਸੁਣਵਾਈ 20 ਅਗਸਤ 'ਤੇ ਪਾ ਦਿੱਤੀ।

## ਤਿਹਾੜ ਜੇਲ੍ਹ ਦੇ ਸੁਪਰਡੈਂਟ ਦੀ ਕੇਜਰੀਵਾਲ ਨੂੰ ਨਸੀਹਤ

**ਨਵੀਂ ਦਿੱਲੀ** : ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੇ ਅਰਵਿੰਦ ਕੇਜਰੀਵਾਲ ਨੂੰ ਕਿਹਾ ਹੈ ਕਿ ਉਨ੍ਹਾ ਵੱਲੋਂ ਉਪ ਰਾਜਪਾਲ ਵੀ ਕੇ ਸਕਸੈਨਾ ਨੂੰ ਦਿੱਲੀ ਦੀ ਕੈਬਨਿਟ ਮੰਤਰੀ ਆਤਿਸ਼ੀ ਦੇ 15 ਅਗਸਤ ਦੌਰਾਨ ਝੰਡਾ ਲਹਿਰਾਉਣ ਬਾਰੇ ਲਿਖਿਆ ਪੱਤਰ ਜੇਲ੍ਹ ਨਿਯਮਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਦੁਰਵਰਤੋਂ ਹੈ। ਤਿਹਾੜ ਜੇਲ੍ਹ ਨੰਬਰ 2 ਦੇ ਸੁਪਰਡੈਂਟ ਨੇ ਦਿੱਲੀ ਜੇਲ੍ਹ ਨਿਯਮ 2018 ਦਾ ਹਵਾਲਾ ਦਿੰਦਿਆਂ ਕੇਜਰੀਵਾਲ ਨੂੰ ਪੱਤਰ ਲਿਖ ਕੇ ਸਲਾਹ ਦਿੱਤੀ ਹੈ ਕਿ ਅਜਿਹੀਆਂ ਗਤੀਵਿਧੀਆਂ ਤੋਂ ਦੂਰ ਰਿਹਾ ਜਾਵੇ, ਨਹੀਂ ਤਾਂ ਉਨ੍ਹਾ ਦੇ ਵਿਸ਼ੇਸ਼ ਅਧਿਕਾਰਾਂ ਵਿਚ ਕਟੌਤੀ ਕਰ ਦਿੱਤੀ ਜਾਵੇਗੀ।

ਕੇਜਰੀਵਾਲ ਨੇ ਉਪ ਰਾਜਪਾਲ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਦਿੱਲੀ ਸਰਕਾਰ ਦੇ ਅਜ਼ਾਦੀ ਦਿਵਸ ਸਮਾਰੋਹ ਵਿਚ ਉਨ੍ਹਾ ਦੀ ਜਗ੍ਹਾ ਕੈਬਨਿਟ ਮੰਤਰੀ ਆਤਿਸ਼ੀ ਵੱਲੋਂ ਝੰਡਾ ਲਹਿਰਾਇਆ ਜਾਵੇਗਾ। ਹਾਲਾਂਕਿ ਉਪ ਰਾਜਪਾਲ ਦੇ ਦਫਤਰ ਨੇ ਅਜਿਹਾ ਕੋਈ ਪੱਤਰ ਮਿਲਣ ਦੀ ਗੱਲ ਤੋਂ ਇਨਕਾਰ ਕੀਤਾ ਹੈ।

## ਭਲਕੇ ਕੈਬਨਿਟ ਮੀਟਿੰਗ

**ਚੰਡੀਗੜ੍ਹ** : ਪੰਜਾਬ ਕੈਬਨਿਟ ਦੀ ਮੀਟਿੰਗ 14 ਅਗਸਤ ਨੂੰ ਮੁੱਖ ਮੰਤਰੀ ਦੀ ਚੰਡੀਗੜ੍ਹ ਵਿਚਲੀ ਰਿਹਾਇਸ਼ 'ਤੇ ਹੋਵੇਗੀ। ਪ੍ਰਾਪਤ ਜਾਣਕਾਰੀ ਮੁਤਾਬਕ ਮੀਟਿੰਗ ਦੇ ਏਜੰਡੇ ਬਾਰੇ ਵੇਰਵੇ ਬਾਅਦ 'ਚ ਜਾਰੀ ਕੀਤੇ ਜਾਣਗੇ।

## ਡਾਕਟਰਾਂ ਦੀ ਹੜਤਾਲ

**ਕੋਲਕਾਤਾ** : ਇੱਥੇ ਮਹਿਲਾ ਡਾਕਟਰ ਦੇ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਖਿਲਾਫ ਸੋਮਵਾਰ ਨੂੰ ਸਰਕਾਰੀ ਡਾਕਟਰਾਂ ਵੱਲੋਂ ਦੇਸ਼-ਭਰ 'ਚ ਰੋਸ ਪ੍ਰਦਰਸ਼ਨ ਕੀਤੇ ਗਏ। ਜਿਸ ਹਸਪਤਾਲ 'ਚ ਇਹ ਘਟਨਾ ਵਾਪਰੀ ਸੀ, ਉਸ ਦੇ ਪ੍ਰਿੰਸੀਪਲ ਨੇ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਅਸਤੀਫਾ ਦੇ ਦਿੱਤਾ ਹੈ। ਇਸੇ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਮਵਾਰ ਕਿਹਾ ਕਿ ਜੇ ਪੁਲਸ ਡਾਕਟਰ ਕਤਲ ਮਾਮਲੇ ਨੂੰ ਸੁਲਝਾਉਣ 'ਚ ਐਤਵਾਰ ਤੱਕ ਅਸਫਲ ਰਹੀ ਤਾਂ ਸਰਕਾਰ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦੇਵੇਗੀ। ਬੈਨਰਜੀ ਨੇ ਇਹ ਵੀ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਸ ਕੇਸ ਦੀ ਸੁਣਵਾਈ ਫਾਸਟ ਟਰੈਕ ਅਦਾਲਤ 'ਚ ਹੋਵੇ।

## ਕੂੜੇ ਦਾ ਢੇਰ ਢਹਿਣ ਨਾਲ 8 ਮੌਤਾਂ

**ਕੰਪਾਲਾ** : ਯੁਗਾਂਡਾ ਦੀ ਰਾਜਧਾਨੀ ਕੰਪਾਲਾ 'ਚ ਕੂੜੇ ਦਾ ਢੇਰ ਢਹਿਣ ਕਾਰਨ 2 ਬੱਚਿਆਂ ਸਣੇ 8 ਵਿਅਕਤੀਆਂ ਦੀ ਮੌਤ ਹੋ ਗਈ ਤੇ 14 ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿੱਚ ਦੋ ਬੱਚੇ ਵੀ ਸ਼ਾਮਲ ਹਨ। ਮ੍ਰਿਤਕਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

## 7 ਕਾਂਵੜੀਆਂ ਦੀ ਮੌਤ

**ਜਹਾਨਾਬਾਦ** : ਬਿਹਾਰ ਦੇ ਜਹਾਨਾਬਾਦ ਜ਼ਿਲ੍ਹੇ ਦੇ ਬਾਬਾ ਸਿੱਧੇਸ਼ਵਰ ਨਾਥ ਮੰਦਰ 'ਚ ਐਤਵਾਰ ਦੇਰ ਰਾਤ ਭਗਦੜ ਮਚਣ ਕਾਰਨ 7 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 16 ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਜ਼ਿਆਦਾਤਰ ਕਾਂਵੜੀਏ ਸਨ।

## ਸਿਸੋਦੀਆ ਨੇ ਹਾਜ਼ਰੀ ਭਰੀ

**ਨਵੀਂ ਦਿੱਲੀ** : ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਸੁਪਰੀਮ ਕੋਰਟ ਵੱਲੋਂ ਤੈਅ ਜ਼ਮਾਨਤ ਦੀਆਂ ਸ਼ਰਤਾਂ ਦਾ ਪਾਲਣ ਕਰਦੇ ਹੋਏ ਸੋਮਵਾਰ ਸਵੇਰੇ ਈ ਡੀ ਅਤੇ ਸੀ ਬੀ ਆਈ ਦੇ ਦਫਤਰਾਂ 'ਚ ਜਾ ਕੇ ਆਪਣੀ ਹਾਜ਼ਰੀ ਦਰਜ ਕਰਵਾਈ। ਸੁਪਰੀਮ ਕੋਰਟ ਨੇ ਸਵੇਰੇ 10 ਤੋਂ 11 ਵਜੇ ਦਰਮਿਆਨ ਦੋਵਾਂ ਜਾਂਚ ਏਜੰਸੀਆਂ ਦੇ ਦਫਤਰਾਂ 'ਚ ਜਾ ਕੇ ਆਪਣੇ ਜਾਂਚ ਅਧਿਕਾਰੀ ਦੇ ਸਾਹਮਣੇ ਹਾਜ਼ਰੀ ਦਰਜ ਕਰਵਾਉਣ ਦੇ ਹੁਕਮ ਦਿੱਤੇ ਸਨ।

# ਸ਼ੰਭੂ ਬਾਰਡਰ ਖੁੱਲ੍ਹਵਾਉਣ ਲਈ ਪੰਜਾਬ ਤੇ ਹਰਿਆਣਾ ਦੇ ਪੁਲਸ ਮੁਖੀਆਂ ਦੀ ਮੀਟਿੰਗ ਇਸੇ ਹਫਤੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੰਭੂ ਬਾਰਡਰ 'ਤੇ ਹਾਈਵੇਅ ਅੰਸ਼ਕ ਤੌਰ 'ਤੇ ਖੋਲ੍ਹਣ ਲਈ ਪੰਜਾਬ ਅਤੇ ਹਰਿਆਣਾ ਦੇ ਪੁਲਸ ਮੁਖੀਆਂ ਨੂੰ ਗੁਆਂਢੀ ਜ਼ਿਲ੍ਹਿਆਂ ਪਟਿਆਲਾ ਅਤੇ ਅੰਬਾਲਾ ਦੇ ਐੱਸ ਐੱਸ ਪੀਜ਼ ਨਾਲ ਇਕ ਹਫਤੇ ਦੇ ਅੰਦਰ ਮੀਟਿੰਗ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਸੋਮਵਾਰ ਹਰਿਆਣਾ ਸਰਕਾਰ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ 'ਚ ਅੰਬਾਲਾ ਨੇੜੇ ਸ਼ੰਭੂ ਬਾਰਡਰ 'ਤੇ ਲਗਾਏ ਗਏ ਬੈਰੀਕੇਡ ਨੂੰ ਇਕ ਹਫਤੇ ਦੇ ਅੰਦਰ-ਅੰਦਰ ਹਟਾਉਣ ਲਈ ਕਿਹਾ ਗਿਆ ਸੀ। ਕਿਸਾਨ ਸ਼ੰਭੂ ਬਾਰਡਰ 'ਤੇ 13 ਫਰਵਰੀ ਤੋਂ ਡੇਰਾ ਲਾਈ ਬੈਠੇ ਹਨ। ਅਦਾਲਤ ਨੇ ਪੰਜਾਬ ਸਰਕਾਰ ਨੂੰ ਸ਼ੰਭੂ ਬਾਰਡਰ 'ਤੇ ਬੈਠੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੜਕ ਤੋਂ ਟਰੈਕਟਰ ਹਟਾਉਣ ਲਈ ਮਨਾਉਣ ਦੇ ਹੁਕਮ ਦਿੰਦਿਆਂ ਕਿਹਾ ਕਿ ਹਾਈਵੇਅ ਪਾਰਕਿੰਗ ਲਈ ਨਹੀਂ ਹੈ।

ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਉਜਲ ਭੂਈਆਂ ਦੀ ਬੈਂਚ ਨੇ ਇਕ ਕਮੇਟੀ ਦਾ ਗਠਨ ਕਰਨ ਲਈ ਗੈਰ-ਰਾਜਨੀਤਕ ਨਾਵਾਂ ਦਾ ਸੁਝਾਅ ਦੇਣ ਲਈ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਸਰਾਹਿਆ।

ਇਹ ਕਮੇਟੀ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਬੈਠਕਾਂ ਕਰੇਗੀ। ਬੈਂਚ ਨੇ ਕਿਹਾ ਕਿ ਐਂਬੂਲੈਂਸ, ਜ਼ਰੂਰੀ ਸੇਵਾਵਾਂ, ਉਮਰ ਦਰਾਜ ਵਿਅਕਤੀਆਂ, ਮਹਿਲਾਵਾਂ, ਵਿਦਿਆਰਥੀਆਂ ਅਤੇ ਆਸ-ਪਾਸ ਦੇ ਲੋਕਾਂ ਦੀ ਆਵਾਜਾਈ ਲਈ ਸ਼ੰਭੂ ਬਾਰਡਰ 'ਤੇ ਸੜਕ ਨੂੰ ਅੰਸ਼ਕ ਰੂਪ ਵਿਚ ਖੋਲ੍ਹਣ ਦੀ ਲੋੜ ਹੈ। ਬੈਂਚ ਨੇ ਕਿਹਾ-ਅਸੀਂ ਸ਼ੰਭੂ ਬਾਰਡਰ 'ਤੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਗਠਿਤ ਕੀਤੀ ਜਾਣ ਵਾਲੀ ਕਮੇਟੀ ਦੀਆਂ ਸ਼ਰਤਾਂ 'ਤੇ ਸੰਖੇਪ ਆਦੇਸ਼ ਦੇਵਾਂਗੇ।

## ਬੰਗਲਾਦੇਸ਼ੀ ਤਸਕਰ ਮਾਰਿਆ

**ਕੋਲਕਾਤਾ** : ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਵਿਚ ਭਾਰਤ-ਬੰਗਲਾਦੇਸ਼ ਸੀਮਾ 'ਤੇ ਤਸਕਰਾਂ ਦੇ ਗਰੁੱਪ ਵੱਲੋਂ ਬੀ ਐੱਸ ਐੱਫ ਦੇ ਜਵਾਨ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਜਵਾਬੀ ਗੋਲੀਬਾਰੀ ਵਿਚ ਇਕ ਤਸਕਰ ਮਾਰਿਆ ਗਿਆ। ਜਵਾਨ ਨੇ ਸਮਾਨ ਸਮੇਤ ਭਾਰਤੀ ਖੇਤਰ ਤੋਂ ਬੰਗਲਾਦੇਸ਼ ਵੱਲ ਜਾਣ ਮੌਕੇ ਕੁਝ ਵਿਅਕਤੀਆਂ ਨੂੰ ਰੋਕਿਆ, ਪਰ ਉਥੇ ਲੁਕੇ ਇਕ ਗਰੁੱਪ ਨੇ ਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਜਵਾਨ ਵੱਲੋਂ ਕੀਤੀ ਗੋਲੀਬਾਰੀ ਦੌਰਾਨ ਇਕ ਤਸਕਰ ਜ਼ਖ਼ਮੀ ਹੋ ਗਿਆ ਅਤੇ ਬਾਕੀ ਹਨੇਰੇ ਦਾ ਫਾਇਦਾ ਉਠਾਉਂਦਿਆਂ ਭੱਜਣ ਵਿਚ ਕਾਮਯਾਬ ਰਹੇ। ਜ਼ਖ਼ਮੀ ਤਸਕਰ ਦੀ ਇਲਾਜ ਦੌਰਾਨ ਮੌਤ ਹੋ ਗਈ, ਜਿਸਦੀ ਪਛਾਣ ਬੰਗਲਾਦੇਸ਼ ਦੇ ਚਪਈ ਨਵਾਬਗੰਜ ਜ਼ਿਲ੍ਹੇ ਦੇ ਰਿਸਪਾਰ ਵਾਸੀ ਅਬਦੁੱਲਾ ਵਜੋਂ ਹੋਈ ਹੈ।

# ਸੀ ਪੀ ਆਈ ਨੇ ਬੰਗਲਾਦੇਸ਼ 'ਚ ਘੱਟ ਗਿਣਤੀਆਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟਾਈ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰੇਤ ਨੇ ਕਿਹਾ ਕਿ ਸੀ ਪੀ ਆਈ ਨੇ ਸ਼ੇਖ ਹਸੀਨਾ ਸਰਕਾਰ ਦੇ ਖਾਤਮੇ ਤੋਂ ਬਾਅਦ ਬੰਗਲਾਦੇਸ਼ ਵਿੱਚ ਘੱਟ ਗਿਣਤੀ ਭਾਈਚਾਰਿਆਂ 'ਤੇ ਹਮਲਿਆਂ ਦਾ ਨੋਟਿਸ ਲਿਆ ਹੈ ਅਤੇ ਆਪਣੀ ਗੰਭੀਰ ਚਿੰਤਾ ਪ੍ਰਗਟਾਈ ਹੈ। ਪਾਰਟੀ ਨੇ ਜਾਰੀ ਬਿਆਨ 'ਚ ਕਿਹਾ ਕਿ ਇਹ ਸਪੱਸ਼ਟ ਹੈ ਕਿ ਕੁਝ ਕੱਟੜਪੰਥੀ ਸਮੂਹ ਵਿਦਿਆਰਥੀਆਂ ਦੇ ਵਿਰੋਧ ਦੇ ਮੱਦੇਨਜ਼ਰ ਆਪਣੇ ਫਿਰਕੂ ਅਤੇ ਫੁੱਟ-ਪਾਊ ਏਜੰਡੇ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਮੌਜੂਦਾ ਸਰਕਾਰ ਦਾ ਅਸਤੀਫਾ ਹੋਇਆ ਹੈ। ਸੀ ਪੀ ਆਈ ਉਮੀਦ ਕਰਦੀ ਹੈ ਕਿ ਅੰਤਰਮ ਸਰਕਾਰ ਅਜਿਹੇ ਅਨਸਰਾਂ ਵਿਰੁੱਧ ਗੰਭੀਰਤਾ ਨਾਲ ਕਾਰਵਾਈ ਕਰੇਗੀ, ਜੋ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹਨ ਅਤੇ ਸਦਭਾਵਨਾ ਦੀ ਕਾਇਮੀ ਨੂੰ ਯਕੀਨੀ ਬਣਾਉਣ ਲਈ ਭਰੋਸੇ ਦੇ ਨਿਰਮਾਣ ਦੇ ਉਪਾਅ ਕਰੇਗੀ। ਪ੍ਰੋ. ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਮ ਸਰਕਾਰ ਨੂੰ ਧਰਮ ਨਿਰਪੱਖ ਜਮਹੂਰੀਅਤ ਦੀ ਮਰਿਆਦਾ ਅਨੁਸਾਰ ਹਿੰਦੂਆਂ, ਈਸਾਈਆਂ, ਨਸਲੀ ਘੱਟ-ਗਿਣਤੀਆਂ ਅਤੇ ਗੈਰ-ਵਿਸ਼ਵਾਸੀ ਲੋਕਾਂ ਸਮੇਤ ਸਾਰੀਆਂ ਧਾਰਮਕ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਕੱਟੜਪੰਥੀ ਤਾਕਤਾਂ ਨੂੰ ਬੰਗਲਾਦੇਸ਼ ਦੇ ਮੁਕਤੀ ਸੰਘਰਸ਼ ਦੀ ਸੰਮਲਿਤ ਵਿਰਾਸਤ 'ਤੇ ਹਾਵੀ ਨਹੀਂ ਹੋਣਾ ਚਾਹੀਦਾ, ਜਿੱਥੇ ਸਾਰੇ ਭਾਈਚਾਰਿਆਂ ਨੇ ਮਿਲ ਕੇ ਲੜਿਆ ਸੀ। ਸੀ ਪੀ ਆਈ ਬੰਗਲਾਦੇਸ਼ ਦੀਆਂ ਧਰਮ ਨਿਰਪੱਖ, ਜਮਹੂਰੀ ਅਤੇ ਖੱਬੀਆਂ ਸ਼ਕਤੀਆਂ ਨੂੰ ਵੀ ਅਪੀਲ ਕਰਦੀ ਹੈ ਕਿ ਉਹ ਕੱਟੜਪੰਥੀ ਤਾਕਤਾਂ ਦੁਆਰਾ ਲੋਕ-ਰੋਹ ਨੂੰ ਵਧਣ ਤੋਂ ਰੋਕਣ ਅਤੇ ਫਿਰਕੂ ਸਦਭਾਵਨਾ ਲਈ ਕੰਮ ਕਰਨ। ਸੀ ਪੀ ਆਈ ਭਾਰਤ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਇਹ ਮਾਮਲਾ ਢੁਕਵੇਂ ਅਧਿਕਾਰੀਆਂ ਕੋਲ ਉਠਾਇਆ ਜਾਵੇ, ਤਾਂ ਜੋ ਹਿੰਸਾ ਨੂੰ ਵਧਣ ਤੋਂ ਰੋਕਿਆ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਗੁਆਂਢੀ ਦੇਸ਼ ਵਿੱਚ ਘੱਟ ਗਿਣਤੀਆਂ ਸੁਰੱਖਿਅਤ ਰਹਿਣ। ਪਾਰਟੀ ਨੇ ਬੰਗਲਾਦੇਸ਼ ਦੀ ਸਥਿਤੀ ਨੂੰ ਭਾਰਤ ਵਿੱਚ ਫਿਰਕੂ ਧਰੁਵੀਕਰਨ ਲਈ ਵਰਤਣ ਦੀਆਂ ਕੋਸ਼ਿਸ਼ਾਂ ਵਿਰੁੱਧ ਵੀ ਚੇਤਾਵਨੀ ਦਿੱਤੀ ਹੈ। ਭਾਰਤ ਸਰਕਾਰ ਅਤੇ ਸਾਰੀਆਂ ਧਰਮ ਨਿਰਪੱਖ-ਜਮਹੂਰੀ ਤਾਕਤਾਂ ਨੂੰ ਭਾਰਤ ਵਿੱਚ ਫਿਰਕੂ ਤਣਾਅ ਨੂੰ ਵਧਾਉਣ ਦੀ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਨਾਕਾਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

# 500 ਰੁਪਏ ਦੇ ਸਿਲੰਡਰ ਲਈ ਪੋਰਟਲ ਲਾਂਚ



**ਚੰਡੀਗੜ੍ਹ (ਕ੍ਰਿਸ਼ਨ ਗਰਗ)**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਹਰਿਆਲੀ ਤੀਜ ਦੇ ਤਿਉਹਾਰ 'ਤੇ ਜੀਂਦ ਦੀ ਪਵਿੱਤਰ ਧਰਤੀ 'ਤੇ ਹੋਏ ਸੰਮੇਲਨ ਵਿਚ ਉਨ੍ਹਾ ਐਲਾਨ ਕੀਤਾ ਸੀ ਕਿ ਸੂਬੇ ਦੇ ਲਗਭਗ 50 ਲੱਖ ਅੰਤੋਂਦੇਯ ਪਰਵਾਰਾਂ ਨੂੰ 500 ਰੁਪਏ ਵਿਚ ਘਰੇਲੂ ਗੈਸ ਦਾ ਸਿਲੰਡਰ ਮਿਲੇਗਾ। ਸੋਮਵਾਰ ਉਸ ਐਲਾਨ ਦੇ ਤਹਿਤ ਹਰ ਘਰ-ਹਰ ਗ੍ਰਹਿਣੀ ਯੋਜਨਾ ਦੇ ਨਾਂਅ ਨਾਲ ਆਨਲਾਈਨ ਪੋਰਟਲ ਲਾਂਚ ਕਰ ਕੇ ਹਕੀਕੀ ਰੂਪ ਦਿੱਤਾ ਗਿਆ ਹੈ।ਇਸ ਯੋਜਨਾ ਨਾਲ ਸੂਬੇ ਦੀਆਂ ਭੈਣਾਂ ਨੂੰ 1500 ਕਰੋੜ ਰੁਪਏ ਸਾਲਾਨਾ ਦਾ ਲਾਭ ਮਿਲੇਗਾ।ਸੈਨੀ ਨੇ ਕਿਹਾ ਕਿ ਸਾਡੀ ਡਬਲ ਇੰਜਣ ਸਰਕਾਰ ਦਾ ਉਦੇਸ਼ ਗਰੀਬ ਅਤੇ ਅੰਤੋਂਦੇਯ ਦੇ

• ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਹਿੰਡਨਬਰਗ ਨੇ ਤੋੜੀ ਕੁਝ ਚੁੱਪ ਮੁੜ ਕੇ,
ਕੀਤੇ ਰਾਜ਼ ਕੁਝ ਗੁਪਤ ਨੇ ਜ਼ਾਹਰ ਬੇਲੀ।
ਜਿਹੜੀ ਸੰਸਥਾ ਬਣਾਈ ਹੈ ਚੌਕਸੀ ਲਈ,
ਉਹਦੇ ਭੇਦ ਕਈ ਕੱਢੇ ਆ ਬਾਹਰ ਬੇਲੀ।
ਮਿਲੀ ਚੋਰਾਂ ਨਾਲ ਮੁਖੀ ਇਸ ਸੰਸਥਾ ਦੀ,
ਠੱਗੀ ਮਾਰਨ ਦੇ ਨਾਲ ਕੁਝ ਮਾਹਰ ਬੇਲੀ।
ਹੁੰਦਾ ਨਿਯਮ-ਕਾਨੂੰਨ ਕੁਝ ਅਸਰ ਵਾਲਾ,
ਮਿਲਦੀ ਇਨ੍ਹਾਂ ਨੂੰ ਕਦੇ ਨਾ ਠਾਹਰ ਬੇਲੀ।
ਮੁਖੀਏ ਮੁਲਕ ਦੇ ਤੱਕ ਹੈ ਪਹੁੰਚ ਜਿਹੜੀ,
ਉਹਦੇ ਕਾਰਨ ਨਾ ਕੋਈ ਵੀ ਫਿਕਰ ਬੇਲੀ।
ਦਿਨ ਤਾਂ ਦਸ ਵੀ ਰਹਿਣਾ ਨਾ ਰਾਮ-ਰੌਲਾ,
ਪਿੱਛੋਂ ਹੋਣਾ ਨਹੀਂ ਕੋਈ ਵੀ ਜ਼ਿਕਰ ਬੇਲੀ।

-ਤੀਸ ਮਾਰ ਖਾਂ

# ਸਹੁਰੇ ਵੱਲੋਂ ਦਾਮਾਦ ਅਰਸ਼ਦ ਨਦੀਮ ਨੂੰ ਮੱਝ ਦਾ ਤੋਹਫਾ

## ਆਲਟੋ ਦੇਣ ਵਾਲੇ ਬਿਜ਼ਨਸਮੈਨ ਦਾ ਉੱਡ ਰਿਹਾ ਮਖੌਲ


ਪਿੰਡ ਪੁੱਜਣ 'ਤੇ ਨਦੀਮ ਦਾ ਸਵਾਗਤ ਕਰਦੀ ਮਾਂ ਰਜ਼ੀਆ ਪ੍ਰਵੀਨ।

**ਲਾਹੌਰ** : ਪੈਰਿਸ ਉਲੰਪਿਕ ਵਿਚ ਜੈਵੇਲੀਅਨ ਥ੍ਰੋ ਦਾ ਸੋਨ ਤਮਗਾ ਜਿੱਤਣ ਵਾਲੇ ਅਰਸ਼ਦ ਨਦੀਮ ਦੇ ਸਹੁਰੇ ਮੁਹੰਮਦ ਨਵਾਜ਼ ਨੇ ਕਿਹਾ ਹੈ ਕਿ ਉਹ ਦਾਮਾਦ ਨੂੰ ਮੱਝ ਦਾ ਤੋਹਫਾ ਦੇਵੇਗਾ। ਨਵਾਜ਼ ਨੇ ਕਿਹਾ ਕਿ ਉਨ੍ਹਾ ਦੇ ਪਿੰਡ ਵਿਚ ਮੱਝ ਦਾ ਤੋਹਫਾ ਬੇਸ਼ਕੀਮਤੀ ਤੇ ਮਾਣ ਵਾਲਾ ਸਮਝਿਆ ਜਾਂਦਾ ਹੈ। ਨਵਾਜ਼ ਨੇ ਕਿਹਾ ਕਿ ਨਦੀਮ ਬਹੁਤ ਹੀ ਹਲੀਮ ਹੈ। ਉਹ ਆਪਣੇ ਪਿੰਡ 'ਚ ਸਧਾਰਨ ਘਰ ਵਿਚ ਮਾਪਿਆਂ ਤੇ ਭਰਾਵਾਂ ਨਾਲ ਰਹਿੰਦਾ ਹੈ। ਨਵਾਜ਼ ਦੀ ਸਭ ਤੋਂ ਛੋਟੀ ਧੀ ਆਇਸ਼ਾ ਛੇ ਸਾਲ ਪਹਿਲਾਂ ਖਾਨੇਵਾਲ ਪਿੰਡ ਦੇ ਨਦੀਮ ਨਾਲ ਵਿਆਹੀ ਸੀ। ਦੋਹਾਂ ਦੇ ਦੋ ਪੁੱਤਰ ਤੇ ਇਕ ਧੀ ਹਨ। ਨਵਾਜ਼ ਨੇ ਕਿਹਾ ਕਿ ਜਦੋਂ ਉਸ ਨੇ ਧੀ ਨੂੰ ਨਦੀਮ ਨਾਲ ਵਿਆਹੁਣ ਦਾ ਫੈਸਲਾ ਕੀਤਾ ਸੀ, ਉਸ ਕੋਲ ਸੀਮਤ ਵਸੀਲੇ ਸਨ, ਪਰ ਖੇਡਾਂ ਵਿਚ ਕੁਝ ਕਰ ਦਿਖਾਉਣ ਦੀ ਭੁੱਖ ਸੀ। ਇਸੇ ਦੌਰਾਨ ਅਮਰੀਕਾ ਰਹਿੰਦੇ ਇਕ ਪਾਕਿਸਤਾਨੀ ਬਿਜ਼ਨਸਮੈਨ ਦੀ ਤਰਫੋਂ ਨਦੀਮ ਨੂੰ ਸਜ਼ੂਕੀ ਆਲਟੋ ਦੇਣ ਬਾਰੇ ਐਲਾਨ 'ਤੇ ਸੋਸ਼ਲ ਮੀਡੀਆ ਵਿਚ ਕਾਫੀ ਪ੍ਰਤੀਕਿਰਿਆ ਹੋਈ ਹੈ। ਪਾਕਿਸਤਾਨ ਦੇ ਸਈਅਦ ਜ਼ਫਰ ਅੱਬਾਸ ਜਾਫਰੀ ਨੇ ਇਕ ਵੀਡੀਓ ਪਾ ਕੇ ਦੱਸਿਆ ਕਿ ਅਮਰੀਕਾ ਵਿਚ ਰਹਿੰਦਾ ਪਾਕਿਸਤਾਨੀ ਬਿਜ਼ਨਸਮੈਨ ਅਲੀ ਸ਼ੇਖਾਨੀ ਨਦੀਮ ਦੇ ਪਾਕਿਸਤਾਨ ਵਾਪਸ ਆਉਣ 'ਤੇ ਬਰੈਂਡ ਨਿਊ ਆਲਟੋ ਕਾਰ ਦੇਵੇਗਾ। ਇਸ ਤੋਂ ਬਾਅਦ ਲੋਕਾਂ ਨੇ ਬਿਜ਼ਨਸਮੈਨ ਦੀ ਇਹ ਕਹਿੰਦਿਆਂ ਖਿੱਲੀ ਉਡਾਉਣੀ ਸ਼ੁਰੂ ਕਰ ਦਿੱਤੀ ਹੈ ਕਿ ਉਹ ਪਾਕਿਸਤਾਨ ਵਿਚ ਕਰੀਬ ਸਾਢੇ 23 ਲੱਖ ਵਿਚ ਮਿਲਦੀ ਆਲਟੋ ਦੇਵੇਗਾ। ਇਸ ਦੀ ਭਾਰਤ ਵਿਚ ਕੀਮਤ 7 ਕੁ ਲੱਖ ਹੈ। ਕਰਾਚੀ ਦੇ ਤੈਮੂਰ ਨੇ 'ਐੱਕਸ' 'ਤੇ ਲਿਖਿਆ—ਪਿਆਰੇ ਅਲੀ ਸ਼ੇਖਾਨੀ ਨਦੀਮ ਨੂੰ ਘਟੀਆ ਕਾਰ ਦੇਣ ਦੀ ਥਾਂ ਤੁਸੀਂ ਉਸ ਦੀ ਖ਼ੁਰਾਕ ਦਾ ਖਿਆਲ ਰੱਖਣ ਵਾਲੇ, ਟਰੇਨਰ ਜਾਂ ਹੋਰ ਸਹਿਯੋਗੀ ਸਟਾਫ ਦਾ ਖਰਚਾ ਕਿਉਂ ਨਹੀਂ ਚੁੱਕਦੇ, ਤਾਂ ਜੋ ਉਹ ਵਰਲਡ ਰਿਕਾਰਡ ਤੋੜ ਸਕੇ। ਇਕ ਹੋਰ ਵਿਅਕਤੀ ਨੇ ਲਿਖਿਆ—ਸ਼ਾਬਾਸ਼ ਅਲੀ ਸ਼ੇਖਾਨੀ। ਤੁਸੀਂ ਆਲਟੋ ਨੂੰ ਕਨਵਰਟੀਬਲ ਕਿਉਂ ਨਹੀਂ ਬਣਵਾ ਲੈਂਦੇ। ਮੈਂ 6 ਫੁੱਟ ਇਕ ਇੰਚ ਦਾ ਹਾਂ ਤੇ ਮੇਰਾ ਸਿਰ ਆਲਟੋ ਦੀ ਛੱਤ ਨਾਲ ਲੱਗਣਾ। ਨਦੀਮ ਭਾਈ ਟਾਪਲੈੱਸ ਕਾਰ ਹੀ ਚਲਾ ਸਕਣਗੇ। ਆਈ ਟੀ ਪ੍ਰੋਫੈਸ਼ਨਲ ਰਾਹੁਲ ਜੈਨ ਨੇ ਲਿਖਿਆ ਹੈ—ਇਹ ਨਦੀਮ ਦੀ ਬੇਇੱਜ਼ਤੀ ਹੈ। ਉਹ ਬੀ ਐੱਮ ਡਬਲਿਊ ਜਾਂ ਔਡੀ ਦਾ ਹੱਕਦਾਰ ਹੈ।

## ਪੰਜਾਬ ਦੇ ਦੋ ਪ੍ਰੋਫੈਸਰ ਹਿਮਾਚਲ 'ਚ ਫੜੇ

**ਧਰਮਸ਼ਾਲਾ** : ਵਿਜੀਲੈਂਸ ਐਂਡ ਐਂਟੀ ਕੁਰੱਪਸ਼ਨ ਬਿਊਰੋ ਨੇ ਪੰਜਾਬ ਦੇ ਦੋ ਪ੍ਰੋਫੈਸਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਹੜੇ ਕਾਂਗੜਾ ਜ਼ਿਲ੍ਹੇ ਵਿਚ ਫਾਰਮੇਸੀ ਕਾਲਜਾਂ ਦਾ ਮੁਲੰਕਣ ਕਰਨ ਲਈ ਫਾਰਮੇਸੀ ਕੌਂਸਲ ਆਫ ਇੰਡੀਆ ਨੇ ਘੱਲੇ ਸਨ। ਬਿਊਰੋ ਦੇ ਐੱਸ ਪੀ ਬਲਬੀਰ ਠਾਕੁਰ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਬਿਊਰੋ ਦੀ ਟੀਮ ਨੇ ਪੰਜਾਬ ਦੇ ਨੰਬਰ ਵਾਲੀ ਕਰੇਟਾ ਕਾਰ ਐਤਵਾਰ ਰੱਕੜ ਇਲਾਕੇ ਵਿਚ ਰੋਕੀ। ਕਾਰ ਵਿੱਚੋਂ ਸਾਢੇ ਤਿੰਨ ਲੱਖ ਰੁਪਏ ਮਿਲੇ। ਤਸੱਲੀਬਖਸ਼ ਜਵਾਬ ਨਾ ਦੇ ਸਕਣ 'ਤੇ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਨਾਲ ਸੰਬੰਧਤ ਪ੍ਰੋਫੈਸਰਾਂ ਰਾਕੇਸ਼ ਚਾਵਲਾ ਤੇ ਪੁਨੀਤ ਕੁਮਾਰ ਨੂੰ ਹਿਰਾਸਤ 'ਚ ਲੈ ਲਿਆ ਗਿਆ। ਦੋਹਾਂ ਨੇ ਹਾਲ ਹੀ ਵਿਚ ਪਾਲਮਪੁਰ ਵਿਚ ਯੂਨੀਵਰਸਿਟੀ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਦਾ ਮੁਆਇਨਾ ਕੀਤਾ ਸੀ। ਸ਼ੱਕ ਹੈ ਕਿ ਉਨ੍ਹਾਂ ਇੰਸਟੀਚਿਊਸ਼ਨ ਦੇ ਹੱਕ ਵਿਚ ਰਿਪੋਰਟ ਦੇਣ ਲਈ ਗੈਰਕਾਨੂੰਨੀ ਢੰਗ ਨਾਲ ਪੈਸੇ ਲਏ। ਦੋਵਾਂ ਖਿਲਾਫ ਧਰਮਸ਼ਾਲਾ ਵਿਚ ਕੇਸ ਦਰਜ ਕੀਤਾ ਗਿਆ ਹੈ।

13-AUG-PAGE-1.qxd 8/12/2024 10:07 PM Page 2



## ਜੇ ਐੱਨ ਇੰਟਰਨੈਸ਼ਨਲ 'ਚ ਮਨਾਇਆ ਤੀਜ ਦਾ ਤਿਉਹਾਰ



**ਗੁਰੂ ਹਰਸਹਾਇ (ਫ਼ਕੀਰ ਚੰਦ ਸੀਕਰੀ)**-ਜੇ ਐਨ ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿਖੇ ਬੜੇ ਹੀ ਚਾਵਾਂ ਤੇ ਉਤਸ਼ਾਹ ਨਾਲ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਮੰਨੇ ਜਾਂਦੇ ਤੀਜ ਦੇ ਤਿਉਹਾਰ ਨੂੰ ਵਿਦਿਆਰਥਣਾਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਮਨਾਇਆ। ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਦੱਸਿਆ ਕਿ ਸਾਡੇ ਸੱਭਿਆਚਾਰ ਤੇ ਸੰਸਕ੍ਰਿਤੀ ਵਿੱਚ ਧਾਰਮਿਕ ਵੇਦਾਂ, ਗ੍ਰੰਥਾਂ ਵਿੱਚ ਸਾਵਣ ਮਹੀਨੇ ਦੀ ਬਹੁਤ ਮਹਾਨਤਾ ਹੈ।ਇਸ ਮਹਾਨਤਾ ਤੇ ਸੱਭਿਆਚਾਰ ਨੂੰ ਸੰਭਾਲਣ ਅਤੇ ਪੰਜਾਬੀ ਬੋਲੀ ਅਤੇ ਇਸ ਦੇ ਰੀਤੀ ਰਿਵਾਜਾਂ ਨੂੰ ਵਿਦਿਆਰਥੀਆਂ ਦੇ ਜੀਵਨ ਵਿੱਜ ਅਪਨਾਉਣ ਲਈ ਜੇ. ਐਨ. ਇੰਟਰਨੈਸ਼ਨਲ ਐਜੂਕੇਸ਼ਨਲ ਸੁਸਾਇਟੀ ਹਮੇਸ਼ਾ ਹੀ ਯਤਨਸ਼ੀਲ ਰਹਿੰਦੀ ਹੈ।ਇਸ ਲਈ ਧੀਆਂ ਦੇ ਮਨਪਸੰਦ ਤਿਉਹਾਰ ਤੀਜ ਦੇ ਤਿਉਹਾਰ ਦਾ ਆਯੋਜਨ ਕੀਤਾ ਗਿਆ।ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੇ ਮੁਤਾਬਕ ਪੰਜਾਬੀ ਪਹਿਰਾਵਾ, ਗਿੱਧਾ, ਭੰਗੜਾ ਤੇ ਵੱਖ-ਵੱਖ ਗੀਤਾਂ ਅਤੇ ਬੋਲੀਆਂ ਰਾਹੀਂ ਪੰਜਾਬੀ ਮੁਟਿਆਰਾਂ ਨੇ ਖੂਬ ਰੌਣਕਾਂ ਲਾਈਆਂ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸਕੂਲ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁੰਜਾਲ, ਮੈਨੇਜਮੈਂਟ ਮੈਂਬਰ ਏਕਤਾ ਮੁੰਜਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਅਤੇ ਸਕੂਲ ਦੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੇ ਵੀ ਇਸ ਤੀਜ ਦੇ ਤਿਉਹਾਰ ਵਿੱਚ ਸ਼ਾਮਲ ਹੋ ਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਤੀਜ ਦੇ ਤਿਉਹਾਰ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਭਵਿੱਖ ਵਿੱਚ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਆ ਤੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੇ ਸਕੂਲ ਮੈਨੇਜਮੈਂਟ ਅਤੇ ਸਮੂਹ ਸਕੂਲ ਸਟਾਫ਼ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਤੀਜ ਦੀਆਂ ਮੁਬਾਰਕਾਂ ਦਿੱਤੀਆਂ।

## ਲਾਡੀ ਢੋਸ ਦੀ ਅਗਵਾਈ ਹੇਠ ਹੋ ਰਿਹੈ ਪਿੰਡਾਂ ਦਾ ਵਿਕਾਸ : ਤਰਸੇਮ ਰੰਡਿਆਲਾ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਜੋ ਪਿੰਡਾਂ ਤੇ ਸ਼ਹਿਰਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਸ਼ਲਾਘਾਯੋਗ ਕਦਮ ਉਠਾ ਰਹੀ ਹੈ ਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦੇ ਮੰਤਵ ਨਾਲ ਪਿੰਡਾਂ ਨੂੰ ਵੀ ਵਾਧੂ ਫੰਡ ਦੇ ਕੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ ਤਾਂ ਜੁ ਪਿੰਡ ਵਾਸੀਆਂ ਨੂੰ ਕੋਈ ਮੁਸ਼ਕਲ ਨਾ ਆਵੇ। ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਹਲਕੇ ਦੇ ਪਿੰਡਾਂ ਦਾ ਵਿਕਾਸ ਕਰਾਇਆ ਜਾ ਰਿਹਾ ਹੈ ਤੇ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ 'ਆਪ' ਆਗੂ ਤਰਸੇਮ ਸਿੰਘ ਰੰਡਿਆਲਾ ਨੇ ਪਿੰਡ ਦੇ ਖਾਲੇ ਤੇ ਨਾਲੀਆਂ ਦੀ ਸਾਫ਼-ਸਫ਼ਾਈ ਕਰਾਉਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੇ ਖਾਲੇ ਅਤੇ ਨਾਲੀਆਂ ਦੀ ਸਾਫ਼-ਸਫ਼ਾਈ ਕਰਾਈ ਜਾ ਰਹੀ ਹੈ ਤਾਂ ਜੁ ਬਰਸਾਤ ਦੇ ਦਿਨਾਂ ਵਿੱਚ ਜਾਂ ਪਾਣੀ ਦੇ ਨਿਕਾਸ ਵਿੱਚ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ।

## ਤੀਜ ਦਾ ਤਿਉਹਾਰ ਤੇ ਔਰਤਾਂ ਨੂੰ ਵੰਡੇ ਬੂਟੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਗਰਵਾਲ ਸਮਾਜ ਵਿਮਨ ਸੈੱਲ ਨੇ ਤੀਜ ਦਾ ਤਿਉਹਾਰ ਗਿੱਧਾ ਤੇ ਬੋਲੀਆਂ ਪਾ ਕੇ ਮਨਾਇਆ। ਇਸ ਤਿਉਹਾਰ ਦੌਰਾਨ ਪੁਰਾਤਨ ਵਿਰਾਸਤੀ ਵਸਤਾਂ ਦੀ ਪ੍ਰਦਰਸ਼ਨੀ ਲਾਉਣ ਤੋਂ ਇਲਾਵਾ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਸਬੰਧੀ ਜਾਣਕਾਰੀ ਦਿੱਤੀ ਤੇ ਸ਼ਾਮਲ ਹੋਈਆਂ ਔਰਤਾਂ ਨੂੰ ਬੂਟੇ ਵੀ ਵੰਡੇ ਗਏ। ਔਰਤਾਂ ਨੇ ਦੱਸਿਆ ਕਿ ਅਸੀਂ ਹਰ ਸਾਲ ਤੀਜ ਦਾ ਤਿਉਹਾਰ ਬੜੀ ਉਤਸ਼ਾਹ ਨਾਲ ਮਨਾਉਂਦੇ ਹਾਂ। ਪਹਿਲਾਂ ਹਰ ਪਾਸੇ ਹਰਿਆਲੀ ਸੀ, ਲੋਕ ਪਾਰਕਾਂ ਤੇ ਖੁੱਲ੍ਹੀਆਂ ਥਾਵਾਂ 'ਤੇ ਤੀਜ ਦਾ ਤਿਉਹਾਰ ਮਨਾਉਂਦੇ ਸਨ। ਹੁਣ ਹਰ ਪਾਸੇ ਰੁੱਖ ਧੜਾਧੜ ਕਟਾਈ ਹੋਣ ਕਰਕੇ ਤੇ ਜ਼ਿਆਦਾ ਗਰਮੀ ਹੋਣ ਕਾਰਨ ਇਹ ਤਿਉਹਾਰ ਅਸੀਂ ਵੱਡੇ ਹਾਲਾਂ ਤੇ ਹੋਟਲਾਂ ਵਿੱਚ ਮਨਾਉਂਦੇ ਹਾਂ। ਤੀਜ ਦੇ ਤਿਉਹਾਰ ਲਈ ਆਈਆਂ ਸਾਰੀਆਂ ਔਰਤਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਬੂਟੇ ਲਾਉਣ ਲਈ ਦਿੱਤੇ ਗਏ ਤਾਂ ਜੁ ਪੰਜਾਬ ਨੂੰ ਮੁੜ ਹਰਿਆ-ਭਰਿਆ ਬਣਾਇਆ ਜਾ ਸਕੇ।

## ਫ਼ਲਦਾਰ ਤੇ ਛਾਂਦਾਰ ਦਰੱਖ਼ਤ ਲਾਏ



**ਦੋਰਾਹਾ (ਹਰਮਿੰਦਰ ਸੇਠ)**-ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਜੀ ਦੇ ਆਏ ਨਿਰਦੇਸ਼ਾਂ ਅਨੁਸਾਰ ਨੈਸ਼ਨਲ ਹਾਈਵੇ 'ਤੇ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਦੋਰਾਹਾ ਬ੍ਰਾਂਚ ਦੇ ਮੁਖੀ ਭਾਈ ਸਾਹਿਬ ਗੁਰਮੇਲ ਸਿੰਘ ਤੇ ਸੰਚਾਲਕ ਹਰਮਿੰਦਰ ਸਿੰਘ ਸੇਠ ਜੀਤ ਸਿੰਘ ਸ਼ਿਕਸ਼ਕ ਤੇ ਹੋਰ ਸੇਵਾ ਦਲ ਦੇ ਜਵਾਨਾਂ ਵੱਲੋਂ ਦੋਰਾਹਾ ਦੇ ਨੈਸ਼ਨਲ ਹਾਈਵੇ ਤੇ ਫ਼ਲਦਾਰ ਤੇ ਛਾਂਦਾਰ ਦਰੱਖ਼ਤ ਲਾਏ ਗਏ। ਇਸ ਮੌਕੇ ਦੋਰਾਹਾ ਬ੍ਰਾਂਚ ਦੇ ਮੁਖੀ ਭਾਈ ਸਾਹਿਬ ਗੁਰਮੇਲ ਸਿੰਘ ਵੱਲੋਂ ਜਿੱਥੇ ਇਹ ਬੂਟੇ ਲਾਉਣ ਦੇ ਮੌਕੇ 'ਤੇ ਕਿਹਾ ਗਿਆ ਕਿ ਇਹ ਜੋ ਅੱਜ ਸਾਡਾ ਵਾਤਾਵਰਣ ਬੜਾ ਗੰਧਲਾ ਹੋ ਗਿਆ ਹੈ, ਉਹ ਜੋ ਤਪਸ਼ ਵਧ ਰਹੀ ਹੈ, ਇਸ ਦਾ ਕਾਰਨ ਹੈ ਕਿ ਜੋ ਦਰੱਖ਼ਤ ਹਨ, ਉਨ੍ਹਾਂ ਦੀ ਜ਼ਿਆਦਾ ਕਟਾਈ ਕੀਤੀ ਗਈ ਹੈ।

## ਪੰਜਾਬ ਨੰਬਰਦਾਰ ਯੂਨੀਅਨ ਵੱਲੋਂ ਸੰਘਰਸ਼ ਦੀ ਚਿਤਾਵਨੀ



**ਦਿੜ੍ਹਬਾ ਮੰਡੀ (ਜਸਵੀਰ ਲਾਡੀ)**-ਪੰਜਾਬ ਨੰਬਰਦਾਰ ਯੂਨੀਅਨ ਤਹਿਸੀਲ ਦਿੜ੍ਹਬਾ ਦੀ ਵਿਸ਼ੇਸ਼ ਮੀਟਿੰਗ ਗੁਰੂ ਘਰ ਨਾਨਕਸਰ ਸੂਲਰ ਘਰਾਟ ਵਿਖੇ ਤਹਿਸੀਲ ਪ੍ਰਧਾਨ ਚਰਨਜੀਤ ਸਿੰਘ ਸੂਲਰ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਵੱਡੀ ਗਿਣਤੀ ਵਿੱਚ ਨੰਬਰਦਾਰਾਂ ਨੇ ਭਾਗ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਨੰਬਰਦਾਰ ਯੂਨੀਅਨ ਦੇ ਸੂਬਾ ਜਰਨਲ ਸੈਕਟਰੀ ਰਣ ਸਿੰਘ ਮਹਿਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੇ ਢਾਈ ਸਾਲ ਪੂਰੇ ਹੋਣ ਦੇ ਬਾਵਜੂਦ ਨੰਬਰਦਾਰਾਂ ਦੀ ਕੋਈ ਮੰਗ ਨਹੀਂ ਮੰਨੀ ਗਈ, ਜਦਕਿ ਨੰਬਰਦਾਰ ਯੂਨੀਅਨ ਸਰਕਾਰ ਦੇ ਕਈ ਕੈਬਨਿਟ ਮੰਤਰੀ ਐੱਮ.ਐੱਲ.ਏ. ਸਾਹਿਬਾਨਾਂ ਨਾਲ ਮੀਟਿੰਗਾਂ ਕਰਕੇ ਨੰਬਰਦਾਰਾਂ ਦੀਆਂ ਮੰਗਾਂ ਤੋਂ ਜਾਣੂ ਕਰਵਾ ਚੁੱਕੀ ਹੈ, ਪ੍ਰੰਤੂ ਇਨ੍ਹਾਂ ਮੀਟਿੰਗਾਂ ਨਾਲ ਕੋਈ ਸਿੱਟਾ ਨਹੀਂ ਨਿਕਲਿਆ, ਜਿਸ ਕਰਕੇ ਪੰਜਾਬ ਦੇ ਸਮੁੱਚੇ ਨੰਬਰਦਾਰਾਂ 'ਚ ਕਾਫੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਨੰਬਰਦਾਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਨੰਬਰਦਾਰ ਯੂਨੀਅਨ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਹੁਤ ਸਾਰੇ ਆਗੂਆਂ ਨੇ ਵੀ ਸੰਬੋਧਨ ਕੀਤਾ।ਮੀਟਿੰਗ ਵਿੱਚ ਮੀਤ ਪ੍ਰਧਾਨ ਜਗਪਾਲ ਸਿੰਘ ਹਰੀਗੜ੍ਹ, ਜਨਰਲ ਸਕੱਤਰ ਗੁਰਦੀਪ ਸਿੰਘ ਤੂਰਬੰਜਾਰਾ, ਪ੍ਰਗਟ ਸਿੰਘ ਦਿੜ੍ਹਬਾ, ਜਗਵਿੰਦਰ ਸਿੰਘ, ਪ੍ਰਗਟ ਸਿੰਘ ਮਹਿਲਾਂ, ਨਰਦੇਵ ਸਿੰਘ, ਬਸੰਤ ਸਿੰਘ, ਸਮਸੀਤ ਸਿੰਘ, ਜੀਤਿੰਦਰ ਸਿੰਘ ਢੰਡੋਲੀ, ਗੁਰਮੇਲ ਸਿੰਘ ਖੇਤਲਾ, ਲਖਵੰਤ ਸਿੰਘ ਗੁੱਜਰਾਂ, ਜਸਵੀਰ ਸਿੰਘ, ਯਾਦਵਿੰਦਰ ਸਿੰਘ ਗੁੱਜਰਾਂ, ਜਗਦੇਵ ਸਿੰਘ, ਜਸਵੀਰ ਸਿੰਘ, ਬਲਵਿੰਦਰ ਸਿੰਘ, ਹਰਵੰਤ ਸਿੰਘ, ਖੁਸ਼ੀ ਸਿੰਘ, ਸਤਿਨਾਮ ਸਿੰਘ, ਸੋਨੀ ਸਿੰਘ, ਮੇਜਰ ਸਿੰਘ, ਸੁਖਪਾਲ ਸਿੰਘ ਸੂਲਰ ਆਦਿ ਨੰਬਰਦਾਰ ਹਾਜ਼ਰ ਸਨ।

## ਵਿਧਾਇਕ ਗਰੇਵਾਲ ਤੇ ਬੱਗਾ ਦੀ ਅਗਵਾਈ 'ਚ ਟੀਮ ਵੱਲੋਂ ਦਿੱਲੀ ਹਾਈਵੇ ਦਾ ਦੌਰਾ



**ਲੁਧਿਆਣਾ (ਰਾਜ ਸਿੰਗਲਾ)**-ਵਿਧਾਇਕ ਦਲਜੀਤ ਸਿੰਘ ਗਰੇਵਾਲ ਤੇ ਵਿਧਾਇਕ ਮਦਨ ਲਾਲ ਬੱਗਾ ਦੀ ਅਗਵਾਈ ਹੇਠ ਐੱਨ ਐੱਚ ਏ ਆਈ ਟੀਮ ਨੇ ਲੁਧਿਆਣਾ ਸ਼ਹਿਰ ਵਿੱਚ ਦਿੱਲੀ ਹਾਈਵੇਅ ਦਾ ਦੌਰਾ ਕੀਤਾ। ਵਿਧਾਨ ਸਭਾ ਹਲਕਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਤੇ ਉੱਤਰੀ ਹਲਕੇ ਤੋਂ ਵਿਧਾਇਕ ਮਦਨ ਲਾਲ ਬੱਗਾ ਨੇ ਪੂਰਬੀ ਤੇ ਉੱਤਰੀ ਹਲਕੇ ਦੇ ਓਵਰ ਬ੍ਰਿਜ ਹੇਠਾਂ ਸੰਸਦ ਮੈਂਬਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕਰਕੇ ਪਾਸ ਬਣਾਉਣ ਦੀ ਮੰਗ ਕੀਤੀ ਸੀ।ਕੇਂਦਰੀ ਮੰਤਰੀ ਗਡਕਰੀ ਨੇ ਮੰਗ ਨੂੰ ਜਾਇਜ਼ ਦੱਸਿਆ ਤੇ ਉਨ੍ਹਾਂ ਦੇ ਮਾਰਗਦਰਸ਼ਨ 'ਤੇ ਐੱਨ ਐੱਚ ਏ ਆਈ ਟੀਮ ਨੇ ਨਰੀਖਣ ਕੀਤਾ।ਵਿਧਾਇਕ ਗਰੇਵਾਲ ਤੇ ਬੱਗਾ ਨੇ ਨੈਸ਼ਨਲ ਹਾਈਵੇਅ 'ਤੇ ਟ੍ਰੈਫਿਕ ਸਮੱਸਿਆ ਸਬੰਧੀ ਐੱਨ ਐੱਚ ਏ ਐਈ ਟੀਮ ਨੂੰ ਜਾਣੂ ਕਰਵਾਇਆ।ਇਸ ਮੌਕੇ ਐੱਨ ਐੱਚ ਏ ਆਈ ਦੀ ਟੀਮ ਨਾਲ ਨੈਸ਼ਨਲ ਹਾਈਵੇਅ ਦੇ ਪ੍ਰੋਜੈਕਟ ਮੈਨੇਜਰ ਮੌਜੂਦ ਸਨ।ਵਿਧਾਇਕਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਯਾਤਰਾ ਦਾ ਮਕਸਦ ਸੜਕ ਪਾਰ ਕਰਨ ਸਮੇਂ ਰਾਸ਼ਟਰੀ ਰਾਜ ਮਾਰਗ ਦੇ ਨਾਲ ਲੱਗਦੇ ਰਿਹਾਇਸ਼ੀ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਦੀ ਟ੍ਰੈਫਿਕ ਸਮੱਸਿਆ ਦਾ ਹੱਲ ਕਰਨਾ ਹੈ।ਦੱਸਿਆ ਜਾ ਰਿਹਾ ਹੈ ਕਿ ਲੁਧਿਆਣਾ ਦੇ ਇਸ ਨੈਸ਼ਨਲ ਹਾਈਵੇ 'ਤੇ ਵਾਪਰਦੇ ਮੰਦਭਾਗੇ ਹਾਦਸਿਆਂ 'ਚ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ।ਇਸ ਮੌਕੇ ਐੱਨ ਐੱਚ ਏ ਆਈ ਦੀ ਟੀਮ ਦੇ ਨਾਲ ਨੈਸ਼ਨਲ ਹਾਈਵੇਅ ਦੇ ਪ੍ਰੋਜੈਕਟ ਮੈਨੇਜਰ ਵੀ ਮੌਜੂਦ ਸਨ।ਵਿਧਾਇਕਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਯਾਤਰਾ ਦਾ ਮਕਸਦ ਸੜਕ ਪਾਰ ਕਰਨ ਸਮੇਂ ਰਾਸ਼ਟਰੀ ਰਾਜ ਮਾਰਗ ਦੇ ਨਾਲ ਲੱਗਦੇ ਰਿਹਾਇਸ਼ੀ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਦੀ ਟ੍ਰੈਫਿਕ ਸਮੱਸਿਆ ਦਾ ਹੱਲ ਕਰਨਾ ਹੈ।ਦੱਸਿਆ ਜਾ ਰਿਹਾ ਹੈ ਕਿ ਲੁਧਿਆਣਾ ਦੇ ਇਸ ਨੈਸ਼ਨਲ ਹਾਈਵੇ 'ਤੇ ਵਾਪਰਦੇ ਮੰਦਭਾਗੇ ਹਾਦਸਿਆਂ 'ਚ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ।

# ਜੀਵਨ ਨਗਰ 'ਚ ਚੱਲੀਆਂ ਗੋਲੀਆਂ ਨਾਲ 6 ਨਾਮਧਾਰੀ ਜ਼ਖਮੀ

### ਸਤਿਗੁਰੂ ਉਦੇ ਸਿੰਘ ਤੇ ਸਤਿਗੁਰੂ ਦਲੀਪ ਸਿੰਘ ਦੇ ਸਮਰਥਕਾਂ ਵਿਚਕਾਰ ਚੱਲ ਰਿਹੇ ਜ਼ਮੀਨੀ ਵਿਵਾਦ

**ਸਿਰਸਾ (ਸੁਰਿੰਦਰ ਪਾਲ ਸਿੰਘ)**
ਨਾਮਧਾਰੀ ਭਾਈਚਾਰੇ ਵਿੱਚ ਦੋ ਧਾਮ ਹਨ, ਇੱਕ ਧਾਮ ਲੁਧਿਆਣਾ ਵਿੱਚ ਸ੍ਰੀ ਭੈਣੀ ਸਾਹਿਬ ਹੈ, ਜਿਸ ਦਾ ਪ੍ਰਬੰਧ ਸਤਿਗੁਰੂ ਉਦੈ ਸਿੰਘ ਕਰਦੇ ਹਨ ਅਤੇ ਦੂਜਾ ਧਾਮ ਹੈ ਸਤਿਗੁਰੂ ਦਲੀਪ ਸਿੰਘ ਦਾ ਜੀਵਨ ਨਗਰ ਰਾਣੀਆਂ ਵਿੱਚ। ਰਾਣੀਆਂ ਦੇ ਕਸਬਾ ਜੀਵਨ ਨਗਰ ਵਿੱਚ ਕੈਂਪ ਦੀ 12 ਏਕੜ ਜ਼ਮੀਨ ਨੂੰ ਲੈ ਕੇ ਦੋ ਧਿਰਾਂ ਵਿੱਚ ਲੰਮੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਸਤਿਗੁਰੂ ਉਦੈ ਸਿੰਘ ਦੇ ਸਮਰਥਕਾਂ ਤੇ ਸਤਿਗੁਰੂ ਦਲੀਪ ਸਿੰਘ ਦੇ ਸਮਰਥਕਾਂ ਵਿਚਾਲੇ ਚੱਲੀ ਅੰਨ੍ਹੇਵਾਹ ਗੋਲੀਬਾਰੀ ਵਿੱਚ 6 ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ।ਸੂਚਨਾ ਮਿਲਣ 'ਤੇ ਪੁਲਸ ਦੇ ਐੱਸ ਪੀ ਵਿਕਰਾਂਤ ਭੂਸ਼ਣ ਮੌਕੇ 'ਤੇ ਪੁੱਜੇ ਤੇ ਪੁਲਸ ਨੇ ਜਵਾਬੀ ਕਾਰਵਾਈ ਕਰਦਿਆਂ ਅੱਥਰੂ ਗੈਸ ਦੇ ਗੋਲੇ ਛੱਡ ਕੇ ਦੋਵਾਂ ਧਿਰਾਂ ਨੂੰ ਖਦੇੜ ਦਿੱਤਾ।ਇਸ ਘਟਨਾ ਉਪਰੰਤ ਜ਼ਖਮੀਆਂ ਨੂੰ ਇਲਾਜ ਲਈ ਸਿਰਸਾ ਤੇ ਅਗਰੋਹਾ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ ਹੈ।ਇਸ ਮਾਮਲੇ ਸਬੰਧੀ ਨਾਲ ਲਗਦੇ ਪਿੰਡ ਨਕੌੜਾ ਦੇ ਸਾਬਕਾ ਸਰਪੰਚ ਸੁਖਚੈਨ ਸਿੰਘ ਨੇ ਦੱਸਿਆ ਕਿ ਜੀਵਨ ਨਗਰ ਵਿੱਚ ਡੇਰੇ ਦੇ ਬਾਹਰ 12 ਏਕੜ ਜ਼ਮੀਨ ਹੈ। ਇਸ ਜ਼ਮੀਨ ਨੂੰ ਲੈ ਕੇ ਪਿਛਲੇ ਕੁਝ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ ਤੇ ਜਦੋਂ ਡੇਰੇ ਦੇ ਲੋਕ ਬਾਜਰੇ ਦੀ ਫਸਲ 'ਤੇ ਸਪਰੇਅ ਕਰਨ ਲਈ ਖੇਤਾਂ 'ਚ ਗਏ ਤਾਂ ਦੂਜੇ ਪਾਸਿਓਂ ਆਏ ਲੋਕਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਦੋਵਾਂ ਧਿਰਾਂ ਵਿੱਚ ਜ਼ਬਰਦਸਤ ਫਾਇਰਿੰਗ ਹੋਈ।ਡੇਰੇ ਦੀ ਜ਼ਮੀਨ ਵਿਵਾਦ ਸਬੰਧੀ ਦਲੀਪ ਸਿੰਘ ਦੇ ਚੇਲੇ ਮਿੱਠੂ ਸਿੰਘ ਦਾ ਦਾਅਵਾ ਹੈ ਕਿ ਇਹ ਜ਼ਮੀਨ ਉਨ੍ਹਾਂ ਦੀ ਹੈ, ਪਰ ਸਤਿਗੁਰੂ ਉਦੈ ਸਿੰਘ ਦੇ ਲਗਭਗ 250 ਪੈਰੋਕਾਰ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ ਤੇ ਇਸੇ ਦੇ ਚਲਦੇ ਸਮਰਥਕਾਂ ਨੇ ਡੇਰੇ 'ਤੇ ਹਮਲਾ ਕਰ ਦਿੱਤਾ।ਦੱਸਿਆ ਜਾ ਰਿਹਾ ਹੈ ਕਿ ਫਿਲਹਾਲ ਇਸ ਮਾਮਲੇ 'ਚ ਕਿਸੇ ਦੀ ਮੌਤ ਦੀ ਖਬਰ ਨਹੀਂ ਹੈ, ਪਰ 6 ਲੋਕ ਗੋਲੀ ਲੱਗਣ ਕਾਰਨ ਗੰਭੀਰ ਰੂਪ ਨਾਲ ਜ਼ਖਮੀ ਹਨ।ਜੀਵਨ ਨਗਰ ਇਲਾਕੇ 'ਚ ਭਾਰੀ ਪੁਲਸ ਬਲ ਤਾਇਨਾਤ ਕਰ ਦਿੱਤਾ ਗਿਆ ਹੈ।ਪੁਲਸ ਦਾ ਕਹਿਣਾ ਹੈ ਕਿ ਫਿਲਹਾਲ ਸਥਿਤੀ ਸ਼ਾਂਤ ਹੈ।



ਇਲਾਜ ਹਿੱਤ ਲਿਆਂਦਾ ਗਿਆ ਜ਼ਖ਼ਮੀ ਨਾਮਧਾਰੀ ਕਾਰਕੁਨ।

# ਦਿਵਿਆਂਗਾਂ ਨੂੰ ਸਹੂਲਤਾਂ ਤੋਂ ਨਹੀਂ ਰਹਿਣ ਦਿੱਤਾ ਜਾਵੇਗਾ ਵਾਂਝਾ : ਖੁੱਡੀਆਂ

### ਅਲਿਮਕੋ ਵੱਲੋਂ ਮਾਹੂਆਣਾ ਵਿਖੇ ਕੈਂਪ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਅਲਿਮਕੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪਿੰਡ ਮਾਹੂਆਣਾ ਵਿਖੇ ਜ਼ਿਲ੍ਹਾ ਪੱਧਰੀ ਕੈਂਪ ਲਾਇਆ ਗਿਆ, ਜਿਸ ਵਿੱਚ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ।ਇਸ ਮੌਕੇ ਆਪਣੇ ਸੰਬੋਧਨ ਵਿੱਚ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਿਵਿਆਂਗਜਨਾਂ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਉਪਰਾਲੇ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਅਧੀਨ ਕੰਮ ਕਰ ਰਹੇ ਅਲਿਮਕੋ ਵੱਲੋਂ ਸਰਕਾਰ ਦੀ ਯੋਜਨਾ ਅਡਿੱਪ (ਅਸਿਸਟੈਂਸ ਤੋਂ ਡਿਸਏਬਲਡ ਪਰਸਨ) ਤਹਿਤ ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਮੁਫ਼ਤ ਬਣਾਵਟੀ ਅੰਗ ਤੇ ਹੋਰ ਸਹਾਇਕ ਸਮੱਗਰੀ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਕੈਂਪ ਵਿੱਚ 43 ਦਿਵਿਆਂਗ ਲਾਭਪਾਤਰੀਆਂ ਨੂੰ 7 ਲੱਖ 21 ਹਜ਼ਾਰ ਰੁਪਏ ਦੀ ਲਾਗਤ ਨਾਲ ਬਨਾਵਟੀ ਅੰਗ ਤੇ ਉਪਕਰਨ ਜਿਵੇਂ ਕਿ ਮੋਟਰਾਈਜ਼ਡ ਟਰਾਈਸਾਈਕਲ, ਟਰਾਈਸਾਈਕਲ, ਵ੍ਹੀਲਚੇਅਰ, ਵਿਸਾਖੀਆਂ, ਛੜੀਆਂ, ਕੰਨਾਂ ਦੀਆਂ ਮਸ਼ੀਨਾਂ, ਨੇਤਰਹੀਨ ਵਿਅਕਤੀਆਂ ਲਈ ਸਮਾਰਟ ਫੋਨ, ਸੀ ਪੀ ਚੇਅਰ ਆਦਿ ਦੀ ਵੰਡ ਕੀਤੀ ਗਈ।

ਉਨ੍ਹਾ ਅਪੀਲ ਕੀਤੀ ਕਿ ਜਿਹੜੇ ਲੋੜਵੰਦ ਦਿਵਿਆਂਗ ਵਿਅਕਤੀ ਕਿਸੇ ਕਾਰਨ ਇਨ੍ਹਾਂ ਸਹੂਲਤਾਂ ਤੋਂ ਵਾਂਝੇ ਰਹਿ ਗਏ ਹਨ, ਉਹ 14 ਅਗਸਤ ਤੱਕ ਜ਼ਿਲ੍ਹਾ ਰੈਡ ਕਰਾਸ ਭਵਨ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਤਾਂ ਜੋ ਉਹ ਵੀ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਸਕਣ।ਇਸ ਮੌਕੇ ਗੁਰਦੀਪ ਸਿੰਘ ਸੇਖੋਂ ਪ੍ਰਿੰਸੀਪਲ, ਜਗਮੋਹਨ ਸਿੰਘ ਮਾਨ ਜ਼ਿਲ੍ਹਾ ਭਲਾਈ ਅਫਸਰ, ਪਰਮਜੀਤ ਐੱਸ ਐੱਚ ਓ ਲੰਬੀ ਤੋਂ ਇਲਾਵਾ ਚੇਅਰਮੈਨ ਰਸਪਾਲ ਸਿੰਘ ਖੁੱਡੀਆਂ, ਗੁਰਬਾਜ ਸਿੰਘ ਵਣਵਾਲਾ, ਬਲਰਾਜ ਸਿੰਘ ਰਾਜਾ ਮਾਹੂਆਣਾ ਮੌਜੂਦ ਸਨ।



# ਜੰਡਿਆਲਾ ਮੰਜਕੀ 'ਚ ਤੀਆਂ ਦਾ ਮੇਲਾ ਮਨਾਇਆ

**ਜੰਡਿਆਲਾ ਮੰਜਕੀ**
**(ਨ ਜ਼ ਸ)**
ਪਿੰਡ ਜੰਡਿਆਲਾ ਮੰਜਕੀ ਪੱਤੀ ਰਾਮ ਕੀ ਵਿਖੇ ਤੀਆਂ ਦਾ ਚੌਥਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜੋ ਕਿ ਬੀਬੀ ਕੁਲਵੰਤ ਕੌਰ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਮੌਕੇ ਗ੍ਰਾਮ ਪੰਚਾਇਤ ਜੰਡਿਆਲਾ ਦੇ ਸਰਪੰਚ ਮੱਖਣ ਲਾਲ ਪੱਲਣ, ਪੰਚ ਮੱਖਣ ਸਿੰਘ ਜੌਹਲ, ਬਲਰਾਜ ਸਿੰਘ ਜੌਹਲ, ਰਾਜਵਿੰਦਰ ਸਿੰਘ ਧਾਲੀਵਾਲ (ਗਿੰਨੀਜ਼ ਬੁੱਕ ਹੋਲਡਰ) ਨੇ ਇਸ ਪ੍ਰੋਗਰਾਮ ਦਾ ਉਦਘਾਟਨ ਕੀਤਾ। ਇਸ ਮੌਕੇ ਸਰਪੰਚ ਮੱਖਣ ਪੱਲਣ ਨੇ ਲੋਕਾਂ ਨੂੰ ਤੀਆਂ ਦੇ ਤਿਉਹਾਰ ਦੇ ਮਹੱਤਵ ਬਾਰੇ ਦੱਸਿਆ। ਇਸ ਮੌਕੇ ਬੀਬੀ ਕੁਲਵਿੰਦਰ ਕੌਰ, ਕਮਲਜੀਤ ਕੌਰ, ਸਰਬਜੀਤ, ਬਲਵੀਰ ਕੌਰ, ਪਰਮਜੀਤ ਕੌਰ, ਜਸਵੀਰ ਕੌਰ, ਬਲਜਿੰਦਰ ਕੌਰ, ਸੁਮਨ, ਰਵਿੰਦਰ ਕੌਰ, ਸੀਮਾ, ਮਨਪ੍ਰੀਤ ਕੌਰ ਆਦਿ ਸ਼ਾਮਲ ਸਨ। ਇਸ ਮੌਕੇ ਸਟੇਜ ਦੀ ਸੇਵਾ ਕਰਨੈਲ ਸਿੰਘ ਅਠਵਾਲ ਵੱਲੋਂ ਕਰਾਈ ਗਈ। ਇਸ ਸਮੇਂ ਪ੍ਰਸ਼ਾਸਨ ਇੰਚਾਰਜ ਅਵਤਾਰ ਸਿੰਘ (ਚੌਕੀ ਇੰਚਾਰਜ), ਮੈਡਮ ਬਲਵਿੰਦਰ ਕੌਰ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ। ਗੋਲਗੱਪਿਆਂ ਦੀ ਸੇਵਾ ਪ੍ਰੇਮ ਸਿੰਘ ਤੇ ਲੰਗਰ ਦੀ ਸੇਵਾ ਜਸਵੀਰ ਕੌਰ ਵੱਲੋਂ ਕਰਵਾਈ ਗਈ। ਇਸ ਮੌਕੇ ਰੁਪਿੰਦਰ ਕੌਰ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਸ. ਮੱਖਣ ਪੱਲਣ ਦਾ ਤੀਆਂ ਦੇ ਤਿਉਹਾਰ ਦੇ ਮੇਲੇ 'ਚ ਵਿਸ਼ੇਸ਼ ਸਹਿਯੋਗ ਰਿਹਾ।





# ਕਮਿਊਨਿਟੀ ਹੈੱਲਥ ਅ.ਫਸਰਾਂ ਨੇ ਫੂਕੇ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਪੁਤਲੇ

### 15 ਨੂੰ ਪੰਜਾਬ ਦੇ ਮੰਤਰੀਆਂ ਦਾ ਕਰਨਗੇ ਘੇਰਾਓ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਕਮਿਊਨਿਟੀ ਹੈਲਥ ਅਫ਼ਸਰ ਐਸੋਸੀਏਸ਼ਨ ਦੇ ਆਗੂ ਨਰਿੰਦਰ ਸਿੰਘ ਤੇ ਡਾ. ਪ੍ਰੀਤ ਮਖੀਜਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਸੂਬੇ ਵਿੱਚ 2500 ਸੀਐੱਚਓ ਪਿੰਡਾਂ ਵਿੱਚ ਚੱਲਦੇ ਹੈੱਲਥ ਐਂਡ ਵੈੱਲਨੈਸ ਸੈਂਟਰਾਂ ਵਿੱਚ ਸਿਹਤ ਸੇਵਾਵਾਂ ਦੇ ਰਹੇ ਹਨ ਤੇ ਜ਼ਮੀਨੀ ਪੱਧਰ 'ਤੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ।ਉਹ ਆਪਣੀਆਂ ਮੁਸ਼ਕਲਾਂ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਤੇ ਵਿਭਾਗ ਦੇ ਅਧਿਕਾਰੀਆਂ ਨੂੰ ਵਾਰ ਵਾਰ ਜਾਣੂ ਕਰਵਾ ਚੁੱਕੇ ਹਨ, ਪਰ ਕਿਸੇ ਵੱਲੋਂ ਵੀ ਉਨ੍ਹਾਂ ਦੀ ਸਾਰ ਨਹੀਂ ਲਈ ਗਈ।ਉਨ੍ਹਾਂ ਨੂੰ ਇਸ ਸਰਕਾਰ ਤੋਂ ਬਹੁਤ ਉਮੀਦਾਂ ਸਨ, ਜੋ ਹੁਣ ਖ਼ਤਮ ਹੋ ਗਈਆਂ ਹਨ । ਲਗਾਤਾਰ 2 ਸਾਲਾਂ ਤੋਂ ਉਹ ਸਰਕਾਰ ਦੇ ਮੰਤਰੀਆਂ ਤੇ ਅਹੁਦੇਦਾਰਾਂ ਨੂੰ ਮੰਗ ਪੱਤਰ ਦੇ ਰਹੇ ਹਨ।ਪਿਛਲੇ 1 ਹਫ਼ਤੇ ਵਿੱਚ ਆਗੂਆਂ ਵੱਲੋਂ ਸਰਕਾਰ ਦੇ ਮੰਤਰੀਆਂ ਤੇ ਬਹੁਤ ਸਾਰੇ ਐੱਮ ਐੱਲ ਏਜ਼ ਨਾਲ਼ ਮੁਲਾਕਾਤ ਕੀਤੀ ਗਈ ਤੇ ਮੰਗ ਪੱਤਰ ਦਿੱਤੇ ਗਏ, ਪਰ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।ਪਿਛਲੇ ਮਹੀਨੇ ਮੁੱਖ ਮੰਤਰੀ ਸਾਹਬ ਵੱਲੋਂ ਉਨ੍ਹਾਂ ਨੂੰ 16 ਜੁਲਾਈ ਦੀ ਮੀਟਿੰਗ ਦਿੱਤੀ ਗਈ ਸੀ, ਪਰ ਮੀਟਿੰਗ ਤੋਂ ਇਕ ਦਿਨ ਪਹਿਲਾਂ ਕੈਂਸਲ ਕਰ ਦਿੱਤੀ ਗਈ।ਸਾਰੇ ਮੁਲਾਜ਼ਮਾਂ ਵਿੱਚ ਸਰਕਾਰ ਦੇ ਇਸ ਲਾਰਾ ਲਾਊ ਤੇ ਡੰਗ ਟਪਾਊ ਨੀਤੀ ਪ੍ਰਤੀ ਭਾਰੀ ਰੋਸ ਹੈ।ਆਗੂਆਂ ਨੇ ਦੱਸਿਆ ਕਿ ਉਹ ਪਿੰਡਾਂ ਵਿੱਚ ਲੋਕਾਂ ਨੂੰ ਸਿਹਤ ਸਹੂਲਤਾਂ ਦਿੰਦੇ ਨੇ, ਪਰ ਸਿਹਤ ਵਿਭਾਗ ਵੱਲੋਂ ਲੋੜੀਂਦੀਆਂ ਦਵਾਈਆਂ, ਸ਼ੂਗਰ ਚੈੱਕ ਕਰਨ ਦੀਆਂ ਸਟ੍ਰਿਪਾਂ, ਆਨਲਾਈਨ ਕੰਮ ਕਰਨ ਲਈ ਇੰਟਰਨੈੱਟ ਵਗੈਰਾ ਨਹੀਂ ਦਿੱਤਾ ਜਾਂਦਾ, ਪਰ ਉਨ੍ਹਾਂ 'ਤੇ ਆਪਣੇ ਟਾਰਗੇਟ ਪੂਰੇ ਕਰਨ ਲਈ ਦਬਾਅ ਪਾਇਆ ਜਾਂਦਾ ਹੈ, ਮਜਬੂਰ ਹੋ ਕੇ ਆਪਣੀ ਜੇਬ ਵਿੱਚੋਂ ਖ਼ਰਚਾ ਕਰਕੇ ਉਹ ਲੋਕਾਂ ਨੂੰ ਸਿਹਤ ਸਹੂਲਤਾਂ ਦਿੰਦੇ ਹਨ, ਪਰ ਵਿਭਾਗ ਤੇ ਸਰਕਾਰ ਵੱਲੋਂ ਉਨ੍ਹਾਂ ਨਾਲ਼ ਕੋਈ ਸਹਾਨੁਭੂਤੀ ਨਹੀਂ ਵਿਖਾਈ ਜਾ ਰਹੀ, ਉਲਟਾ ਉਨ੍ਹਾਂ ਦੇ ਇਨਸੈਂਟਿਵ ਰੋਕ ਰੱਖੇ ਨੇ, ਜੋ ਉਨ੍ਹਾਂ ਦੀ ਤਨਖ਼ਾਹ ਦਾ 40 ਪ੍ਰਤੀਸ਼ਤ ਹਿੱਸਾ ਹੈ।ਆਪਣਾ ਰੋਸ ਪਰਕਟ ਕਰਨ ਲਈ ਉਹ ਪਿਛਲੇ 4 ਦਿਨਾਂ ਤੋਂ ਕਾਲੇ ਬਿੱਲੇ ਲਾ ਕੇ ਆਪਣੀ ਡਿਊਟੀ ਕਰ ਰਹੇ ਸਨ, ਪਰ ਨਾ ਹੀ ਵਿਭਾਗ ਤੇ ਨਾ ਹੀ ਸਰਕਾਰ ਵੱਲੋਂ ਉਨ੍ਹਾਂ ਨੂੰ ਕੋਈ ਗੱਲਬਾਤ ਜਾਂ ਮੀਟਿੰਗ ਦਾ ਸੱਦਾ ਦਿੱਤਾ ਗਿਆ ਅਤੇ ਨਾ ਹੀ ਮੰਗਾਂ ਦੇ ਹੱਲ ਕਰਨ ਲਈ ਕੋਈ ਗੰਭੀਰਤਾ ਦਿਖਾਈ ਜਾ ਰਹੀ ਹੈ।ਇਸ ਲਈ ਰੋਸ ਵਜੋਂ ਪੂਰੇ ਪੰਜਾਬ ਵਿੱਚ ਅੱਜ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਉਨ੍ਹਾਂ ਵੱਲੋਂ ਸਰਕਾਰ ਤੇ ਵਿਭਾਗ ਦੇ ਪੁਤਲੇ ਗਏ ਤੇ ਡੀ ਸੀ ਅਤੇ ਸਿਵਲ ਸਰਜਨ ਨੂੰ ਮੰਗ ਪੱਤਰ ਦਿੱਤੇ ਗਏ। ਅਗਲੇ ਪ੍ਰੋਗਰਾਮ ਤਹਿਤ 15 ਅਗਸਤ ਨੂੰ ਉਨ੍ਹਾਂ ਵੱਲੋਂ ਸਰਕਾਰ ਦੇ ਆਗੂਆਂ ਤੇ ਮੰਤਰੀਆਂ ਦਾ ਘੇਰਾਓ ਕੀਤਾ ਜਾਵੇਗਾ।ਧਰਨੇ ਵਿੱਚ ਪ੍ਰਧਾਨ ਮਨਿੰਦਰ ਸਿੰਘ, ਅਮਰੀਕ ਸਿੰਘ, ਗੌਰਵ ਦਾਸ, ਸ਼ਿੰਦਾ ਸਿੰਘ, ਮੋਨਿਕਾ, ਪ੍ਰਤਿਭਾ, ਰਣਜੀਤ ਕੌਰ, ਨਵਜੀਤ ਕੁਮਾਰ, ਸਾਇਮਨ, ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।



# ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ 89ਵਾਂ ਸਥਾਪਨਾ ਦਿਵਸ ਮਨਾਇਆ

### ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ ਨੇ ਲਹਿਰਾਇਆ ਝੰਡਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਮੋਗਾ ਵਿਖੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਮੋਗਾ ਵੱਲੋਂ ਜਥੇਬੰਦੀ ਦਾ 89ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਸਾਬਕਾ ਕੌਮੀ ਗਰਲਜ਼ ਕਨਵੀਨਰ ਸਾਥੀ ਕਰਮਵੀਰ ਬੱਧਨੀ ਨੇ ਨਿਭਾਈ। ਇਸ ਮੌਕੇ ਗੱਲਬਾਤ ਕਰਦਿਆਂ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਫ) ਵਿਦਿਆਰਥੀਆਂ ਦੀ ਸਭ ਤੋਂ ਪੁਰਾਣੀ ਤੇ ਸਿਰਮੌਰ ਜਥੇਬੰਦੀ ਹੈ। ਏ ਆਈ ਐੱਸ ਐੱਫ ਦੀ ਸਥਾਪਨਾ ਆਜ਼ਾਦੀ ਤੋਂ ਤਕਰੀਬਨ 111 ਸਾਲ ਪਹਿਲਾਂ 12 ਅਗਸਤ 1936 ਨੂੰ ਲਖਨਊ ਦੇ ਗੰਗਾ ਰਾਮ ਮੈਮੋਰੀਅਲ ਹਾਲ ਵਿੱਚ ਕੀਤੀ ਗਈ। 12-13 ਅਗਸਤ ਨੂੰ ਦੋ ਦਿਨ ਹੋਈ ਕਾਨਫਰੰਸ ਵਿੱਚ ਪ੍ਰੇਮ ਨਰਾਇਣ ਭਾਰਗਵ ਪਹਿਲੇ ਜਨਰਲ ਸਕੱਤਰ ਬਣੇ। ਏ ਆਈ ਐੱਸ ਐੱਫ ਦਾ ਆਜ਼ਾਦੀ ਸੰਗਰਾਮ ਵਿੱਚ ਮਹੱਤਵਪੂਰਨ ਯੋਗਦਾਨ ਸੀ ਤੇ ਅਨੇਕਾਂ ਵਿਦਿਆਰਥੀਆਂ ਨੇ ਸ਼ਹਾਦਤ ਦਿੱਤੀ। ਉਦੋਂ ਤੋਂ ਲੈ ਕੇ ਹੁਣ ਤੱਕ ਵਿਦਿਆਰਥੀ ਸੰਘਰਸ਼ ਦੇ ਨਾਲ-ਨਾਲ ਸਮਾਜਿਕ ਰਾਜਨੀਤਕ ਘੋਲ, ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ਼ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਗੱਲਬਾਤ ਕਰਦਿਆਂ ਜਥੇਬੰਦੀ ਦੇ ਆਗੂ ਇੰਦਰਜੀਤ ਦੀਨਾ ਤੇ ਗੁਰਦਿੱਤ ਦੀਨਾ ਨੇ ਕਿਹਾ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ ਵਿਦਿਆਰਥੀਆਂ ਦੇ ਹਿੱਤਾਂ ਲਈ ਹਮੇਸ਼ਾ ਹੀ ਅੱਗੇ ਹੋ ਕੇ ਸੰਘਰਸ਼ ਕੀਤਾ ਹੈ, ਚਾਹੇ ਉਹ ਬੱਸ ਪਾਸ, ਫੀਸਾਂ ਵਿੱਚ ਵਾਧਾ, ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਮੁੱਦਾ ਹੋਵੇ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਆਲ ਇੰਡਿਆ ਯੂਥ ਫੈਡਰੇਸ਼ਨ ਜ਼ਿਲ੍ਹਾ ਮੋਗਾ ਦੇ ਇੰਚਾਰਜ ਕਾਮਰੇਡ ਕੁਲਦੀਪ ਭੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਜ਼ਿਲ੍ਹਾ ਆਗੂ ਹਰਪ੍ਰੀਤ ਨਿਹਾਲ ਸਿੰਘ ਵਾਲਾ, ਬਲਕਰਨ ਲੋਹਟ, ਨਵਜੋਤ ਬਿਲਾਸਪੁਰ, ਨਵਕਿਰਨ ਬੱਧਨੀ, ਸਵਰਾਜ ਖੋਸਾ, ਜਸਪ੍ਰੀਤ ਧਾਲੀਵਾਲ, ਸੁੱਖਾ ਮਹੇਸ਼ਰੀ, ਕੁਲਬੀਰ ਮਹੇਸ਼ਰੀ, ਲਖਵੀਰ ਸਿੰਘ ਰਾਜੂ, ਲਵਨ ਮੋਗਾ, ਅਮਨਦੀਪ ਮੋਗਾ ਆਦਿ ਹਾਜ਼ਰ ਸਨ।

## ਜ਼ੋਨ ਖੇਡਾਂ 'ਚ ਡੀ ਐੱਮ ਗਰੁੱਪ ਕਰਾੜਵਾਲਾ ਦੀ ਚੜ੍ਹਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਸਕੂਲ ਸਿੱਖਿਆ ਵਿਭਾਗ ਵੱਲੋਂ ਮੰਡੀ ਕਲਾਂ ਜ਼ੋਨ ਵਿਖੇ ਕਰਵਾਈਆਂ ਗਈਆਂ 68ਵੀਆਂ ਖੇਡਾਂ ਵਿੱਚ ਡੀ ਐੱਮ ਗਰੁੱਪ ਕਰਾੜਵਾਲਾ ਦੀਆਂ ਵੱਖ ਵੱਖ ਖੇਡ ਟੀਮਾਂ ਨੇ ਸੱਤ ਗੋਲਡ, ਦੋ ਸਿਲਵਰ ਅਤੇ ਦੋ ਕਾਂਸ਼ੀ ਦੇ ਮੈਡਲ ਜਿੱਤ ਕੇ 100 ਤੋਂ ਵੱਧ ਖਿਡਾਰੀਆਂ ਨੇ ਜ਼ਿਲ੍ਹਾ ਪੱਧਰ ਤੇ ਦਾਖਲਾ ਪੱਕਾ ਕੀਤਾ। ਜਾਣਕਾਰੀ ਮੁਤਾਬਕ ਫੁੱਟਬਾਲ ਵਿੱਚ ਅੰਡਰ-14 (ਲੜਕੇ), ਅੰਡਰ-14,17 (ਲੜਕੀਆਂ), ਸ਼ਤਰੰਜ ਵਿੱਚ ਅੰਡਰ-17 (ਲੜਕੀਆਂ), ਰੱਸਾਕਸੀ ਵਿੱਚ ਅੰਡਰ-17 (ਲੜਕੇ), ਕਬੱਡੀ ਤੇ ਬਾਕਸਿੰਗ ਵਿੱਚ ਅੰਡਰ-19 (ਲੜਕੇ) ਨੇ ਪਹਿਲਾ ਸਥਾਨ ਹਾਸਲ ਕੀਤਾ, ਜਦੋਂਕਿ ਅੰਡਰ-19 ਲੜਕੀਆਂ ਨੇ ਫੁੱਟਬਾਲ ਤੇ ਅੰਡਰ-17 ਲੜਕੀਆਂ ਕਬੱਡੀ ਵਿੱਚ ਦੂਜਾ ਸਥਾਨ, ਅੰਡਰ-19 ਲੜਕੀਆਂ ਤੇ ਅੰਡਰ-17 ਲੜਕਿਆਂ ਨੇ ਫੁੱਟਬਾਲ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਇੰਜ. ਅਵਤਾਰ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੱਕ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਖੇਡਾਂ ਦਾ ਵੱਡਾ ਯੋਗਦਾਨ ਹੁੰਦਾ ਹੈ ਅਤੇ ਅਖੀਰ ਉਨ੍ਹਾਂ ਜੇਤੂ ਖਿਡਾਰੀਆਂ, ਸਬੰਧਤ ਸਟਾਫ ਤੇ ਬੱਚਿਆਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ।

## ...ਸ.ਫ਼ਾ 1 ਦੇ ਬਾਕੀ

### 500 ਰੁਪਏ ਦੇ...

ਜੀਵਨ ਨੂੰ ਸਰਲ ਬਣਾਉਣਾ ਹੈ। ਉਹਨਾ ਕਿਹਾ ਕਿ ਖਪਤਕਾਰ ਘਰ ਬੈਠੇ ਹੀ ਇਕ ਵਾਰ ਹੀ https://epds.haryanafood.gov.in ਲਿੰਕ ਤੇ ਰਜਿਸਟ੍ਰੇਸ਼ਨ ਕਰਵਾ ਕੇ ਯੋਜਨਾ ਦਾ ਲਾਭ ਲੈ ਸਕਦੇ ਹਨ। ਖਪਤਕਾਰ ਸਾਲ ਵਿਚ 12 ਸਿਲੰਡਰ ਭਰਵਾ ਸਕਦੇ ਹਨ। ਸਿਲੰਡਰ ਭਰਵਾਉਣ 'ਤੇ ਬਾਕੀ ਰਕਮ (500 ਰੁਪਏ ਤੋਂ ਵੱਧ) ਹਰਕੇ ਮਹੀਨੇ ਉਨ੍ਹਾਂ ਦੇ ਖਾਤੇ ਵਿਚ ਵਾਪਸ ਪਾ ਦਿੱਤੀ ਜਾਵੇਗੀ। ਇਸ ਦੀ ਸੂਚਨਾ ਖਪਤਕਾਰ ਦੇ ਮੋਬਾਇਲ ਫੋਨ 'ਤੇ ਐੱਸ ਐੱਮ ਐੱਸ ਰਾਹੀਂ ਦਿੱਤੀ ਜਾਵੇਗੀ।


## ਕੋਰਟ ਨੋਟਿਸ

ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ
V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਂਅ : ਲਵਨੀਤਪਾਲ ਸਿੰਘ, ਪਿਤਾ/ਪਤੀ ਦਾ ਨਾਂਅ : ਗੁਰਸੇਵਕ ਸਿੰਘ
ਪਤਾ : Village Naushehra, Teh. and District Tarn Taran.
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ :-
ਨਾਮ : ਗੁਰਪ੍ਰੀਤ ਸਿੰਘ, ਪੱਕਾ ਪਤਾ : Village Naushehra, Tehsil and District Tarn Taran, Naushehra 177) Sub Tehsil Jhabal, Tarn Taran, Punjab
ਵਿਦੇਸ਼ੀ ਪਤਾ : Skorochod Majewskiego 36/77,02-104 Warsaw Poland/ ਸਕੋਰੋਚੋਡ ਮਾਜੇਵਸਕੀਗੋ 36 77 02 104 ਵਾਰਸਾ, ਪੋਲੈਂਡ
ਉਮਰ/ਜਨਮ ਮਿਤੀ : 31-(10-10-1992)
ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ। ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 12.8.24 ਨੂੰ ਜਾਰੀ ਹੋਇਆ।
ਨੰਬਰ /M.A./MCI/227-229 ਮਿਤੀ : 12.8.2024
ਸਹੀ/- ਜ਼ਿਲ੍ਹਾ ਮੈਰਿਜ ਅਫਸਰ, ਤਰਨ ਤਾਰਨ।

AXIS BANK LTD.
ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਕਾਰਪੋਰੇਟ ਦਫਤਰ : 'ਐਕਸਿਸ ਹਾਊਸ', ਬਲਾਕ-ਬੀ, ਬੌਂਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

### ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਭੌਤਿਕ ਕਬਜ਼ੇ ਦੀ ਮਿਤੀ / ਡੀਮਾਂਡ ਨੋਟਿਸ 'ਚ ਰਕਮ (ਰੁਪਏ) |
|---|---|
| 1. ਸ੍ਰੀ ਯੂਸਫ ਪੁੱਤਰ ਰਈਸ ਅਹਿਮਦ ਅਤੇ 2 ਸ੍ਰੀਮਤੀ ਰਹੀਸ਼ਾ ਪਤਨੀ ਰਈਸ ਅਹਿਮਦ ਦੋਵੇਂ ਵਾਸੀ # 32, ਗੁਰੂ ਸੰਤ ਨਗਰ, ਬਸਤੀ ਗੁਜਾਂ, ਜ਼ਿਲ੍ਹਾ ਜਲੰਧਰ-144002, ਨਾਲ ਹੀ : ਮਕਾਨ ਨੰ. 50, ਗੁਰੂ ਨਾਨਕ ਨਗਰ, ਬਸਤੀ ਦਾਨਿਸ਼ਮੰਦਾਂ, ਜ਼ਿਲ੍ਹਾ ਜਲੰਧਰ-144002, ਨਾਲ ਹੀ : ਯੂਸਫ ਪੁੱਤਰ ਰਈਸ ਅਹਿਮਦ ਮਾਲਕ ਮੈਸ : ਯੂਸਫ ਇੰਟਰੀਅਰ ਡਿਜ਼ਾਇਨਰ ਐਂਡ ਪੇਂਟ ਕੰਟਰੈਕਟਰ, # 32, ਗੁਰੂ ਸੰਤ ਨਗਰ, ਬਸਤੀ ਦਾਨਿਸ਼ਮੰਦਾਂ, ਜ਼ਿਲ੍ਹਾ ਜਲੰਧਰ-144002<br>ਕਰਜ਼ਾ ਖਾਤਾ ਨੰ. ਐੱਲ ਪੀ ਆਰ 015507320533 | 14 ਨਵੰਬਰ 2022<br>09 ਅਗਸਤ 2024<br>ਰੁਪਏ 25,56,700/- (ਪੱਚੀ ਲੱਖ ਛਪੰਜਾ ਹਜ਼ਾਰ ਸੱਤ ਸੌ ਰੁਪਏ ਕੇਵਲ) |

ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 6186 ਮਿਤੀ 11.10.2012 ਅਨੁਸਾਰ ਸ੍ਰੀਮਤੀ ਰਹੀਸ਼ਾ ਪਤਨੀ ਰਹੀਸ ਅਹਿਮਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 50, ਰਕਬਾ 05 ਮਰਲੇ 75 ਵਰਗ ਫੁੱਟ, ਖੱਤਾ ਨੰ. 474/528, ਖਸਰਾ ਨੰ. 1203 (9-8), ਹਦਬਸਤ ਨੰ. 312, ਜਮ੍ਹਾਂਬੰਦੀ ਸਾਲ 1997-1998, ਗੁਰੂ ਨਾਨਕ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਮਾਲਕ, ਉੱਤਰ : ਮਕਾਨ ਨੰ. 49, ਦੱਖਣ : ਮਾਲਕ

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।
ਮਿਤੀ : 13-08-2024, ਸਥਾਨ : ਜਲੰਧਰ — ਸਹੀ/-(ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

Capital Small Finance Bank
HO:- MIDAS Corporate Park, 3rd Floor, 37, G.T. Road, Jalandhar-144001, Punjab, India.

### ਕਬਜ਼ਾ ਨੋਟਿਸ [ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਤਹਿਤ ]

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਤਹਿਤ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਮੈਸ: ਐੱਸ ਵੀ ਟੈਕਸਟਾਇਲਜ਼ ਸ੍ਰੀ ਸੰਦੀਪ ਕੁਮਾਰ ਸ਼ਰਮਾ ਪੁੱਤਰ ਮੋਹਿੰਦਰਪਾਲ ਸ਼ਰਮਾ, ਸ੍ਰੀਮਤੀ ਸੱਜਣੀ ਸ਼ਰਮਾ ਪਤਨੀ ਸ੍ਰੀ ਯੋਗੇਸ਼ ਸ਼ਰਮਾ, ਸ੍ਰੀਮਤੀ ਵੀਨਾ ਸ਼ਰਮਾ ਪਤਨੀ ਸ੍ਰੀ ਸੰਦੀਪ ਸ਼ਰਮਾ ਅਤੇ ਸ੍ਰੀ ਪਾਰੁਲ ਸ਼ਰਮਾ ਪੁੱਤਰ ਸ੍ਰੀ ਸੰਦੀਪ ਸ਼ਰਮਾ ਨੂੰ 07.08.2023 'ਤੇ ਨੋਟਿਸ 'ਚ ਦਰਸਾਈ ਰਕਮ ਰੁਪਏ 71, 77, 805/- (ਇਕੱਤਰ ਲੱਖ ਸਤੱਤਰ ਹਜ਼ਾਰ ਅੱਠ ਸੌ ਪੰਜ ਰੁਪਏ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਅਚਨਚੇਤੀ ਖਰਚਿਆਂ ਦੇ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 07 ਅਗਸਤ 2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 08 ਅਗਸਤ 2024 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰ/ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ 07.08.2023 'ਤੇ ਰੁਪਏ 71,77,805/- (ਇਕੱਤਰ ਲੱਖ ਸਤੱਤਰ ਹਜ਼ਾਰ ਅੱਠ ਸੌ ਪੰਜ ਰੁਪਏ ਕੇਵਲ) ਸਮੇਤ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਭਵਿੱਖੀ ਵਿਆਜ, ਲਾਗਤ ਅਤੇ ਅਚਨਚੇਤੀ ਖਰਚਿਆਂ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ** : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ. 1536 ਮਿਤੀ 12.07.2010 ਅਨੁਸਾਰ ਸ੍ਰੀਮਤੀ ਸੱਜਣੀ ਸ਼ਰਮਾ ਪਤਨੀ ਸ੍ਰੀ ਯੋਗੇਸ਼ ਕੁਮਾਰ ਵਾਸੀ 898, ਗਲੀ ਨੰ. 04, ਬਸਤੀ ਜੋਧੇਵਾਲ ਲੁਧਿਆਣਾ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਿੰਡ ਬਸਤੀ ਜੋਧੇਵਾਲ, ਹਦਬਸਤ ਨੰ. 77, ਲੁਧਿਆਣਾ ਅਤੇ ਬੈਨਾਮਾ ਨੰ. 1532 ਮਿਤੀ 12.07.2010 ਅਨੁਸਾਰ ਸ੍ਰੀਮਤੀ ਵੀਨਾ ਸ਼ਰਮਾ ਪਤਨੀ ਸ੍ਰੀ ਸੰਦੀਪ ਸ਼ਰਮਾ ਵਾਸੀ 898, ਗਲੀ 4, ਬਸਤੀ ਜੋਧੇਵਾਲ, ਲੁਧਿਆਣਾ ਦੀ ਮਲਕੀਅਤ ਜਾਇਦਾਦ ਰਕਬਾ 100 ਵਰਗ ਗਜ਼, ਪਿੰਡ ਬਸਤੀ ਜੋਧੇਵਾਲ, ਹਦਬਸਤ ਨੰ. 77, ਲੁਧਿਆਣਾ ਸਥਿਤ ਨਾਲ ਸੰਬੰਧਤ ਸਭ ਕੁਝ।

ਸਥਾਨ : ਲੁਧਿਆਣਾ — ਮਿਤੀ 08-08-2024 — ਸਹੀ/- ਅਧਿਕਾਰਤ ਅਫਸਰ

AXIS BANK
Retail Assets Center: AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
Retail Assets Center: AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
Registered Office: 'Trishul', 3rd floor, Opposite Samartheswar Temple, Law Garden, Ellisbridge, Ahmedabad-380006.

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ, ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸਾਂ ਦਾ ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ਾ ਰਕਮ | ਸਕਿਉਰਡ ਐੱਸਟ ਦੇ ਵੇਰਵੇ |
|---|---|---|---|---|---|---|
| ਗੁਰਪ੍ਰੀਤ ਸਿੰਘ, ਮਕਾਨ ਨੰ. 79, ਗਲੀ ਨੰ. 1, ਨਿਊ ਮੋਹਿੰਦਰਾ ਕਾਲੋਨੀ, ਬਟਾਲਾ ਰੋਡ, ਅੰਮ੍ਰਿਤਸਰ, ਪੰਜਾਬ-143001 ਕੰਮ ਦਾ ਪਤਾ : ਰੰਧਾਵਾ ਰੋਡਲਾਈਨ, ਅਟਾਰੀ ਦਾਣਾ ਮੰਡੀ, ਅੰਮ੍ਰਿਤਸਰ-143001 | | 04 ਜਨਵਰੀ 2021 | 29 ਅਪ੍ਰੈਲ 2024 | ਰੁਪਏ 11,70,725/- (ਗਿਆਰਾਂ ਲੱਖ ਸੱਤਰ ਹਜ਼ਾਰ ਸੱਤ ਸੌ ਪੱਚੀ ਰੁਪਏ ਕੇਵਲ) | ਰੁਪਏ 8,60,001/ (ਅੱਠ ਲੱਖ ਸੱਠ ਹਜ਼ਾਰ ਇੱਕ ਰੁਪਏ ਕੇਵਲ) | Loan Account No. AUR068503940488 Vehicle- Maruti Swift Dzire ZDI, Reg No. PB02DU4581 Engine No. D13A-3477257, Chassis No. MA3CZFC3SKB495634 |
| ਧਨੋਆ ਗੁੱਡਜ਼ ਕੈਰੀਅਰ, ਮੈਸ: ਧਨੋਆ ਗੁੱਡਜ਼ ਕੈਰੀਅਰ, ਪਿੰਡ ਟੈਂਗੋ, ਖਰੜ, ਬਨੂੜ ਹਾਈਵੇ, ਨੇੜੇ ਅਵਤਾਰ ਢਾਬਾ ਮੋਹਾਲੀ, ਪੰਜਾਬ-140306 | ਪਰਮਿੰਦਰ ਸਿੰਘ ਪੁੱਤਰ ਨਾਰੰਗ ਸਿੰਘ, ਬਦਰਪੁਰ, ਕਾਲੇਵਾਲ, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140103 | 18 ਜੂਨ 2023 | 29 ਅਪ੍ਰੈਲ 2024 | ਰੁਪਏ 23,83, 906/- (ਤੇਈ ਲੱਖ ਤਰਿਆਸੀ ਹਜ਼ਾਰ ਨੌ ਸੌ ਛੇ ਰੁਪਏ ਕੇਵਲ) | ਰੁਪਏ 35,84,696/- (ਪੈਂਤੀ ਲੱਖ ਚੁਰਾਸੀ ਹਜ਼ਾਰ ਛੇ ਸੌ ਛਿਆਨਵੇਂ ਰੁਪਏ ਕੇਵਲ) | Loan Account No. CVR004106536981 Vehicle- Ashok Ley Cabin Chassis -AL 41, Reg No. PB65BB3811, Engine No. MDPZ114124, Chassis No. MB1KWVHD5MPDN6688 |
| ਧਨੋਆ ਗੁੱਡਜ਼ ਕੈਰੀਅਰ, ਦੁਕਾਨ ਨੰ. 3, ਬਡਮਾਜਰਾ, ਬਲੌਂਗੀ, ਮੋਹਾਲੀ, ਪੰਜਾਬ-160055 | ਪਰਮਿੰਦਰ ਸਿੰਘ ਪੁੱਤਰ ਨਾਰੰਗ ਸਿੰਘ, ਬਦਰਪੁਰ, ਕਾਲੇਵਾਲ, ਐੱਸ ਏ ਐੱਸ ਨਗਰ, ਮੋਹਾਲੀ, ਪੰਜਾਬ-140103 | 18 ਜੂਨ 2023 | 29 ਅਪ੍ਰੈਲ 2024 | ਰੁਪਏ 18,20,898/- (ਅਠਾਰਾਂ ਲੱਖ ਵੀਹ ਹਜ਼ਾਰ ਅੱਠ ਸੌ ਅਠਾਨਵੇਂ ਰੁਪਏ ਕੇਵਲ) | ਰੁਪਏ 33,79,430/- (ਤੇਤੀ ਲੱਖ ਉਨਾਸੀ ਹਜ਼ਾਰ ਚਾਰ ਸੌ ਤੀਹ ਰੁਪਏ ਕੇਵਲ) | Loan Account No.- CVR004105417510 Vehicle – Tata Motors LTD- Cowl Chassis 3518, Reg No. PB65AY7411 Engine No. B5.6B6A180D02102C63833531 Chassis No. MAT796003L1CO1369 |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਏ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।
ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਰ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।
ਮਿਤੀ: 13.08.2024, ਸਥਾਨ : ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

SBI
RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA

### ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਸੰਬੰਧਤ ਪਾਰਟੀਆਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਚਿਤਾਵਨੀ ਦਿੱਤੀ ਜਾਂਦੀ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਅਚੱਲ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 1. | (ਕਰਜ਼ਦਾਰ) ਸ੍ਰੀਮਤੀ ਰੁਚੀ ਭਾਰਤੀ ਪਤਨੀ ਸ੍ਰੀ ਅਮਿਤ ਭਾਰਤੀ, ਵਾਸੀ ਮਕਾਨ ਨੰ. ਬੀ/11/883 ਏ, ਗਲੀ ਨੰ. 2, ਨੇੜੇ ਸੀ ਐੱਮ ਸੀ ਹਸਪਤਾਲ, ਸਿਕੰਦਰੀ ਰੋਡ, ਲੁਧਿਆਣਾ-141008 | ਬੈਨਾਮਾ ਵਸੀਕਾ ਨੰ. 2020-21/106/1/9496 ਮਿਤੀ 17.11.2020 ਅਨੁਸਾਰ ਸ੍ਰੀਮਤੀ ਰੁਚੀ ਭਾਰਤੀ ਪਤਨੀ ਸ੍ਰੀ ਅਮਿਤ ਭਾਰਤੀ ਦੇ ਨਾਂਅ 'ਤੇ ਜਾਇਦਾਦ/ਪਲਾਟ ਨੰ. ਬੀ/11/883 ਏ, ਰਕਬਾ 80 ਵਰਗ ਗਜ਼, ਅਬਾਦੀ ਸਿਕੰਦਰੀ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਸ਼ਾਮ ਸਿੰਘ 29'-6", ਪੱਛਮ : ਗਲੀ ਨੰ. -2, 29'-6", ਉੱਤਰ : ਹਰਬੰਸ ਕੌਰ 24'-6", ਦੱਖਣ : ਪ੍ਰਲਾਦ ਸਿੰਘ 24'-6" | 16.05.2024 | 08.08.2024 | ਸੰਕੇਤਕ ਕਬਜ਼ਾ<br>15.05.2024 'ਤੇ ਰੁ. 24,37,645/- (ਚੌਵੀ ਲੱਖ ਸੈਂਤੀ ਹਜ਼ਾਰ ਛੇ ਸੌ ਪੰਜਤਾਲੀ ਰੁਪਏ ਕੇਵਲ) ਸਮੇਤ 16.05.2024 ਤੋਂ ਇਸ ਉਪਰ ਭਵਿੱਖੀ ਵਿਆਜ ਜਮ੍ਹਾਂ ਲਾਗਤਾਂ ਚਾਰਜਿਜ਼ ਅਤੇ ਹੋਰ ਖਰਚੇ। |
| 2. | (ਕਰਜ਼ਦਾਰ) ਸ੍ਰੀ ਤੀਰਥ ਰਾਮ ਪੁੱਤਰ ਸ੍ਰੀ ਖਰੈਤੀ ਲਾਲ (2) ਸ੍ਰੀਮਤੀ ਵੀਨਾ ਰਾਣੀ ਪਤਨੀ ਸ੍ਰੀ ਤੀਰਥ ਰਾਮ, ਵਾਸੀ ਮਕਾਨ ਨੰ. 6890, ਗਲੀ ਨੰ. 12, ਨਿਊ ਜਨਤਾ ਨਗਰ, ਲੁਧਿਆਣਾ-141001 | ਬੈਨਾਮਾ ਵਸੀਕਾ ਨੰ. 3290 ਮਿਤੀ 28.06.2010 ਅਨੁਸਾਰ ਸ੍ਰੀ ਤੀਰਥ ਰਾਮ ਅਤੇ ਸ੍ਰੀਮਤੀ ਵੀਨਾ ਰਾਣੀ ਦੇ ਨਾਂਅ 'ਤੇ ਜਾਇਦਾਦ/ਪਲਾਟ ਰਕਬਾ 75 ਵਰਗ ਗਜ਼, ਖੱਤਾ ਨੰ. 11/17, ਖਸਰਾ ਨੰ. 652-653-655-654 ਜਮ੍ਹਾਂਬੰਦੀ ਸਾਲ 2005-06, ਪਿੰਡ ਗਿੱਲ, ਹਦਬਸਤ ਨੰ. 263, ਅਬਾਦੀ ਦੁਰਗਾ ਨਗਰ, ਨੇੜੇ ਸ਼ਿਮਲਾਪੁਰੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਹੱਦਾਂ : ਪੂਰਬ : ਬਲਵੰਤ ਸਿੰਘ 45, ਪੱਛਮ : ਜਸਵੀਰ ਸਿੰਘ 45', ਉੱਤਰ : ਗਲੀ 15', ਦੱਖਣ : ਗਲੀ 15' | 16.04.2024 | 08.08.2024 | ਸੰਕੇਤਕ ਕਬਜ਼ਾ<br>10.04.2024 'ਤੇ ਰੁ. 12,50,053/- (ਬਾਰਾਂ ਲੱਖ ਪੰਜਾਹ ਹਜ਼ਾਰ ਤਰਵੰਜਾ ਰੁਪਏ ਕੇਵਲ) ਸਮੇਤ ਇਸ ਉਪਰ 11.04.2024 ਤੋਂ ਭਵਿੱਖੀ ਵਿਆਜ ਜਮ੍ਹਾਂ ਲਾਗਤਾਂ, ਚਾਰਜਿਜ਼ ਅਤੇ ਹੋਰ ਖਰਚੇ। |

ਮਿਤੀ : 12.08.2024 — ਸਥਾਨ : ਲੁਧਿਆਣਾ — ਅਧਿਕਾਰਤ ਅਫਸਰ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in


हरियाणा सरकार
"सरकार का ध्येय है कि अब विकास कार्यों को और भी तीव्रता से संपन्न करवाना है, इसी श्रंखला में राज्यभर में आधारभूत संरचनाओं को शीघ्रता से मजबूत किया जा रहा है।"
- नायब सिंह सैनी
"आज हमारी हर नीति, हर रणनीति- जनकल्याण से राष्ट्रकल्याण की है। जन अभियान से राष्ट्रनिर्माण की है।"
- नरेन्द्र मोदी
म्हारा हरियाणा
नॉन-स्टॉप हरियाणा
जन संवाद में आये आवेदनों के अनुसार निरंतर हो रहा विकास
हमने कहा ही नहीं कर के दिखाया
निरंतर विकास से विश्वास बढ़ाया
₹3,400 करोड़ की लागत से
600 परियोजनाओं का
उद्घाटन 220
एवं
शिलान्यास 380
मुख्य अतिथि
श्री नायब सिंह सैनी
मुख्यमंत्री
13 अगस्त, 2024 | प्रातः 11 बजे
ताऊ देवी लाल स्टेडियम, सेक्टर- 3, पंचकूला
कार्यक्रम से जुड़ने के लिए क्यू आर कोड स्कैन करें
जनसंवाद : संवाद से समृद्धि, संकल्प से सिद्धि
सूचना, जन सम्पर्क एवं भाषा विभाग, हरियाणा
www.prharyana.gov.in | Follow us on @dipharyana

ਨਵਾਂ ਜ਼ਮਾਨਾ
ਮੰਗਲਵਾਰ, 13 ਅਗਸਤ 2024

# ਹਿੰਡਨਬਰਗ ਦੇ ਨਵੇਂ ਖ਼ੁਲਾਸੇ

ਹਿੰਡਨਬਰਗ ਰਿਸਰਚ ਦੀ ਤਾਜ਼ਾ ਰਿਪੋਰਟ ਤੋਂ ਬਾਅਦ ਦੇਸ਼ ਦੇ ਸਿਆਸੀ ਹਲਕਿਆਂ ਵਿੱਚ ਭੁਚਾਲ ਆਇਆ ਹੋਇਆ ਹੈ। ਕਈ ਹਲਕੇ ਇਹ ਵੀ ਕਹਿ ਰਹੇ ਹਨ ਕਿ ਹਿੰਡਨਬਰਗ ਵੱਲੋਂ ਇਸ ਸੰਬੰਧੀ ਰਿਪੋਰਟ ਪੇਸ਼ ਕੀਤੇ ਜਾਣ ਦੇ ਕੀਤੇ ਦਾਅਵੇ ਤੋਂ ਬਾਅਦ ਸੰਸਦ ਦਾ ਅਜਲਾਸ ਸਮੇਂ ਤੋਂ ਤਿੰਨ ਦਿਨ ਪਹਿਲਾਂ ਉਠਾਅ ਦੇਣ ਦੀ ਕਾਰਵਾਈ ਵੀ ਇਸ ਰਿਪੋਰਟ ਦੇ ਡਰ ਕਾਰਨ ਹੀ ਕੀਤੀ ਗਈ ਸੀ, ਕਿਉਂਕਿ ਸੰਸਦ ਵਿੱਚ ਇਸ ਮਾਮਲੇ ਉੱਤੇ ਜੇ ਪੀ ਸੀ ਦੀ ਮੰਗ ਉੱਠ ਖੜ੍ਹੀ ਹੋਣੀ ਸੀ। ਇਸ ਵਾਰ ਹਿੰਡਨਬਰਗ ਵੱਲੋਂ ਸੇਬੀ ਪ੍ਰਮੁੱਖ ਦੇ ਅਡਾਨੀ ਨਾਲ ਸੰਬੰਧਾਂ ਦਾ ਖ਼ੁਲਾਸਾ ਕੀਤਾ ਗਿਆ ਹੈ। ਇਸ ਰਿਪੋਰਟ ਦਾ ਖ਼ੁਲਾਸਾ ਹੋਣ ਤੋਂ ਬਾਅਦ ਸੇਬੀ ਪ੍ਰਮੁੱਖ ਮਾਧਵੀ ਪੁਰੀ ਬੁੱਚ ਨੇ ਜੋ ਸਫ਼ਾਈ ਦਿੱਤੀ ਹੈ, ਉਸ ਨੇ ਵਿਵਾਦ ਨੂੰ ਹੋਰ ਵਧਾ ਦਿੱਤਾ ਹੈ। ਹਿੰਡਨਬਰਗ ਰਿਪੋਰਟ ਨੇ ਦੋਸ਼ ਲਾਇਆ ਸੀ ਕਿ ਸੇਬੀ ਪ੍ਰਮੁੱਖ ਬੁੱਚ ਦੇ ਅਡਾਨੀ ਸਮੂਹ ਨਾਲ ਕਾਰੋਬਾਰੀ ਰਿਸ਼ਤੇ ਹਨ, ਜਿਸ ਕਾਰਨ ਉਹ ਅਡਾਨੀ ਸਮੂਹ ਦੀਆਂ ਕੰਪਨੀਆਂ ਦੀਆਂ ਹੇਰਾਫੇਰੀਆਂ ਪ੍ਰਤੀ ਨਰਮ ਰਵੱਈਆ ਰੱਖਦੀ ਹੈ। ਮਾਧਵੀ ਬੁੱਚ ਤੇ ਉਸ ਦੇ ਪਤੀ ਨੇ ਇਸ ਦਾ ਖੰਡਨ ਕੀਤਾ ਸੀ।

ਇਸ ਦੇ ਜਵਾਬ ਵਿੱਚ ਹਿੰਡਨਬਰਗ ਨੇ ਕਿਹਾ ਹੈ ਕਿ ਸੇਬੀ ਪ੍ਰਮੁੱਖ ਮਾਧਵੀ ਬੁੱਚ ਨੇ ਸਫ਼ਾਈ ਵਿੱਚ ਕਈ ਮਹੱਤਵਪੂਰਨ ਦੋਸ਼ ਮੰਨ ਲਏ ਹਨ, ਜਿਹੜੇ ਨਵੇਂ ਸਵਾਲ ਖੜ੍ਹੇ ਕਰਦੇ ਹਨ। ਹਿੰਡਨਬਰਗ ਨੇ ਪਿਛਲੇ ਸਾਲ ਜਨਵਰੀ ਵਿੱਚ ਅਡਾਨੀ ਸਮੂਹ ਦੀਆਂ ਕੰਪਨੀਆਂ ਵਿਰੁੱਧ ਕਾਰਪੋਰੇਟ ਨਿਯਮਾਂ ਦੀ ਉਲੰਘਣਾ ਤੇ ਸਟਾਕ ਹੇਰਾਫੇਰੀ ਦੇ ਦੋਸ਼ ਲਾਏ ਸਨ। ਸੇਬੀ ਨੇ ਇਸ ਮਾਮਲੇ ਦੀ ਜਾਂਚ ਦੇ ਨਾਂਅ 'ਤੇ ਸਿਰਫ਼ ਖਾਨਾਪੂਰਤੀ ਕੀਤੀ ਸੀ। ਹੁਣ ਆਈ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਿਵੇਂ ਸੇਬੀ ਪ੍ਰਮੁੱਖ ਮਾਧਵੀ ਤੇ ਉਸ ਦੇ ਪਤੀ ਧਵਲ ਬੁੱਚ ਦੇ ਅਡਾਨੀ ਸਮੂਹ ਨਾਲ ਸੰਬੰਧ ਹਨ ਤੇ ਕਿਵੇਂ ਉਨ੍ਹਾਂ ਅਡਾਨੀ ਸਮੂਹ ਦੀਆਂ ਕੰਪਨੀਆਂ ਵਿੱਚ ਨਿਵੇਸ਼ ਕੀਤਾ ਹੋਇਆ ਹੈ। ਹਿੰਡਨਬਰਗ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਨੇ ਇਹ ਸਾਰੇ ਦੋਸ਼ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਲਾਏ ਹਨ। ਬੁੱਚ ਵੱਲੋਂ ਕੋਈ ਵੀ ਗਲਤ ਕੰਮ ਨਾ ਕਰਨ ਦੇ ਦਾਅਵਿਆਂ ਉੱਤੇ ਪਲਟਵਾਰ ਕਰਦਿਆਂ ਹਿੰਡਨਬਰਗ ਨੇ ਕਿਹਾ ਹੈ, 'ਬੁੱਚ ਪਰਵਾਰ ਦੀ ਸਫ਼ਾਈ ਸਾਡੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਉਨ੍ਹਾਂ ਨੇ ਗੌਤਮ ਅਡਾਨੀ ਦੇ ਭਰਾ ਵਿਨੋਦ ਅਡਾਨੀ ਵੱਲੋਂ ਕਥਿਤ ਤੌਰ ਉੱਤੇ ਕਢਾਏ ਗਏ ਪੈਸੇ ਨਾਲ ਬਰਮੂਡਾ/ਮਾਰੀਸ਼ਸ ਫੰਡ ਵਿੱਚ ਨਿਵੇਸ਼ ਕੀਤਾ ਸੀ। ਮਾਧਵੀ ਨੇ ਇਹ ਵੀ ਮੰਨਿਆ ਹੈ ਕਿ ਇਹ ਫੰਡ ਮੇਰੇ ਪਤੀ ਦੇ ਦੋਸਤ ਦਾ ਸੀ, ਜੋ ਉਸ ਵੇਲੇ ਅਡਾਨੀ ਸਮੂਹ ਦੇ ਡਾਇਰੈਕਟਰ ਸਨ। ਸੇਬੀ ਨੂੰ ਅਡਾਨੀ ਮਾਮਲੇ ਨਾਲ ਸੰਬੰਧਤ ਨਿਵੇਸ਼ ਫੰਡਾਂ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਸੀ, ਜਿਸ ਵਿੱਚ ਮਾਧਵੀ ਦੇ ਵਿਅਕਤੀਗਤ ਫੰਡ ਵੀ ਸ਼ਾਮਲ ਸਨ। ਇਹ ਸਪੱਸ਼ਟ ਤੌਰ ਉੱਤੇ ਹਿੱਤਾਂ ਦਾ ਟਕਰਾਅ ਸੀ।' ਹਿੰਡਨਬਰਗ ਨੇ ਕਿਹਾ ਹੈ ਕਿ ਸਿੰਗਾਪੁਰ ਸਥਿਤ ਐਗੋਰਾ ਐਡਵਾਇਜ਼ਰੀ ਲਿਮਟਿਡ (ਇੰਡੀਆ) ਨਾਂਅ ਦੀ ਇੱਕ ਕੰਪਨੀ ਵਿੱਚ ਮਾਧਵੀ ਦੀ ਹਾਲੇ ਵੀ 99 ਫ਼ੀਸਦੀ ਮਾਲਕੀ ਹੈ ਤੇ ਉਸੇ ਨੂੰ ਅਡਾਨੀ ਸਮੂਹ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਸੀ। ਹਿੰਡਨਬਰਗ ਨੇ ਮਾਧਵੀ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਇਸ ਸਾਰੇ ਕੇਸ ਦੀ ਜਨਤਕ ਜਾਂਚ ਲਈ ਸਹਿਮਤ ਹੋਵੇਗੀ।

ਇਸੇ ਦੌਰਾਨ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਹਿੰਡਨਬਰਗ ਵੱਲੋਂ ਲਾਏ ਦੋਸ਼ਾਂ ਬਾਰੇ ਕਿਹਾ ਹੈ ਕਿ ਜੇਕਰ ਇਸ ਘੁਟਾਲੇ ਕਾਰਨ ਕਰੋੜਾਂ ਨਿਵੇਸ਼ਕ ਆਪਣੀ ਉਮਰ ਭਰ ਦੀ ਕਮਾਈ ਗੁਆ ਦਿੰਦੇ ਹਨ ਤਾਂ ਇਸ ਲਈ ਕੌਣ ਜ਼ਿੰਮੇਵਾਰ ਹੋਵੇਗਾ—ਮੋਦੀ, ਸੇਬੀ ਪ੍ਰਮੁੱਖ ਜਾਂ ਅਡਾਨੀ। ਉਨ੍ਹਾ ਇਹ ਵੀ ਕਿਹਾ ਕਿ ਏਨੇ ਗੰਭੀਰ ਦੋਸ਼ਾਂ ਤੋਂ ਬਾਅਦ ਮਾਧਵੀ ਬੁੱਚ ਨੇ ਅਸਤੀਫਾ ਕਿਉਂ ਨਹੀਂ ਦਿੱਤਾ। ਕੀ ਸੁਪਰੀਮ ਕੋਰਟ ਇਸ ਮਾਮਲੇ ਬਾਰੇ ਖੁਦ ਨੋਟਿਸ ਲੈਂਦਿਆਂ ਇਸ ਉੱਤੇ ਕਾਰਵਾਈ ਕਰੇਗੀ? ਉਨ੍ਹਾ ਅੱਗੇ ਕਿਹਾ ਕਿ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਜਾਇੰਟ ਪਾਰਲੀਮੈਂਟਰੀ ਕਮੇਟੀ ਤੋਂ ਏਨਾ ਕਿਉਂ ਡਰਦੇ ਹਨ।

# ਕੇਂਦਰੀ ਬਜਟ 2024-25

ਮੂਲ - ਆਰ ਐੱਸ ਯਾਦਵ
ਅਨੁਵਾਦ- ਪਿਰਥੀਪਾਲ ਸਿੰਘ ਮਾੜੀਮੇਘਾ

ਵਿੱਤ ਮੰਤਰੀ ਨੇ 23 ਜੁਲਾਈ 2024 ਨੂੰ ਵਿੱਤੀ ਸਾਲ 2024-25 ਦੇ ਲਈ ਕੇਂਦਰ ਸਰਕਾਰ ਦਾ ਬਜਟ ਪੇਸ਼ ਕੀਤਾ ਹੈ।ਮੋਟੇ ਤੌਰ 'ਤੇ ਬਜਟ ਇਹ ਦੱਸਦਾ ਹੈ ਕਿ ਸਾਲ ਭਰ ਵਿੱਚ ਸਰਕਾਰ ਨੇ ਕਿਹਨਾਂ ਥਾਵਾਂ 'ਤੇ ਕੁੱਲ ਕਿੰਨਾ ਖਰਚ ਕਰਨਾ ਅਤੇ ਸਰਕਾਰ ਨੂੰ ਕੁੱਲ ਕਿੰਨੀ ਆਮਦਨ ਹੋਣ ਵਾਲੀ ਹੈ।

ਖ਼ਜ਼ਾਨਾ ਮੰਤਰੀ ਨੇ 2024-25 ਦੇ ਲਈ ਜੋ ਬਜਟ ਪੇਸ਼ ਕੀਤਾ, ਉਸ ਵਿੱਚ ਸਾਲ 2024-25 ਵਿੱਚ ਕੁੱਲ ਖ਼ਰਚ 48.21 ਲੱਖ ਕਰੋੜ ਰੁਪਏ ਦੱਸਿਆ ਗਿਆ ਹੈ, ਜਦੋਂ ਕਿ ਉਧਾਰ ਨੂੰ ਛੱਡ ਕੇ ਕੁੱਲ ਆਮਦਨੀ 32.07 ਲੱਖ ਕਰੋੜ ਰੁਪਏ ਦੱਸੀ ਹੈ। ਇਸ ਪ੍ਰਕਾਰ ਖਰਚ ਅਤੇ ਆਮਦਨੀ ਵਿੱਚ 48.21-32.07= 16.14 ਲੱਖ ਕਰੋੜ ਰੁਪਏ ਦਾ ਅੰਤਰ (ਘਾਟਾ) ਰਿਹਾ ਹੈ। ਇਸ ਘਾਟੇ ਨੂੰ ਪੂਰਿਆਂ ਕਰਨ ਲਈ ਉਧਾਰ ਭਾਵ ਕਰਜ਼ਾ ਚੁੱਕਿਆ ਜਾਵੇਗਾ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸਰਕਾਰ ਦੀ ਆਮਦਨੀ ਉਸ ਦੇ ਖਰਚ ਦੇ ਮੁਕਾਬਲੇ ਲੱਗਭੱਗ ਇੱਕ-ਤਿਹਾਈ ਘੱਟ ਹੈ। ਜਦੋਂ ਕਿਸੇ ਪਰਵਾਰ ਦੀ ਆਮਦਨੀ ਉਸ ਦੇ ਖਰਚ ਦੇ ਮੁਕਾਬਲੇ ਲੱਗਭੱਗ ਇੱਕ-ਤਿਹਾਈ ਘੱਟ ਹੋਵੇ ਤੇ ਉਸ ਨੂੰ ਕਰਜ਼ਾ ਲੈ ਕੇ ਆਪਣਾ ਗੁਜ਼ਾਰਾ ਕਰਨਾ ਪਵੇ ਤਾਂ ਉਸ ਪਰਵਾਰ ਦੀ ਆਰਥਿਕ ਹਾਲਤ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। ਉਸ ਪਰਵਾਰ ਦੀ ਆਰਥਿਕ ਹਾਲਤ ਨੂੰ ਕਮਜ਼ੋਰ ਜਾਂ ਖਸਤਾ ਹਾਲਤ ਸਮਝਿਆ ਜਾਵੇਗਾ। ਸਰਕਾਰ ਦੇ ਮਾਮਲੇ ਵਿੱਚ ਵੀ ਉਕਤ ਹੀ ਗੱਲ ਸੱਚ ਹੈ।

ਜਦੋਂ ਕਿਸੇ ਪਰਵਾਰ ਦੀ ਆਰਥਿਕ ਹਾਲਤ ਇੰਨੀ ਖਸਤਾ ਹਾਲਤ ਵਿੱਚ ਹੈ ਕਿ ਉਸ ਨੂੰ ਹਰ ਸਾਲ ਆਪਣਾ ਘਰੇਲੂ ਖਰਚ ਪੂਰਾ ਕਰਨ ਦੇ ਲਈ ਕਰਜ਼ਾ ਲੈਣਾ ਪਵੇ ਤਾਂ ਪੱਕਾ ਹੀ ਉਸ 'ਤੇ ਕਰਜ਼ੇ ਦਾ ਵਿਆਜ ਇਸ ਤਰ੍ਹਾਂ ਵਧਦਾ ਜਾਵੇਗਾ ਤੇ ਉਸ ਨੂੰ ਹਰ ਸਾਲ ਆਪਣੀ ਆਮਦਨ ਦਾ ਵੱਡਾ ਹਿੱਸਾ ਕਰਜ਼ੇ ਦੀ ਅਦਾਇਗੀ 'ਤੇ ਖ਼ਰਚ ਕਰਨਾ ਪਵੇਗਾ ਅਤੇ ਕਰਜ਼ੇ ਦੀ ਅਦਾਇਗੀ ਦੇ ਬਾਅਦ ਉਸ ਦੀ ਬਚੀਖੁਚੀ ਆਮਦਨ ਇੰਨੀ ਘੱਟ ਹੋ ਜਾਏਗੀ ਕਿ ਉਹ ਆਪਣੇ ਪਰਵਾਰ ਦਾ ਸਹੀ ਢੰਗ ਨਾਲ ਗੁਜ਼ਾਰਾ ਨਹੀਂ ਕਰ ਸਕਦਾ। ਸਰਕਾਰ ਦੇ ਮਾਮਲੇ ਵਿੱਚ ਵੀ ਇਹ ਸੱਚ ਸਾਹਮਣੇ ਹੈ।

ਸਵਾਲ ਉੱਠਦਾ ਹੈ ਕਿ ਕੀ ਸਰਕਾਰ ਦੇ ਕੋਲ ਆਪਣਾ ਖ਼ਰਚਾ ਪੂਰਾ ਕਰਨ ਲਈ ਕਰਜ਼ਾ ਲੈਣ ਦੇ ਇਲਾਵਾ ਹੋਰ ਕੋਈ ਉਪਾਅ ਨਹੀਂ, ਜਦੋਂ ਕਿ ਉਪਾਅ ਯਕੀਨੀ ਹੈ, ਪਰੰਤੂ ਸਰਕਾਰ ਉਨ੍ਹਾਂ ਉਪਾਵਾਂ ਵੱਲ ਵਧਣਾ ਹੀ ਨਹੀਂ ਚਾਹੁੰਦੀ। ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਕਾਰਪੋਰੇਟ ਟੈਕਸ ਦੀ ਦਰ 35% ਸੀ। ਮੋਦੀ ਸਰਕਾਰ ਜਦੋਂ ਰਾਜ ਸੱਤਾ ਵਿੱਚ ਆਈ ਉਸ ਸਮੇਂ ਵੀ ਕਾਰਪੋਰੇਟ ਟੈਕਸ ਦੀ ਦਰ 30% ਸੀ, ਜਿਸ ਨੂੰ ਮੋਦੀ ਨੇ ਘਟਾ ਕੇ 25% ਕਰ ਦਿੱਤਾ। ਕੀ ਸਰਕਾਰ ਕੋਲ ਕਾਰਪੋਰੇਟ ਟੈਕਸ ਦੀ ਦਰ ਮੁੜ 35% ਕਰਨ ਦਾ ਉਪਾਅ ਨਹੀਂ ਹੈ। ਕਾਰਪੋਰੇਟ ਟੈਕਸ ਦੀ ਦਰ ਮੁੜ 35% ਕਰ ਦੇਣ ਨਾਲ ਸਰਕਾਰੀ ਖਜ਼ਾਨੇ ਨੂੰ ਲੱਗਭੱਗ 5 ਲੱਖ ਕਰੋੜ ਰੁਪਏ ਦੀ ਫਾਲਤੂ ਆਮਦਨੀ ਦਾ ਉਪਾਅ ਸੀ। ਸਰਕਾਰ ਨੇ ਇਸ ਉਪਾਅ ਦਾ ਉਪਯੋਗ ਨਹੀਂ ਕੀਤਾ।

ਕਾਰਪੋਰੇਟ ਤਬਕਾ ਪਿਛਲੇ ਸਮੇਂ ਤੋਂ ਵੱਡੇ ਮੁਨਾਫ਼ੇ ਕਮਾ ਰਿਹਾ ਹੈ। ਸਮਾਚਾਰ ਪੱਤਰਾਂ ਵਿੱਚ ਵੱਖ-ਵੱਖ ਕਾਰਪੋਰੇਟ ਕੰਪਨੀਆਂ ਦੇ ਹਜ਼ਾਰਾਂ ਕਰੋੜ ਰੁਪਏ ਦੇ ਤਿਮਾਹੀ ਮੁਨਾਫਿਆਂ ਦੀਆਂ ਲਗਾਤਾਰ ਖਬਰਾਂ ਆ ਰਹੀਆਂ ਹਨ, ਜਦੋਂ ਕਿ ਕਾਰਪੋਰੇਟ ਟੈਕਸ ਨੂੰ ਵਧਾ ਕੇ 35% ਕਰਨ ਨਾਲ ਇਨ੍ਹਾਂ ਕਾਰਪੋਰੇਟ ਕੰਪਨੀਆਂ ਦੇ ਮੁਨਾਫ਼ੇ ਵਿੱਚ ਕੋਈ ਭਾਰੀ ਕਮੀ ਆਉਣ ਵਾਲੀ ਨਹੀਂ ਸੀ ਤੇ ਹੈ।

ਕਥਨਯੋਗ ਹੈ ਕਿ ਜਦੋਂ ਮੋਦੀ ਸਰਕਾਰ ਨੇ ਕਾਰਪੋਰੇਟ ਟੈਕਸ ਨੂੰ 30% ਤੋਂ ਘਟਾ ਕੇ 25% (ਨਵੀਆਂ ਕੰਪਨੀਆਂ ਦੇ ਲਈ 22%) ਕੀਤਾ ਤੇ ਕਿਹਾ ਇਹ ਗਿਆ ਸੀ ਕਿ ਇਸ ਨਾਲ ਕਾਰਪੋਰੇਟ ਜਗਤ ਨਵੇਂ ਲਾਭ (ਨਿਵੇਸ਼) ਲਈ ਕੰਮ ਕਰੇਗਾ ਤੇ ਜਿਸ ਨਾਲ ਦੇਸ਼ ਵਿੱਚ ਰੁਜ਼ਗਾਰ ਵਧੇਗਾ, ਪਰੰਤੂ ਤੱਥ ਇਹ ਹਨ ਕਿ ਕਾਰਪੋਰੇਟ ਤਬਕੇ ਨੇ ਨਵਾਂ ਕੰਮ ਨਹੀਂ ਕੀਤਾ ਅਤੇ ਰੁਜ਼ਗਾਰ ਵਧਾਉਣ ਦੇ ਨਾਂਅ 'ਤੇ ਕਾਰਪੋਰੇਟ ਤਬਕੇ ਨੂੰ ਸਰਕਾਰ ਦੁਆਰਾ ਇੰਨਾ ਜ਼ਿਆਦਾ ਫਾਇਦਾ ਪਹੁੰਚਾਉਣ ਦੇ ਬਾਵਜੂਦ ਰੁਜ਼ਗਾਰ ਮਿਲਣ ਵਿੱਚ ਕੋਈ ਵਾਧਾ ਨਹੀਂ ਹੋਇਆ।

ਮੋਦੀ ਸਰਕਾਰ ਕਾਰਪੋਰੇਟ ਤਬਕੇ ਪ੍ਰਤੀ ਏਨੀ ਮਿਹਰਬਾਨ ਹੈ ਕਿ ਇਸ ਬਜਟ ਵਿੱਚ ਉਸ ਨੇ ਵਿਦੇਸ਼ੀ ਕੰਪਨੀਆਂ 'ਤੇ ਲੱਗਣ ਵਾਲੇ ਟੈਕਸ ਵਿੱਚ ਵੀ 40% ਤੋਂ ਘਟਾ ਕੇ 35% ਕਰ ਦਿੱਤਾ ਹੈ।

ਸਰਕਾਰ ਅੱਤ ਧਨਾਢ ਲੋਕਾਂ 'ਤੇ ਜਾਇਦਾਦ ਟੈਕਸ ਲਾ ਕੇ ਕਾਫੀ ਪੈਸਾ ਇਕੱਠਾ ਕਰ ਸਕਦੀ ਹੈ। ਆਰਥਿਕ ਸੁਧਾਰਾਂ ਦੀਆਂ ਨੀਤੀਆਂ ਤੋਂ ਬਾਅਦ ਜਾਇਦਾਦ ਟੈਕਸ ਨੂੰ ਹਟਾ ਦਿੱਤਾ ਗਿਆ ਸੀ। ਜਦੋਂ ਸਰਕਾਰ ਦਾ ਬਜਟ ਘਾਟੇ ਵਿੱਚ ਚੱਲ ਰਿਹਾ ਤੇ ਕਿਉਂ ਨਹੀਂ ਜਾਇਦਾਦ ਟੈਕਸ ਮੁੜ ਲਾਗੂ ਕਰਕੇ ਬਜਟ ਘਾਟਾ ਘੱਟ ਕੀਤਾ ਜਾ ਰਿਹਾ, ਪਰੰਤੂ ਮੁਸ਼ਕਲ ਇਹ ਹੈ ਕਿ ਮੋਦੀ ਸਰਕਾਰ ਅੱਤ ਧਨਾਢ ਲੋਕਾਂ ਦੀ ਜਾਇਦਾਦ ਨੂੰ ਟੈਕਸ ਲਗਾਏ, ਇਸ ਦੀ ਕਲਪਨਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਬਜਟ ਘਾਟੇ ਨੂੰ ਪੂਰਾ ਕਰਨ ਲਈ ਜੋ ਵੱਡੇ ਪੈਮਾਨੇ 'ਤੇ ਮੁਨਾਫਾ ਕਮਾ ਰਹੇ ਕਾਰਪੋਰੇਟ ਤਬਕੇ 'ਤੇ ਟੈਕਸ ਨੂੰ 35% ਲਾਗੂ ਕਰਨ ਜਾਂ ਅੱਤ ਧਨਾਢ ਲੋਕਾਂ ਦੀ ਜਾਇਦਾਦ 'ਤੇ ਟੈਕਸ ਲਗਾਉਣ ਵਰਗੇ ਕਦਮ ਉਠਾਉਣ ਦੀ ਥਾਂ ਸਰਕਾਰ ਨੇ ਸਰਕਾਰੀ ਜਾਇਦਾਦਾਂ ਨੂੰ ਵੇਚ ਕੇ ਲਏ ਕਰਜ਼ੇ ਦਾ ਵਿਆਜ ਦੇਣ ਦਾ ਸਿਲਸਿਲਾ ਜਾਰੀ ਰੱਖਿਆ ਹੈ। ਇਸ ਬਜਟ ਵਿੱਚ ਇਹ ਵੀ ਕਿਹਾ ਗਿਆ ਕਿ 50000 ਕਰੋੜ ਰੁਪਏ ਦੀਆਂ ਸਰਕਾਰੀ ਜਾਇਦਾਦਾਂ ਨੂੰ ਵੇਚ ਕੇ ਪੈਸੇ ਪੈਦਾ ਕੀਤੇ ਜਾਣਗੇ।

ਵਿੱਤ ਮੰਤਰੀ ਨੇ ਵਿੱਤ ਸਾਲ 2024-25 ਲਈ ਜੋ ਬਜਟ ਪੇਸ਼ ਕੀਤਾ ਹੈ, ਉਸ ਵਿੱਚ ਜਿਵੇਂ ਉਪਰ ਦੱਸਿਆ ਗਿਆ ਸਾਲ ਭਰ ਦਾ ਕੁੱਲ ਖ਼ਰਚ 48.21 ਲੱਖ ਕਰੋੜ ਰੁਪਏ ਹੈ ਅਤੇ ਇਸ ਕੁੱਲ ਖ਼ਰਚ ਵਿੱਚ ਵਿਆਜ ਦੀ ਅਦਾਇਗੀ 'ਤੇ ਖ਼ਰਚ ਹੋਣ ਵਾਲੇ 1190440 ਲੱਖ ਕਰੋੜ ਰੁਪਏ ਵੀ ਸ਼ਾਮਲ ਹਨ। ਇਸ ਪ੍ਰਕਾਰ ਬਜਟ ਦਾ ਲੱਗਭੱਗ 25% ਹਿੱਸਾ ਮਹਿਜ਼ ਪਿਛਲੇ ਸਾਲਾਂ ਵਿੱਚ ਲਏ ਗਏ ਕਰਜ਼ੇ ਦੀ ਵਿਆਜ ਦੀ ਅਦਾਇਗੀ ਵਿੱਚ ਹੀ ਖ਼ਰਚ ਹੋ ਜਾਵੇਗਾ। ਇਹ ਵੀ ਕਥਨਯੋਗ ਹੈ ਕਿ ਸਰਕਾਰੀ ਖਰਚ ਦੇ ਜਿੰਨੇ ਵੀ ਮੱਦ ਹਨ, ਉਨ੍ਹਾਂ ਵਿੱਚ ਕਿਸੇ ਵੀ ਇੱਕ ਮਦ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਪੈਸਾ ਖ਼ਰਚ ਨਹੀਂ ਹੋਵੇਗਾ।

ਉਦਾਹਰਣ ਲਈ ਰੱਖਿਆ ਦਾ ਮੱਦ ਸਰਕਾਰ ਦੇ ਖਰਚੇ ਦਾ ਸਭ ਤੋਂ ਵਧੇਰੇ ਮੱਦ ਹੈ। ਉਸ ਦੇ ਲਈ 621540 ਲੱਖ ਕਰੋੜ ਰੁਪਏ ਖ਼ਰਚ ਦਾ ਅਨੁਮਾਨ ਕੀਤਾ ਗਿਆ ਹੈ ਯਾਨੀ ਵਿਆਜ ਦੀ ਅਦਾਇਗੀ ਤੇ ਹੋਣ ਵਾਲੇ ਖ਼ਰਚ ਦੇ ਅੱਧ ਤੋਂ ਮਾਮੂਲੀ ਜਿਹਾ ਜ਼ਿਆਦਾ।

ਖੇਤੀ ਜਾਂ ਕਿਸਾਨ ਕਲਿਆਣ ਲਈ 127470 ਲੱਖ ਕਰੋੜ ਰੁਪਏ ਅਤੇ ਸਿੱਖਿਆ ਦੇ ਲਈ 120626 ਲੱਖ ਕਰੋੜ ਰੁਪਏ, ਸਿਹਤ ਅਤੇ ਪਰਵਾਰ ਭਲਾਈ ਲਈ 90659 ਲੱਖ ਕਰੋੜ ਰੁਪਏ ਦੀ ਅਵਸਥਾ ਕੀਤੀ ਗਈ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਕਰਜ਼ੇ ਦੀ ਅਦਾਇਗੀ ਦੇ ਵਿਆਜ 'ਤੇ ਖ਼ਰਚ ਸਿੱਖਿਆ ਬਜਟ ਦੇ ਰਖਾਵ ਨਾਲੋਂ ਲੱਗਭੱਗ 10 ਗੁਣਾਂ, ਸਿਹਤ ਬਜਟ ਨਾਲੋਂ 13 ਗੁਣਾਂ ਅਤੇ ਖੇਤੀ ਜਾਂ ਕਿਸਾਨ ਕਲਿਆਣ ਦੇ ਬਜਟ ਨਾਲੋਂ 9 ਗੁਣਾਂ ਤੋਂ ਵਧੇਰੇ ਹੈ। ਅੰਦਾਜ਼ਾ ਲਗਾਈਏ ਕਿ ਜੇ ਵਿਆਜ 'ਤੇ ਇੰਨਾ ਖ਼ਰਚ ਨਾ ਕਰਨਾ ਪੈਂਦਾ ਤੇ ਸਿੱਖਿਆ, ਸਿਹਤ ਅਤੇ ਖੇਤੀ ਦੇ ਲਈ ਕਿੰਨਾ ਜ਼ਿਆਦਾ ਪੈਸਾ ਉਪਲੱਬਧ ਹੋ ਸਕਦਾ ਸੀ।

ਸਿੱਖਿਆ ਦੇ ਬਜਟ ਵਿੱਚ ਵਾਧਾ ਕਰਨ ਦੀ ਬਿਜਾਏ 7% ਦੀ ਕਟੌਤੀ ਕੀਤੀ ਗਈ ਹੈ। ਕੁੱਲ ਮਿਲਾ ਕੇ ਸਿੱਖਿਆ ਮੰਤਰਾਲੇ ਨੂੰ ਲੱਗਭੱਗ 120626 ਲੱਖ ਕਰੋੜ ਰੁਪਏ ਦੀ ਧੰਨ ਰਾਸ਼ੀ ਵੰਡ ਕੀਤੀ ਗਈ ਹੈ, ਜੋ ਪਿਛਲੇ ਵਿੱਤ ਸਾਲ ਵਿੱਚ ਦਿੱਤੇ ਬਜਟ ਨਾਲੋਂ ਲੱਗਭੱਗ 9090 ਕਰੋੜ ਰੁਪਏ ਘੱਟ ਹਨ।

ਬਜਟ ਕਿੰਨਾ ਲੋਕ ਵਿਰੋਧੀ ਹੈ, ਇਸ ਨੂੰ ਇੱਕ ਉਦਾਹਰਣ ਨਾਲ ਸਮਝਣਾ ਉਚਿਤ ਹੋਵੇਗਾ। ਕੇਂਦਰੀ ਸਿੱਖਿਆ ਮੰਤਰਾਲਿਆ ਦੇ ਅਧੀਨ ਆਉਣ ਵਾਲੇ ਉੱਚ ਸਿੱਖਿਆ ਨਿਯਮ ਬਣਾਉਣ ਵਾਲੀ ਯੂਨੀਵਰਸਿਟੀ ਦੇ ਗ੍ਰਾਂਟ ਬਜਟ ਵਿੱਚ 60% ਤੋਂ ਜ਼ਿਆਦਾ ਦੀ ਕਟੌਤੀ ਕੀਤੀ ਗਈ ਹੈ। ਇਸ ਦਾ ਨਤੀਜਾ ਇਹ ਨਿਕਲੇਗਾ ਕਿ ਇਸ ਯੂਨੀਵਰਸਿਟੀ ਅਧੀਨ ਆਉਂਦੇ ਸਾਰੇ ਸਿੱਖਿਆ ਅਦਾਰੇ ਆਪਣੇ ਵੱਖ-ਵੱਖ ਪੜ੍ਹਾਈ ਦੇ ਕਿੱਤਿਆਂ ਦੀਆਂ ਫੀਸਾਂ ਵਧਾਉਣ ਲਈ ਮਜਬੂਰ ਹੋਣਗੇ।

ਆਈ ਆਈ ਐੱਮ (ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ) ਦੇ ਵੰਡਣ ਵਿੱਚ ਵੀ ਕਮੀ ਕੀਤੀ ਗਈ ਹੈ। ਪਿਛਲੇ ਸਾਲ ਵੀ ਆਈ ਆਈ ਐੱਮ ਦੇ ਬਜਟ ਨੂੰ 608.23 ਕਰੋੜ ਰੁਪਏ ਤੋਂ ਘਟਾ ਕੇ 300 ਕਰੋੜ ਰੁਪਏ ਕਰ ਦਿੱਤਾ ਗਿਆ ਸੀ। ਇਸ ਬਜਟ ਵਿੱਚ 331 ਕਰੋੜ ਦੇ ਅਨੁਮਾਨ ਤੋਂ ਘਟਾ ਕੇ 212 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਦਾ ਵਿਦਿਆਰਥੀਆਂ 'ਤੇ ਕੀ ਅਸਰ ਪਵੇਗਾ, ਇਸ ਗੱਲ ਨਾਲ ਸਮਝਿਆ ਜਾ ਸਕਦਾ ਹੈ ਕਿ ਪਹਿਲੇ ਹੀ ਦੋ ਸਾਲ ਦੇ ਐੱਮ ਬੀ ਏ ਵਿੱਚ ਫੀਸ 17 ਲੱਖ ਤੋਂ 25 ਲੱਖ ਤੱਕ ਹੈ। ਬਜਟ ਵਿੱਚ ਕਟੌਤੀ ਤੋਂ ਜ਼ਾਹਿਰ ਹੈ ਕਿ ਇਸ ਵਾਰੀ ਫੀਸ ਵਿੱਚ ਭਾਰੀ ਵਾਧਾ ਹੋਵੇਗਾ ਅਤੇ ਫੀਸ ਵਧ ਕੇ 20 ਲੱਖ ਤੋਂ 35 ਲੱਖ ਤੱਕ ਪਹੁੰਚ ਸਕਦੀ ਹੈ। ਇਸ ਵਧੀ ਹੋਈ ਫੀਸ ਦਾ ਮਤਲਬ ਹੈ ਕਿ ਦੇਸ਼ ਦੇ ਜ਼ਿਆਦਾ ਪਰਵਾਰ ਸਾਰੇ ਗਰੀਬ ਤੇ ਮੱਧਵਰਗੀ ਆਪਣੇ ਬੱਚਿਆਂ ਨੂੰ ਆਈ ਆਈ ਐੱਮ ਵਿੱਚ ਦਾਖਲਾ ਨਹੀਂ ਦਿਵਾ ਸਕਦੇ, ਭਾਵੇਂ ਉਨ੍ਹਾਂ ਦੇ ਬੱਚੇ ਜਿੰਨੇ ਮਰਜ਼ੀ ਹੁਸ਼ਿਆਰ ਹੋਣ।

ਇਸ ਪ੍ਰਕਾਰ ਆਈ ਆਈ ਟੀ (ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ— ਭਾਰਤੀ ਪਰੌਉਦਯੋਗਿਕੀ ਸੰਸਥਾਨਾਂ) ਦੇ ਬਜਟ ਵਿੱਚ ਵੀ ਕਟੌਤੀ ਕੀਤੀ ਗਈ ਹੈ। ਭਾਰਤੀ ਪਰਉਦਯੋਗਿਕੀ ਸੰਸਥਾਨਾਂ ਵਿੱਚ ਵੀ ਪ੍ਰਤੀ ਸਮੈਸਟਰ ਫੀਸ ਲੱਖਾਂ ਰੁਪਏ ਵਿੱਚ ਹੈ, ਜਿਸ ਵਿੱਚ ਇਸ ਕਟੌਤੀ ਦੇ ਫਲਸਰੂਪ ਫੀਸ ਹੋਰ ਵਧ ਹੋ ਜਾਏਗੀ। ਲਗਦਾ ਹੈ ਕਿ ਸਰਕਾਰ ਦੀ ਮਨਸ਼ਾ ਇਹ ਹੈ ਕਿ ਕੇਵਲ ਅੱਤ ਧਨਾਢ ਲੋਕਾਂ ਦੇ ਬੱਚੇ ਹੀ ਉੱਚ ਸਿੱਖਿਆ ਪ੍ਰਾਪਤ ਕਰਨ। ਮੋਦੀ ਸਰਕਾਰ ਸਿੱਖਿਆ ਦਾ ਵਿਉਪਾਰੀਕਰਨ ਜਾਂ ਨਿੱਜੀਕਰਨ ਦੇ ਰਸਤੇ 'ਤੇ ਜਿਸ ਤਰ੍ਹਾਂ ਅੱਗੇ ਵਧ ਰਹੀ ਹੈ,ਉਸ ਸਮਝ ਨਾਲ ਤਾਂ ਸਮਾਜ ਦੇ ਗ਼ਰੀਬ ਅਤੇ ਮੱਧਵਰਗ ਦੇ ਲੋਕ ਉੱਚ ਸਿੱਖਿਆ ਤੋਂ ਵਾਂਝੇ ਕੀਤੇ ਜਾ ਰਹੇ ਹਨ।

ਮੋਦੀ ਸਰਕਾਰ 2014 ਵਿੱਚ ਜਦੋਂ ਰਾਜ ਸੱਤਾ ਵਿੱਚ ਆਈ ਸੀ ਭਾਰਤ 'ਤੇ ਲੱਗਭੱਗ 55 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਜੋ ਹੁਣ ਵੱਧ ਕੇ ਲਗਭਗ 205 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਸਵਾਲ ਉੱਠਦਾ ਹੈ ਕਿ ਜਦੋਂ ਆਰਥਿਕ ਹਾਲਤ ਵਿੱਚ ਹਰ ਸਾਲ 7% ਜਾਂ ਉਸ ਤੋਂ ਵੀ ਜ਼ਿਆਦਾ ਬੜੋਤਰੀ ਹੋਈ ਹੈ ਤੇ ਫਿਰ ਸਰਕਾਰ ਦੀ ਆਮਦਨੀ ਵਧਣੀ ਚਾਹੀਦੀ ਅਤੇ ਨਾਲ ਹੀ ਦੇਸ਼ ਦੇ ਲੋਕਾਂ ਦੀ ਵੀ, ਪਰੰਤੂ ਸਰਕਾਰ ਦੀ ਆਮਦਨੀ ਦਾ ਇਹ ਹਾਲ ਹੈ ਕਿ ਆਪਣਾ ਖ਼ਰਚਾ ਪੂਰਾ ਕਰਨ ਲਈ ਸਰਕਾਰ ਨੂੰ ਹਰ ਸਾਲ ਕਰਜ਼ਾ ਲੈਣਾ ਪੈਂਦਾ ਅਤੇ ਇਸ ਢੰਗ ਨਾਲ ਸਰਕਾਰ ਦਾ ਕਰਜ਼ਾ ਲਗਾਤਾਰ ਵਧਦਾ ਗਿਆ। ਦੇਸ਼ ਦੇ ਲੋਕਾਂ ਦੀ ਆਮਦਨੀ ਵਿੱਚ ਵੀ ਕੋਈ ਵਾਧਾ ਨਹੀਂ ਹੋਇਆ। ਸਰਕਾਰ 'ਤੇ ਦੋਸ਼ ਲਗਦਾ ਰਿਹਾ ਹੈ ਕਿ ਉਹ ਆਰਥਿਕ ਵਾਧੇ ਦੀ ਦਰ ਦੇ ਸੰਬੰਧ ਵਿੱਚ ਅੰਕੜਿਆਂ ਵਿੱਚ ਫ਼ਰਜ਼ੀਵਾੜਾ ਕਰਦੀ ਹੈ। ਸੱਤਾ ਵਿੱਚ ਆਉਣ ਤੋਂ ਬਾਅਦ ਇਸ ਸਰਕਾਰ ਨੇ ਆਰਥਿਕ ਵਾਧਾ ਦਰ ਦੇ ਅੰਕਣ ਦੇ ਤਰੀਕੇ ਨੂੰ ਇਸ ਤਰ੍ਹਾਂ ਬਦਲ ਦਿੱਤਾ ਕਿ ਵਾਧਾ ਦਰ ਜਿੰਨੀ ਮੌਜੂਦਾ ਸਮੇਂ ਵਿੱਚ ਹੈ, ਉਸ ਨਾਲੋਂ ਜ਼ਿਆਦਾ ਨਜ਼ਰ ਆਵੇ। ਕੁੱਝ ਅਰਥਸ਼ਾਸਤਰੀਆਂ ਅਨੁਸਾਰ ਅੰਕਣ ਦੇ ਇਸ ਤਰੀਕੇ ਨਾਲ ਆਰਥਿਕ ਵਾਧਾ ਦਰ ਵਾਸਤਵਿਕ ਦਰ ਨਾਲੋਂ ਲੱਗਭੱਗ ਦੋ ਅੰਕ ਜ਼ਿਆਦਾ ਆ ਜਾਂਦੀ ਹੈ। ਜਦੋਂ ਸਰਕਾਰ ਨੂੰ ਹਰ ਸਾਲ ਆਪਣਾ ਖ਼ਰਚ ਪੂਰਾ ਕਰਨ ਲਈ ਕਰਜ਼ਾ ਲੈਣਾ ਪੈਂਦਾ ਹੈ ਤੇ ਇਸ ਦਾ ਇਹ ਮਤਲਬ ਹੈ ਕਿ ਆਰਥਿਕ ਵਾਧਾ ਦਰ ਦੇ ਜਿਨ੍ਹਾਂ ਅੰਕੜਿਆਂ ਦਾ ਸਰਕਾਰ ਦਾਅਵਾ ਕਰਦੀ ਹੈ, ਉਨ੍ਹਾਂ ਵਿੱਚ ਕਿਤੇ ਘਾਲਾ-ਮਾਲਾ ਹੈ।

ਸਰਕਾਰੀ ਅੰਕੜਿਆਂ ਅਨੁਸਾਰ 2023-24 ਵਿੱਚ ਦੇਸ਼ ਦੀ ਅਰਥਵਿਵਸਥਾ 8.2% ਦੀ ਵਾਧਾ ਦਰ ਨਾਲ ਵਧੀ, ਪਰੰਤੂ ਅਜਿਹੀਆਂ ਵੱਖਰੀਆਂ-ਵੱਖਰੀਆਂ ਗੱਲਾਂ ਹਨ, ਜੋ ਆਰਥਿਕ ਹਾਲਤ ਦੀ ਅਜਿਹੀ ਸੁਨਹਿਰੀ ਤਸਵੀਰ ਪੇਸ਼ ਨਹੀਂ ਕਰਦੀਆਂ। ਵਸਤੂਆਂ ਵਰਤਣ ਦੇ ਸੰਬੰਧ ਵਿੱਚ ਲਗਾਤਾਰ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। 2023-24 ਵਿੱਚ ਅਨੁਮਾਨ ਹੈ ਕਿ ਨਿੱਜੀ ਚੀਜ਼ਾਂ ਵਰਤਣ ਵਿੱਚ ਕੇਵਲ 3% ਵਾਧਾ ਹੋਇਆ।

ਨਿੱਜੀ ਲਾਭ ਲਈ ਲੱਗਣ ਵਾਲਾ ਪੈਸਾ ਅਤੇ ਬਾਹਰ ਭੇਜਣ ਨੂੰ ਆਰਥਿਕ ਵਾਧੇ ਦੇ ਦੋ ਸਭ ਤੋਂ ਵੱਡੇ ਡਰਾਈਵਰ ਮੰਨਿਆ ਜਾਂਦਾ ਹੈ। ਇਨ੍ਹਾਂ ਦੋਵਾਂ ਮੋਰਚਿਆਂ 'ਤੇ ਤਸੱਲੀਬਖ਼ਸ਼ ਸਥਿਤੀ ਨਹੀਂ ਚੱਲ ਰਹੀ। ਇਸ ਉਮੀਦ ਵਿੱਚ ਕਿ ਇਸ ਤੋਂ ਨਿੱਜੀ ਲਾਭ ਲੱਗਣ ਵਾਲੇ ਪੈਸੇ ਨੂੰ ਉਤਸ਼ਾਹ ਮਿਲੇਗਾ, 2020-21 ਤੋਂ ਹੀ ਸਰਕਾਰ ਇਨਫਰਾਸਟਰਕਚਰ 'ਤੇ ਖ਼ਰਚ ਵਧਾਉਣ 'ਤੇ ਲਗਾਤਾਰ ਜ਼ੋਰ ਦੇਂਦੀ ਰਹੀ ਹੈ, ਪਰੰਤੂ ਨਿੱਜੀ ਲਾਭ 'ਤੇ ਲੱਗਣ ਵਾਲੇ ਪੈਸੇ ਵਿੱਚ ਲਗਾਤਾਰ ਕਮਜ਼ੋਰੀ ਰਹੀ ਅਤੇ ਹੁਣ ਵੀ ਇਸ ਤਰ੍ਹਾਂ ਨਜ਼ਰ ਨਹੀਂ ਆਉਂਦਾ ਕਿ ਇਸ ਵਿੱਚ ਕੋਈ ਜਲਦੀ ਹੀ ਕੋਈ ਖਾਸ ਵਾਧਾ ਹੋ ਸਕਦਾ ਹੈ। ਸਤੰਬਰ 2023 ਤੋਂ ਨਿੱਜੀ ਖੇਤਰ ਦੁਆਰਾ ਨਵੇਂ ਵਪਾਰ, ਵਿਗਿਆਨ ਜਾਂ ਇੰਜੀਨੀਅਰਿੰਗ ਵਿੱਚ ਕਿਸੇ ਵਿਸ਼ੇਸ਼ ਲਕਸ਼ ਦੀ ਪ੍ਰਾਪਤੀ ਹਿੱਤ ਜੋ ਵਿਸਥਾਰਤ ਯੋਜਨਾ ਬਣਾਈ, ਉਸ 'ਤੇ ਕਾਰਵਾਈ ਕਰਨ ਦੀਆਂ ਘੋਸ਼ਣਾਵਾਂ ਵਿੱਚ ਗਿਰਾਵਟ ਆਉਂਦੀ ਰਹੀ ਹੈ, ਜਿਸ ਨਾਲ ਇਸ ਗੱਲ ਦਾ ਇਸ਼ਾਰਾ ਮਿਲਦਾ ਹੈ ਕਿ ਨਿੱਜੀ ਲਾਭ ਲਈ ਲੱਗਣ ਵਾਲੇ ਪੈਸੇ ਵਿੱਚ ਗਿਰਾਵਟ ਵੀ ਸ਼ੁਰੂ ਹੋ ਸਕਦੀ ਹੈ।

ਬਣਿਆ ਮਾਲ ਬਾਹਰ ਭੇਜਣ ਦੇ ਖੇਤਰ ਵਿੱਚ ਵੀ ਕੋਈ ਉਤਸ਼ਾਹਜਨਕ ਖ਼ਬਰ ਨਹੀਂ। 2023-24 ਵਿੱਚ ਮਾਲ ਬਾਹਰ ਭੇਜਣ ਵਿੱਚ ਅਮਰੀਕੀ ਡਾਲਰ ਦੇ ਲਿਹਾਜ਼ ਨਾਲ 3% ਦੀ ਕਮੀ ਆਈ।

ਮੰਗ ਵਿੱਚ ਕਮੀ ਕਾਰਨ ਰੁਜ਼ਗਾਰ ਦਾ ਸੰਕਟ ਵਧਦਾ ਹੀ ਜਾ ਰਿਹਾ ਹੈ। ਜੂਨ 2024 ਵਿੱਚ ਸੀ ਐੱਮ ਆਈ ਈ ਦੇ ਅੰਕੜਿਆਂ ਦੇ ਅਨੁਸਾਰ ਬੇਰੁਜ਼ਗਾਰੀ ਦਰ ਵਧ ਕੇ 9.2% ਤੱਕ ਪਹੁੰਚ ਗਈ, ਜੋ ਜੂਨ 2023 ਵਿੱਚ 8% ਸੀ।

(ਬਾਕੀ ਸਫ਼ਾ 8 'ਤੇ)

# ਮੋਬਾਇਲ ਅਤੇ ਬੱਚੇ ਅੰਦਰਲੀਆਂ ਬਹੁਪੱਖੀ ਕਲਾਵਾਂ

ਮੇਜਰ ਸਿੰਘ ਨਾਭਾ

ਮੋਬਾਇਲ ਨੇ ਬਹੁਤ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਦਰ ਸਮਾ ਕੇ ਕਈਆਂ ਦੇ ਰੁਜ਼ਗਾਰ ਨੂੰ ਖੋਹ ਲਿਆ ਹੈ, ਪਰ ਮਨੁੱਖ ਹੁਣ ਮੋਬਾਇਲ ਉੱਪਰ ਏਨਾ ਨਿਰਭਰ ਹੋ ਗਿਆ ਹੈ ਕਿ ਉਹ ਇਸ ਤੋਂ ਬਿਨਾਂ ਆਪਣੇ-ਆਪ ਨੂੰ ਨਿਕੰਮਾ ਸਮਝਣ ਲੱਗ ਪਿਆ ਹੈ। ਅੱਜ ਦੇ ਸਮੇਂ ਜਨਮ ਲੈਣ ਵਾਲੇ ਬੱਚੇ ਦਿਮਾਗੀ ਤੌਰ 'ਤੇ ਬਹੁਤ ਤੇਜ਼-ਤਰਾਰ ਹਨ। ਉਨ੍ਹਾਂ ਨੂੰ ਮਾਪੇ ਏਨੀਆਂ ਸਹੂਲਤਾਂ ਨਾਲ ਪਾਲਦੇ ਹਨ ਕਿ ਉਹ ਜੋ ਵੀ ਚੀਜ਼ ਦੀ ਮੰਗ ਕਰਦੇ ਹਨ, ਉਹ ਉਨ੍ਹਾਂ ਨੂੰ ਮਿਲ ਜਾਂਦੀ ਹੈ। ਇਹ ਆਦਤ ਬੱਚੇ ਅੰਦਰ ਪਾਉਣ ਲਈ ਮਾਪੇ ਜ਼ਿੰਮੇਵਾਰ ਹੁੰਦੇ ਹਨ। ਅੱਜ ਮਾਪੇ ਬੱਚਿਆਂ ਨੂੰ ਰੁੱਝੇ ਰਹਿਣ ਲਈ ਖਿਡਾਉਣੇ ਟਾਈਪ ਮੋਬਾਇਲ ਲੈ ਦੇਂਦੇ ਹਨ, ਜੋ ਥੋੜ੍ਹੇ ਵੱਡੇ ਹੁੰਦੇ ਹੀ ਮਾਪਿਆਂ ਦੇ ਫੋਨ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ 'ਚ ਉਹ ਕਾਮਯਾਬ ਹੋ ਜਾਂਦੇ ਹਨ। ਮੋਬਾਇਲ ਨਾਲ ਉਹ ਇੰਨੇ ਜੁੜ ਜਾਂਦੇ ਹਨ ਕਿ ਉਹ ਖਾਣ-ਪੀਣ ਵੀ ਭੁੱਲ ਜਾਂਦੇ ਹਨ।ਜੇ ਉਨ੍ਹਾਂ ਨੂੰ ਰੋਕਿਆ ਜਾਂਦਾ ਹੈ ਤਾਂ ਉਹ ਖਿਝ ਜਾਂਦੇ ਹਨ, ਕਈ ਵਾਰੀ ਤਾਂ ਚੀਜ਼ਾਂ ਦਾ ਨੁਕਸਾਨ ਵੀ ਕਰ ਦਿੰਦੇ ਹਨ।ਮੋਬਾਇਲ ਅੰਦਰ ਬਹੁਤ ਚੰਗਾ, ਪਰ ਬਹੁਤ ਮਾੜਾ ਵੀ ਹੈ, ਪਰ ਬੱਚੇ ਦੇ ਹੱਥ ਮੋਬਾਇਲ ਦੇਣਾ ਇਹ ਇੱਕ ਮਾੜਾ ਰੁਝਾਨ ਹੈ।

ਬੱਚਿਆਂ ਦੇ ਅੰਦਰ ਬਹੁਤ ਸਾਰੀਆਂ ਕਲਾਵਾਂ ਕੁਦਰਤ ਨੇ ਜਨਮ ਤੋਂ ਹੀ ਦਿੱਤੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਹਿਚਾਨਣ ਦੀ ਲੋੜ ਹੁੰਦੀ ਹੈ। ਛੋਟੇ ਬੱਚੇ ਸ਼ੁਰੂ-ਸ਼ੁਰੂ 'ਚ ਆਪਣੇ ਆਲੇ-ਦੁਆਲੇ ਕੰਧਾਂ ਉੱਪਰ ਲਕੀਰਾਂ ਮਾਰ ਕੇ ਖ਼ੁਸ਼ ਹੁੰਦੇ ਹਨ, ਰੰਗਾਂ ਨਾਲ ਉਨ੍ਹਾਂ ਦਾ ਮੋਹ ਉਨ੍ਹਾਂ ਦੇ ਰੰਗਾਂ ਨੂੰ ਬੱਚਿਆਂ ਵਾਲੇ ਘਰੇ ਕੰਧਾਂ ਤੋਂ ਦੇਖ ਸਕਦੇ ਹੋ। ਛੋਟੇ ਬੱਚਿਆਂ ਨੂੰ ਮਾਪੇ ਜਾਂ ਪਰਵਾਰਕ ਮੈਂਬਰ ਰੰਗਾਂ ਨਾਲ ਖੇਡਣ ਲਾ ਸਕਦੇ ਹਨ, ਹੌਲੀ-ਹੌਲੀ ਉਹ ਆਪਣੀ ਅੰਦਰਲੀ ਕਲਾ ਨੂੰ ਕਲਾਕ੍ਰਿਤਾਂ ਰਾਹੀਂ ਬਾਹਰ ਕੱਢਣ ਲੱਗ ਜਾਂਦੇ ਹਨ।ਇਸ ਨਾਲ ਬੱਚਿਆਂ ਦੇ ਪੜ੍ਹਾਈ ਵਿਸ਼ੇ ਨੂੰ ਵੀ ਛੂਹਿਆ ਜਾਂਦਾ ਹੈ ਅਤੇ ਬੱਚਾ ਉਂਝ ਵੀ ਆਪਣੀ ਕਲਾਕ੍ਰਿਤ ਨੂੰ ਬਣਾ ਕੇ ਖੁਸ਼ੀ ਮਹਿਸੂਸ ਕਰਦਾ ਹੈ।ਮੇਰੀ ਦੋਹਤੀ ਬੱਚੀ ਏਕਨੂਰ ਕੌਰ ਨੇ ਮੇਰੇ ਸਾਹਮਣੇ ਆਪਣੀ ਕਲਾਕ੍ਰਿਤ ਬਣਾ ਕੇ ਰੰਗ ਭਰ ਕੇ ਆਪਣੇ ਵਲਵਲੇ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੇ ਭਾਵੇਂ ਕਾਹਲ 'ਚ ਡਰਾਇੰਗ ਕੀਤੀ, ਪਰ ਫੇਰ ਵੀ ਦੱਸਣ 'ਤੇ ਉਹ ਹੋਰ ਸੁਧਾਰ ਕਰਨ ਲਈ ਵੀ ਕੋਸ਼ਿਸ਼ ਕਰਦੀ ਰਹੀ।ਸੋ ਏਸੇ ਤਰ੍ਹਾਂ ਖੇਡਾਂ 'ਚ ਰੁਚੀ ਰੱਖਣ ਵਾਲੇ ਬਹੁਤੇ ਬੱਚੇ ਪੜ੍ਹਾਈ ਪੱਖੋਂ ਕਮਜ਼ੋਰ ਹੀ ਹੁੰਦੇ ਹਨ, ਪਰ ਫਿਰ ਵੀ ਕਈ ਬੱਚੇ ਖੇਡਾਂ 'ਚ ਕਾਮਯਾਬੀ ਪ੍ਰਾਪਤ ਕਰ ਲੈਂਦੇ ਹਨ।ਇਸ ਲਈ ਉਨ੍ਹਾਂ ਨੂੰ ਸ਼ੁਰੂ ਤੋਂ ਹੀ ਉਨ੍ਹਾਂ ਦੇ ਪੱਧਰ ਦੀਆਂ ਖੇਡਾਂ 'ਚ ਸ਼ਮੂਲੀਅਤ ਕਰਵਾ ਕੇ ਉਨ੍ਹਾਂ ਦੇ ਫਾਲਤੂ ਸਮੇਂ ਨੂੰ ਇਸ ਪਾਸੇ ਲਾਇਆ ਜਾ ਸਕਦਾ ਹੈ। ਸੰਗੀਤ 'ਚ ਰੁਚੀ ਵਾਲੇ ਬੱਚੇ ਵੀ ਅੱਜਕੱਲ੍ਹ ਚੰਗੇ ਕਲਾਕਾਰ ਬਣ ਸਕਦੇ ਹਨ। ਉਨ੍ਹਾਂ ਨੂੰ ਸਕੂਲ ਪੱਧਰ 'ਤੇ ਜੇਕਰ ਵਧੀਆ ਮੌਕੇ ਮਿਲ ਜਾਣ ਤਾਂ ਹੋਰ ਵੀ ਵਧੀਆ ਹੋਵੇਗਾ। ਸੋ ਬੱਚਾ ਇੱਕ ਕੱਚੀ ਕਲੀ ਵਾਂਗ ਹੁੰਦਾ, ਉਸ ਨੂੰ ਜਿਵੇਂ ਚਾਹੋ, ਮੋੜ ਸਕਦੇ ਹੋ।ਡਾਕਟਰ ਅਤੇ ਇੰਜੀਨੀਅਰ ਬੱਚਿਆਂ ਨੂੰ ਬਣਾਉਣ ਦੇ ਸੁਪਨੇ ਮਾਪਿਆਂ ਨੂੰ ਲੈਣੇ ਚਾਹੀਦੇ ਹਨ, ਪਰ ਬੱਚੇ ਦੀ ਰੁਚੀ ਨੂੰ ਪਰਖਣਾ ਮਾਪਿਆਂ ਲਈ ਜ਼ਰੂਰੀ ਹੈ, ਰੁਚੀ ਦੇ ਵਿਰੁੱਧ ਕੋਈ ਫੈਸਲਾ ਲੈਣਾ ਕੋਈ ਵਧੀਆ ਨਤੀਜਾ ਨਹੀਂ ਦਿੰਦਾ। ਬੱਚਿਆਂ ਨੂੰ ਪਰਚਾਉਣ ਲਈ ਬਚਪਨ 'ਚ ਦਿੱਤੀਆਂ ਅਥਾਹ ਸਹੂਲਤਾਂ ਅੱਗੇ ਜਾ ਕੇ ਜ਼ਿੰਦਗੀ ਦੀ ਸਫਲਤਾ ਲਈ ਅੜਚਣਾ ਪੈਦਾ ਕਰਨ ਲਈ ਰੋਲ ਅਦਾ ਕਰਦੀਆਂ ਹਨ। ਵੱਡੇ / ਸੀਨੀਅਰ ਬੱਚੇ ਅਕਸਰ ਛੋਟੇ ਬੱਚਿਆਂ ਲਈ ਰੋਲ ਮਾਡਲ ਹੁੰਦੇ ਹਨ, ਵੱਡਿਆਂ ਦੀਆਂ ਗੱਲਾਂ / ਕੰਮਾਂ ਦੀ ਬੱਚੇ ਆਮ ਤੌਰ 'ਤੇ ਰੀਸ ਕਰਦੇ ਹਨ।ਸੋ ਅੱਜ ਬੱਚਿਆਂ ਨੂੰ ਛੋਟੇ ਹੁੰਦੇ ਹੀ ਸਾਂਭਣ ਦੀ ਲੋੜ ਹੈ।ਉਨ੍ਹਾਂ ਦੀਆਂ ਅੰਦਰਲੀਆਂ ਕਲਾਵਾਂ ਨੂੰ ਨਿਖਾਰਨ ਲਈ ਸਾਨੂੰ ਬੱਚਿਆਂ ਨੂੰ ਸਮੇਂ-ਸਮੇਂ ਸਿਰ ਗਾਈਡ ਲਾਈਨਜ਼ ਦੇਣੀਆਂ ਅਹਿਮ ਹਨ।

ਅੱਜ ਮੋਬਾਇਲ/ਟੀ.ਵੀ. ਨੇ ਬੱਚਿਆਂ ਦਾ ਖੇਡਣ ਦਾ ਸਮਾਂ ਵੀ ਨਿਗਲ ਲਿਆ ਹੈ। ਇਸ ਪ੍ਰਤੀ ਮਾਪਿਆਂ ਅਤੇ ਅਧਿਆਪਕਾਂ ਨੂੰ ਗੰਭੀਰ ਹੋ ਕੇ ਬੱਚਿਆਂ ਨੂੰ ਸਹੀ ਸੇਧ ਦੇਣ ਲਈ ਉਪਰਾਲਾ ਕਰਨਾ ਚਾਹੀਦਾ ਹੈ।ਸਕੂਲੀ ਖੇਡਾਂ 'ਚ ਬੱਚਿਆਂ ਦੀ ਸ਼ਮੂਲੀਅਤ ਬਹੁਤ ਘੱਟ ਸਕੂਲਾਂ 'ਚ ਕਰਵਾਈ ਜਾਂਦੀ ਹੈ। ਨਾਭਾ ਨੇੜੇ ਸ.ਹ.ਸ. ਥੂਹੀ ਵਿੱਚ ਹਰਿੰਦਰ ਸਿੰਘ ਗਰੇਵਾਲ ਨੈਸ਼ਨਲ ਐਵਾਰਡੀ ਅਧਿਆਪਕ ਨੇ ਬੱਚਿਆਂ ਦੇ ਖੇਡਣ ਲਈ ਜੋ ਕਦਮ ਚੁੱਕੇ ਹਨ, ਉਹ ਸਲਾਹੁਣਯੋਗ ਹਨ। ਉਨ੍ਹਾਂ ਨੇ ਆਪਣੇ ਆਪ ਨੂੰ ਬੱਚਿਆਂ ਲਈ ਸਮਰਪਿਤ ਕੀਤਾ ਹੋਇਆ। ਉਨ੍ਹਾਂ ਦੇ ਬੱਚੇ ਸਟੇਟ, ਰਾਸ਼ਟਰੀ ਪੱਧਰ 'ਤੇ ਖੇਡ ਚੁੱਕੇ ਹਨ। ਇਸੇ ਕਰਕੇ ਸਿੱਖਿਆ ਵਿਭਾਗ ਲਈ ਸਲਾਹਕਾਰੀ ਕਮੇਟੀ ਦੇ ਉਨ੍ਹਾਂ ਨੂੰ ਮੈਂਬਰ ਬਣਾ ਕੇ ਹੋਰ ਜ਼ਿੰਮੇਵਾਰੀ ਦੇ ਕੇ ਮਾਣ ਬਖਸ਼ਿਆ ਹੈ।ਇਸੇ ਕਰਕੇ ਇਸ ਸਕੂਲ ਵਿੱਚ ਖਿਡਾਰੀ ਬੱਚੇ ਦਾਖਲਾ ਲੈਣ ਲਈ ਉਤਾਵਲੇ ਰਹਿੰਦੇ ਹਨ।ਇਸ ਤਰ੍ਹਾਂ ਹੋਰਾਂ ਸਕੂਲਾਂ ਦੇ ਅਧਿਆਪਕਾਂ ਨੂੰ ਵੀ ਅੱਗੇ ਆ ਕੇ ਬੱਚਿਆਂ ਨੂੰ ਖੇਡਾਂ ਪ੍ਰਤੀ ਰੁਚਿਤ ਕਰਨਾ ਚਾਹੀਦਾ ਹੈ, ਜਿਸ ਨਾਲ ਇਨ੍ਹਾਂ ਸਕੂਲਾਂ 'ਚੋਂ ਵੀ ਖਿਡਾਰੀ ਚੰਗਾ ਨਾਮ ਕਮਾ ਸਕਦੇ ਹਨ।ਇਸੇ ਥੂਹੀ ਸਕੂਲ 'ਚੋਂ ਪੜ੍ਹੀ ਵਿਦਿਆਰਥਣ ਹਰਜਿੰਦਰ ਕੌਰ ਨੇ ਵੇਟ ਲਿਫਟਿੰਗ 'ਚ 2022 ਦੀਆਂ ਕਾਮਨਵੈਲਥ ਗੇਮਜ਼ ਵਿੱਚ ਕਾਂਸੀ ਦਾ ਮੈਡਲ ਜਿੱਤ ਕੇ ਦੇਸ਼ ਦਾ ਨਾਂਅ ਉੱਚਾ ਕੀਤਾ ਹੈ। ਜੇਕਰ ਬੱਚਿਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਰੁਚੀ ਵਾਲੇ ਕੀਤੇ ਕੰਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਵੱਡੇ ਹੋ ਕੇ ਹੋਰ ਵੀ ਵਧੀਆ ਕਾਰਗੁਜ਼ਾਰੀ ਜ਼ਰੂਰ ਦੇਣਗੇ ਅਤੇ ਸਫਲਤਾ ਪ੍ਰਾਪਤ ਕਰਨਗੇ।

# ਸੰਪਰਕ : 94635-53962

# ਅਖੌਤੀ ਧਾਰਮਕ ਸਥਾਨਾਂ ਦੀ ਪ੍ਰਫੁੱਲਤਾ 'ਚ ਸਿਆਸਤਦਾਨਾਂ ਦੀ ਅਹਿਮ ਭੂਮਿਕਾ



ਬਲਵਿੰਦਰ ਸਿੰਘ ਭੁੱਲਰ

ਆਮ ਲੋਕਾਂ ਵਿੱਚ ਵਿਗਿਆਨਕ ਸੋਚ ਦੀ ਘਾਟ ਅਤੇ ਅੰਧ ਵਿਸ਼ਵਾਸੀ ਪ੍ਰਵਿਰਤੀ ਨੂੰ ਦੇਖਦਿਆਂ ਚਲਾਕ ਲੋਕਾਂ ਨੇ ਧਰਮ ਦੇ ਨਾਂਅ ਹੇਠ ਉਹਨਾਂ ਦੀ ਲੁੱਟ ਘਸੁੱਟ ਕਰਨ ਲਈ ਦੇਸ਼ ਭਰ ਵਿੱਚ ਲੱਖਾਂ ਹੀ ਅਖੌਤੀ ਧਾਰਮਿਕ ਸਥਾਨ ਬਣਾ ਲਏ ਹਨ। ਜਿੱਥੇ ਉਹਨਾਂ ਅਸਥਾਨਾਂ ਦੇ ਕਹਿਣੀ ਵਾਲੇ ਅਸੂਲਾਂ ਤੇ ਫ਼ਰਜ਼ਾਂ ਦੇ ਉਲਟ ਲੋਕਾਂ ਦੀ ਲੁੱਟ-ਖਸੁੱਟ ਕਰਕੇ ਉਹਨਾਂ ਦੇ ਪ੍ਰਬੰਧਕ ਐਸ਼ਪ੍ਰਸਤੀਆਂ ਤੇ ਅਯਾਸ਼ੀਆਂ ਕਰਦੇ ਹਨ ਅਤੇ ਜਾਇਦਾਦਾਂ ਵਿੱਚ ਵਾਧਾ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਜ਼ਾਰਾਂ ਅਜਿਹੇ ਧਾਰਮਿਕ ਅਸਥਾਨ ਹਨ, ਜਿਹਨਾਂ ਦਾ ਇਤਿਹਾਸਕ ਪਿਛੋਕੜ ਗੁਰੂਆਂ-ਪੀਰਾਂ ਨਾਲ ਸੰਬੰਧਤ ਹੈ, ਜਿਵੇਂ ਅਯੁੱਧਿਆ, ਚਿਤਰਕੂਟ, ਅਮਰਕੰਟਕ, ਰਿਸ਼ੀਕੇਸ਼, ਮਥੁਰਾ, ਪਟਨਾ, ਅੰਮ੍ਰਿਤਸਰ, ਅਨੰਦਪੁਰ ਸਾਹਿਬ, ਪਾਉਂਟਾ ਸਾਹਿਬ, ਕੁਰੂਕਸ਼ੇਤਰ, ਅਜਮੇਰ ਸ਼ਰੀਫ ਆਦਿ। ਇਹਨਾਂ ਤੋਂ ਇਲਾਵਾ ਲੱਖਾਂ ਅਜਿਹੇ ਅਖੌਤੀ ਧਾਰਮਿਕ ਸਥਾਨ ਹਨ, ਜਿਹਨਾਂ ਦੀ ਸਥਾਪਤੀ ਜ਼ਮੀਨ ਹੜੱਪਣ ਦੀ ਪਰਵਿਰਤੀ ਤੋਂ ਸ਼ੁਰੂ ਹੋਈ। ਸਭ ਤੋਂ ਪਹਿਲਾਂ ਕਿਸੇ ਸਥਾਨ 'ਤੇ ਛੋਟੀ ਜਿਹੀ ਮੂਰਤੀ ਰੱਖ ਕੇ ਜਾਂ ਧਾਰਮਿਕ ਝੰਡਾ ਗੱਡ ਕੇ ਸ਼ੁਰੂਆਤ ਕੀਤੀ ਅਤੇ ਫਿਰ ਉਸ ਜਗ੍ਹਾ ਤੇ ਵੱਡੇ-ਵੱਡੇ ਧਾਰਮਿਕ ਅਸਥਾਨ ਬਣ ਗਏ, ਜਿੱਥੇ ਰੋਜ਼ਾਨਾ ਦਾ ਲੱਖਾਂ ਰੁਪਏ ਦਾ ਚੜ੍ਹਾਵਾ ਚੜ੍ਹਨ ਲੱਗ ਗਿਆ ਅਤੇ ਅਜਿਹੇ ਅਨੇਕਾਂ ਹੋਰ ਸਥਾਨ ਹੋਂਦ ਵਿੱਚ ਆ ਰਹੇ ਹਨ।

ਅਜਿਹੇ ਗੈਰ-ਇਤਿਹਾਸਕ ਧਾਰਮਿਕ ਸਥਾਨਾਂ ਦੀ ਪ੍ਰਫੁੱਲਤਾ ਵਿੱਚ ਸਿਆਸਤਦਾਨਾਂ ਦੀ ਵੀ ਅਹਿਮ ਭੂਮਿਕਾ ਹੈ, ਜਿਹੜੇ ਵੋਟਾਂ ਹਾਸਲ ਕਰਨ ਲਈ ਇਹਨਾਂ ਥਾਵਾਂ 'ਤੇ ਨੱਕ ਰਗੜ-ਰਗੜ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਹਨਾਂ ਥਾਵਾਂ ਦੀ ਸ਼ਕਤੀ ਅਪਰ-ਅਪਾਰ ਹੈ। ਸਮਾਂ ਪਾ ਕੇ ਅਜਿਹੇ ਸਥਾਨ ਮਸ਼ਹੂਰ ਹੋ ਗਏ ਅਤੇ ਇਹਨਾਂ ਦੀਆਂ ਜਾਇਦਾਦਾਂ ਵਿੱਚ ਕਈ-ਕਈ ਗੁਣਾਂ ਵਾਧਾ ਹੋ ਗਿਆ, ਰੋਜ਼ਾਨਾ ਚੜ੍ਹਾਵੇ ਵਿੱਚ ਹੋਣ ਵਾਲੇ ਵਾਧੇ ਕਾਰਨ ਇਹ ਸਥਾਨ ਖ਼ੂਨ ਖ਼ਰਾਬੇ ਦੇ ਮੈਦਾਨ ਵੀ ਬਣਨ ਲੱਗੇ। ਕਬਜ਼ਾ ਜਮਾਈ ਰੱਖਣ ਜਾਂ ਦੂਜੀ ਧਿਰ ਵੱਲੋਂ ਕਬਜ਼ਾ ਖੋਹਣ ਲਈ ਗੁੰਡਿਆਂ ਤੇ ਗੈਰ-ਇਖ਼ਲਾਕੀ ਲੋਕਾਂ ਦੀ ਮਦਦ ਲੈਣ ਦੀ ਜ਼ਰੂਰਤ ਬਣ ਗਈ, ਜਿਸ ਕਾਰਨ ਅਜਿਹੇ ਸਥਾਨਾਂ 'ਤੇ ਬਲਾਤਕਾਰ, ਕੁੱਟਮਾਰ, ਲੁੱਟਮਾਰ ਤੇ ਜਿਨਸੀ ਸ਼ੋਸ਼ਣ ਆਦਿ ਅਯਾਸ਼ੀਆਂ ਦੀਆਂ ਵਾਰਦਾਤਾਂ ਹੋਣ ਲੱਗ ਪਈਆਂ।

ਉਦਾਹਰਣ ਦੇ ਤੌਰ 'ਤੇ ਸਵਾਮੀ ਸਦਾਚਾਰ, ਜੋ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਦੌਰ ਸਮੇਂ ਬਹੁਤ ਸਾਰੇ ਉੱਚ ਕੋਟੀ ਦੇ ਨੇਤਾਵਾਂ ਦਾ ਅਧਿਆਤਮਿਕ ਸਲਾਹਕਾਰ ਹੁੰਦਾ ਸੀ, ਪਰੰਤੂ ਉਦੋਂ ਉਸ ਨੂੰ ਜੇਲ੍ਹ ਦੀ ਦਾਲ ਪੀਣੀ ਪਈ, ਜਦੋਂ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਵਰਗੇ ਸੰਗਠਨਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਇੱਕ ਚਕਲਾਘਰ ਚਲਾ ਰਿਹਾ ਹੈ। ਇਸੇ ਤਰ੍ਹਾਂ ਸਵਾਮੀ ਪ੍ਰੇਮਾਨੰਦ ਬਲਾਤਕਾਰਾਂ ਤੇ ਹੋਰ ਕਈ ਸੈਕਸ ਸਕੈਂਡਲਾਂ ਵਿੱਚ ਸ਼ਾਮਲ ਹੋਣ ਕਾਰਨ ਜੇਲ੍ਹ ਵਿੱਚ ਰਿਹਾ। ਇੱਥੇ ਹੀ ਬੱਸ ਨਹੀਂ, ਸੱਤਿਆ ਸਾਈ ਬਾਬਾ ਵਿਰੁੱਧ ਵੀ ਬੱਚਿਆਂ ਦੇ ਸ਼ੋਸ਼ਣ ਅਤੇ ਛੋਟੀ ਉਮਰ ਦੇ ਚੇਲਿਆਂ ਨਾਲ ਗੈਰ ਕੁਦਰਤੀ ਯੌਨ ਸਬੰਧ ਬਣਾਉਣ ਦੇ ਦੋਸ਼ ਲੱਗਦੇ ਰਹੇ ਹਨ।

ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਵਿਰੁੱਧ ਵੀ ਅਜਿਹੇ ਮੁਕੱਦਮੇ ਚੱਲੇ ਅਤੇ ਉਮਰ ਕੈਦ ਦੀ ਸਜ਼ਾ ਹੋਈ ਅਤੇ ਕੁਝ ਮੁਕੱਦਮੇ ਅਜੇ ਸੁਣਵਾਈ ਅਧੀਨ ਹਨ। ਨਿਤਿਆਨੰਦ ਵਰਗੇ ਹੋਰ ਬਹੁਤ ਸਾਰੇ ਅਜਿਹੇ ਧਾਰਮਿਕ ਗੁਰੂ ਅਖਵਾਉਣ ਵਾਲਿਆਂ ਵਿਰੁੱਧ ਚਰਚਾ ਹੁੰਦੀ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੂੰ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਲਈ ਚੁਣਿਆ ਜਾਂਦਾ ਹੈ, ਉਸ ਦੇ ਇੱਕ ਕਮੇਟੀ ਮੈਂਬਰ ਨੇ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਵਾਲੇ ਨੇਤਰਹੀਣ ਕੀਰਤਨੀਏ ਦੇ ਘਰ ਵਿੱਚ ਦਾਖਲ ਹੋ ਕੇ ਉਸ ਦੀ ਧਰਮ ਪਤਨੀ ਨਾਲ ਛੇੜਛਾੜ ਕਰਨ ਦੀ ਚਰਚਾ ਵੀ ਛਿੜੀ ਸੀ।

ਜੇਕਰ ਅਜਿਹੇ ਧਾਰਮਿਕ ਸਥਾਨਾਂ ਦੀ ਆਮਦਨ ਅਤੇ ਇਕੱਠੀ ਕੀਤੀ ਜਾ ਰਹੀ ਮਾਇਆ ਬਾਰੇ ਵਿਚਾਰ ਕਰੀਏ ਤਾਂ ਸੈਂਕੜੇ ਸਾਲ ਪਹਿਲਾਂ ਵਿਦੇਸ਼ੀ ਧਾੜਵੀਆਂ ਨੇ ਹਮਲਾ ਕਰਕੇ ਸੋਮਨਾਥ ਦੇ ਮੰਦਰ ਵਿੱਚ ਲੁੱਟਮਾਰ ਕੀਤੀ ਅਤੇ ਮੰਦਰ ਦੇ ਸੋਨੇ ਦੇ ਤਖਤੇ ਪੁੱਟ ਕੇ ਲੈ ਗਏ ਸਨ, ਜੋ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਵਾਪਸ ਲਿਆਂਦੇ। ਇਸੇ ਤਰ੍ਹਾਂ ਅੰਗਰੇਜ਼ ਇਤਿਹਾਸਕਾਰ ਅਲਫ਼ਿਨਸਟਨ ਦੀ ਲਿਖਤ ਅਨੁਸਾਰ ਸੈਂਕੜੇ ਸਾਲ ਪਹਿਲਾਂ ਨਗਰਕੋਟ ਦੇ ਇੱਕ ਮੰਦਰ ਵਿੱਚੋਂ ਇੱਕ ਇਸਲਾਮੀ ਬਾਦਸ਼ਾਹ ਨੇ 7 ਲੱਖ ਸੁਨਹਿਰੀ ਮੋਹਰਾਂ, 9 ਮਣ ਸੋਨਾ, 2000 ਮਣ ਚਾਂਦੀ ਤੇ ਵੀਹ ਮਣ ਜਵਾਹਰਾਤ ਲੁੱਟੇ ਸਨ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਸਮੇਂ ਇਹਨਾਂ ਮੰਦਰਾਂ ਦੀ ਕਿੰਨੀ ਆਮਦਨ ਹੋਵੇਗੀ।

ਅੱਜ ਵੀ ਤਿਰੁਪਤੀ ਮੰਦਰ ਜਿਸ ਨੂੰ ਵੈਂਕਟੇਸਵਰ ਮੰਦਰ ਵੀ ਕਿਹਾ ਜਾਂਦਾ ਹੈ, ਵਿਖੇ ਇੱਕ ਸੋਨੇ ਦਾ ਰੱਥ ਖੜ੍ਹਾ ਹੈ। ਇਸ ਮੰਦਰ ਦੇ ਦਰਸ਼ਨਾਂ ਲਈ ਰੋਜ਼ਾਨਾ 2 ਲੱਖ ਤੋਂ ਵੱਧ ਸ਼ਰਧਾਲੂ ਪਹੁੰਚਦੇ ਹਨ, ਜੋ ਉਥੇ ਰੱਖੇ ਇੱਕ ਵੱਡੇ ਬਰਤਨ ਵਿੱਚ ਨਕਦੀ ਤੇ ਗਹਿਣੇ ਆਦਿ ਦਾਨ ਵਜੋਂ ਭੇਟ ਕਰਦੇ ਹਨ। ਇਸ ਮੰਦਰ ਦੀ ਸਾਲਾਨਾ ਆਮਦਨ ਕਰੀਬ 600 ਕਰੋੜ ਰੁਪਏ ਹੈ। ਕੇਰਲਾ ਦੇ ਇੱਕ ਪ੍ਰਸਿੱਧ ਸਾਬਰੀਮਾਲ ਮੰਦਰ ਵਿੱਚ ਹਰ ਸਾਲ ਮੱਕਰਜੋਤੀ ਉਤਸਵ ਲਗਦਾ ਹੈ, ਜੋ 41 ਦਿਨ ਚੱਲਦਾ ਹੈ। ਇਸ ਉਤਸਵ ਵਿੱਚ ਮੱਕਰਜੋਤੀ ਦੇ ਪ੍ਰਗਟ ਹੋਣ ਦੇ ਦਰਸ਼ਨ ਕਰਨ ਲਈ ਕਰੀਬ 30 ਲੱਖ ਸ਼ਰਧਾਲੂ ਪਹੁੰਚਦੇ ਹਨ, ਜਿਹਨਾਂ ਵੱਲੋਂ ਦਿੱਤੇ ਦਾਨ ਨਾਲ ਅਰਬਾਂ ਰੁਪਏ ਇਕੱਤਰ ਹੋ ਜਾਂਦੇ ਹਨ। ਦੱਖਣੀ ਭਾਰਤ ਦੇ ਇੱਕ ਹੋਰ ਮੱਠ ਵਰਦਰਾਜਾ ਪੇਰੂਮੱਲ ਮੰਦਰ ਦੀ ਜਾਇਦਾਦ 2000 ਕਰੋੜ ਤੋਂ ਉਪਰ ਹੈ ਅਤੇ ਇਸ ਦੇ ਮੁਖੀ ਜੈਇੰਦਰ ਸਰਸਵਤੀ ਜਿਸ ਵਿਰੁੱਧ ਛੇੜਛਾੜ ਤੇ ਬਲਾਤਕਾਰ ਦੇ ਦੋਸ਼ ਲਗਦੇ ਰਹੇ, ਨੇ ਆਪਣੇ ਭੇਤ ਛੁਪੇ ਰੱਖਣ ਲਈ ਆਪਣੇ ਚੇਲੇ ਸੰਦਰ ਰਮਨ ਨੂੰ ਕਤਲ ਕਰਨ ਲਈ ਗੁੰਡਿਆਂ ਨਾਲ 2 ਕਰੋੜ ਰੁਪਏ 'ਚ ਸੌਦਾ ਤਹਿ ਕੀਤਾ ਸੀ। ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਆਮਦਨ ਵੀ ਢਾਈ ਅਰਬ ਤੋਂ ਜ਼ਿਆਦਾ ਹੈ। ਲੱਖਾਂ ਗੁਰਦੁਆਰੇ ਇਸ ਸੰਸਥਾ ਦੇ ਕੰਟਰੋਲ ਤੋਂ ਅਜੇ ਬਾਹਰ ਹਨ। ਪਿਛਲੇ ਸਮੇਂ ਆਂਧਰਾ ਪ੍ਰਦੇਸ਼ ਦੇ ਅਨੰਤਪੁਰ ਜ਼ਿਲ੍ਹੇ ਵਿੱਚ ਪੁਟਾਪਰਥੀ ਸਥਾਨ ਤੇ ਸੱਤਿਆ ਸਾਈਂ ਦੇ ਮੰਦਰ ਕੰਪਲੈਕਸ 'ਚ ਪ੍ਰਸ਼ਾਂਤ ਨਿਲਾਯਮ ਸਾਈਂ ਦੀ ਰਿਹਾਇਸ ਤੋਂ 34 ਕਿਲੋ ਸੋਨਾ, 340 ਕਿਲੋ ਚਾਂਦੀ ਤੇ 1.90 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਸੀ, ਜਦ ਕਿ ਇਸ ਤੋਂ ਕੁਝ ਦਿਨ ਪਹਿਲਾਂ ਇਸੇ ਮੰਦਰ ਦੇ ਇੱਕ ਹੋਰ ਕਮਰੇ ਵਿੱਚੋਂ 98 ਕਿਲੋ ਸੋਨਾ, 300 ਕਿਲੋ ਚਾਂਦੀ ਅਤੇ 11.56 ਕਰੋੜ ਰੁਪਏ ਨਕਦ ਬਰਾਮਦ ਕੀਤੇ ਗਏ ਸਨ। ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਹਿਮਾਚਲ ਪ੍ਰਦੇਸ਼ 'ਚ ਸਥਿਤ ਇੱਕ ਬੋਧੀ ਮੱਠ ਵਿੱਚੋਂ ਵੱਡੀ ਮਾਤਰਾ ਵਿੱਚ ਦੇਸੀ ਤੇ ਵਿਦੇਸ਼ੀ ਰਕਮ ਬਰਾਮਦ ਕੀਤੀ ਸੀ। ਯੋਗਾ ਗੁਰੂ ਬਾਬਾ ਰਾਮਦੇਵ ਦੇ ਆਸ਼ਰਮ ਦੀ ਅਰਬਾਂ ਰੁਪਏ ਦੀ ਆਮਦਨ ਵੀ ਜੱਗ ਜ਼ਾਹਰ ਹੋ ਚੁੱਕੀ ਹੈ।

ਗੱਲ ਕਿਸੇ ਧਰਮ ਨੂੰ ਮੰਨਣ ਜਾਂ ਨਾ ਮੰਨਣ ਦੀ ਨਹੀਂ ਅਤੇ ਨਾ ਹੀ ਕਿਸੇ ਧਾਰਮਿਕ ਸਥਾਨ ਦੀ ਵਿਰੋਧਤਾ ਹੈ, ਅਸਲ ਵਿੱਚ ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਦੇਸ਼ ਦੇ ਕਰੋੜਾਂ ਲੋਕ ਅੱਜ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਬਸਰ ਕਰ ਰਹੇ ਹਨ ਅਤੇ ਕਰੋੜਾਂ ਨੌਜਵਾਨ ਰੋਜ਼ਗਾਰ ਦੀ ਭਾਲ ਵਿੱਚ ਭਟਕਦੇ ਫਿਰ ਰਹੇ ਹਨ, ਦੂਜੇ ਪਾਸੇ ਧਾਰਮਿਕ ਸਥਾਨਾਂ ਦੀ ਅਰਬਾਂ-ਖਰਬਾਂ ਰੁਪਏ ਦੀ ਰਾਸ਼ੀ ਅਤੇ ਸੋਨਾ-ਚਾਂਦੀ ਬੰਦ ਕਮਰਿਆਂ ਵਿੱਚ ਪਈ ਹੈ ਜਾਂ ਉਹਨਾਂ ਵੱਲੋਂ ਆਮਦਨ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਰਾਸ਼ੀ ਲੋਕਾਂ ਵੱਲੋਂ ਦਿੱਤੇ ਦਾਨ ਦੀ ਹੈ, ਫਿਰ ਇਸ ਨੂੰ ਲੋਕਾਂ ਲਈ ਕਿਉਂ ਨਹੀਂ ਵਰਤਿਆ ਜਾ ਰਿਹਾ? ਜੇਕਰ ਇਹ ਧਾਰਮਿਕ ਅਸਥਾਨ ਲੋਕਾਂ ਵੱਲੋਂ ਚੜ੍ਹਾਵੇ ਦੇ ਰੂਪ ਵਿੱਚ ਦਿੱਤੀ ਰਾਸ਼ੀ ਨੂੰ ਦੱਬ ਕੇ ਰੱਖਣ ਜਾਂ ਉਸ ਦੀ ਦੁਰਵਰਤੋਂ ਕਰਨ ਦੀ ਬਜਾਏ ਸਕੂਲ, ਕਾਲਜ ਜਾਂ ਕਾਰਖਾਨੇ ਆਦਿ ਲਗਾਉਣ 'ਤੇ ਖ਼ਰਚ ਕਰਨ ਤਾਂ ਲੱਖਾਂ ਲੋਕਾਂ ਨੂੰ ਰੋਜ਼ਗਾਰ ਮਿਲ ਸਕਦਾ ਹੈ ਅਤੇ ਲੋਕਾਂ ਨੂੰ ਗਰੀਬੀ ਵਿੱਚੋਂ ਕੱਢਣ ਵਿੱਚ ਸਹਾਇਤਾ ਦਿੱਤੀ ਜਾ ਸਕਦੀ ਹੈ।

ਇਹ ਵੀ ਇੱਕ ਦੁਖਦਾਈ ਪਹਿਲੂ ਹੈ ਕਿ ਧਾਰਮਿਕ ਸਥਾਨਾਂ ਦੇ ਮੁਖੀ ਸਮੇਂ-ਸਮੇਂ ਦੀਆਂ ਹਕੂਮਤਾਂ ਦੇ ਸੰਦ ਬਣ ਜਾਂਦੇ ਹਨ, ਸਿਆਸਤਦਾਨ ਉਹਨਾਂ ਦੇ ਡੇਰਿਆਂ ਦੀ ਪ੍ਰਫੁੱਲਤਾ ਜਾਂ ਸੁਰੱਖਿਆ ਦਾ ਭਰੋਸਾ ਦੇ ਕੇ ਉਹਨਾਂ ਨੂੰ ਆਪਣੇ ਹਿੱਤਾਂ ਲਈ ਵਰਤਦੇ ਹਨ ਅਤੇ ਅਜਿਹੇ ਸਾਧ-ਸੰਤ ਲਾਈਲੱਗ ਲੋਕਾਂ ਨੂੰ ਗੁੰਮਰਾਹ ਕਰਕੇ ਸਿਆਸਤਦਾਨਾਂ ਦੇ ਹੱਕ ਵਿੱਚ ਭੁਗਤਾ ਦਿੰਦੇ ਹਨ। ਇਹੋ ਕਾਰਨ ਹੈ ਕਿ ਕਿਸੇ ਵੀ ਸਰਕਾਰ ਨੇ ਧਾਰਮਿਕ ਸਥਾਨਾਂ ਵਿੱਚ ਹੋ ਰਹੇ ਕੁਕਰਮਾਂ ਜਾਂ ਨਜਾਇਜ਼ ਖ਼ਰਚਿਆਂ ਨੂੰ ਰੋਕਣ ਦੀ ਜੁਰਅੱਤ ਨਹੀਂ ਕੀਤੀ, ਸਗੋਂ ਦਾਨ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ ਤੇ ਆਮਦਨ ਟੈਕਸ ਤੋਂ ਛੋਟ ਦਿੱਤੀ ਜਾਂਦੀ ਹੈ।

ਅੱਜ ਸਮੇਂ ਦੀ ਲੋੜ ਹੈ ਕਿ ਭਾਰਤ ਸਰਕਾਰ ਇੱਕ ਅਜਿਹੇ ਕਮਿਸ਼ਨ ਦਾ ਗਠਨ ਕਰੇ, ਜਿਸ ਨੂੰ ਧਾਰਮਕ ਸਥਾਨਾਂ 'ਤੇ ਜਾ ਕੇ ਪੁਣਛਾਣ ਕਰਨ ਅਤੇ ਆਡਿਟ ਕਰਨ ਦੇ ਪੂਰੇ ਅਧਿਕਾਰ ਹੋਣ ਅਤੇ ਅਸਲੀਅਤ ਸਾਹਮਣੇ ਆਉਣ 'ਤੇ ਧਾਰਮਕ ਸਥਾਨਾਂ ਦੀ ਆਮਦਨ ਨੂੰ ਲੋਕ ਹਿੱਤਾਂ ਲਈ ਵਰਤਣ ਵਾਸਤੇ ਕੋਈ ਸਖ਼ਤ ਕਾਨੂੰਨ ਹੋਂਦ ਵਿੱਚ ਲਿਆਂਦਾ ਜਾਵੇ।

# ਸੰਪਰਕ : 98882-75913

### ਸ਼ਹੀਦ ਕਿਰਨਜੀਤ ਕੌਰ ਯਾਦਗਾਰੀ ਸਮਾਗਮ

# ਔਰਤਾਂ ਖ਼ਿਲਾਫ ਵਧ ਰਿਹਾ ਜਬਰ ਮੋਦੀ ਹਕੂਮਤ ਦੀ ਮਨੂੰਵਾਦੀ ਸੋਚ ਦੀ ਪੈਦਾਵਾਰ : ਭਾਸ਼ਾ ਸਿੰਘ

**■ ਦਲਿਤ ਤੇ ਮੁਸਲਿਮ ਘੱਟ ਗਿਣਤੀਆਂ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਸਭ ਤੋਂ ਵੱਧ : ਸ਼੍ਰੇਆ ਘੋਸ਼ ■ ਮਹਿਲ ਕਲਾਂ ਲੋਕ ਘੋਲ ਜਬਰ ਖ਼ਿਲਾਫ਼ ਸੰਘਰਸ਼ ਰਾਹੀਂ ਟਾਕਰੇ ਦੀ ਮਿਸਾਲ : ਨਰਾਇਣ ਦੱਤ**



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਔਰਤ ਮੁਕਤੀ ਦਾ ਇੱਕ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ 27ਵਾਂ ਯਾਦਗਾਰੀ ਸਮਾਗਮ ਦਾਨਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ।ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਮਰਦ-ਔਰਤਾਂ ਤੇ ਨੌਜਵਾਨਾਂ ਦੇ ਕਾਫਲੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਲ ਹੋਏ।ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ...' ਨਾਲ ਹੋਈ।ਮੁੱਖ ਬੁਲਾਰੇ ਵਜੋਂ ਔਰਤ ਹੱਕਾਂ ਤੇ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਨਿਊਜ ਕਲਿੱਕ ਦੀ ਸੀਨੀਅਰ ਜਰਨਲਿਸਟ ਭਾਸ਼ਾ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫਿਰਕੂ ਫਾਸ਼ੀ ਅਜੰਡੇ ਤਹਿਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ।ਇਸ ਹਮਲੇ ਦੀ ਮਾਰ ਹੇਠ ਆਏ ਸਮਾਜਿਕ ਕਾਰਕੁਨ, ਬੁੱਧੀਜੀਵੀ, ਪੱਤਰਕਾਰ ਤੇ ਵਕੀਲ, ਸਾਲਾਂ ਤੋਂ ਜੇਲ੍ਹਾਂ ਪਿੱਛੇ ਕੈਦ ਹਨ।ਭਾਸ਼ਾ ਸਿੰਘ ਨੇ ਇੱਕ ਨਾਬਾਲਗ ਬੱਚੀ ਦੇ ਸਮੂਹਕ ਜਬਰ ਜ਼ਨਾਹ ਤੇ ਕਤਲ ਤੋਂ ਸ਼ੁਰੂ ਹੋਏ ਸਾਂਝੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦੀਆਂ ਔਰਤਾਂ ਨੂੰ ਸੰਗਰਾਮੀ ਮੁਬਾਰਕ ਦਿੱਤੀ।ਉਨ੍ਹਾ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿਵਾਉਣੀ ਤੇ ਮਹਿਲ ਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜ਼ਾ ਰੱਦ ਕਰਾਉਣੀ ਸੰਭਵ ਹੀ ਨਹੀਂ ਸੀ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਯਾਦਗਾਰ ਕਮੇਟੀ ਮਹਿਲ ਕਲਾਂ ਦੇ ਕਨਵੀਨਰ ਨਰਾਇਣ ਦੱਤ ਨੇ 27 ਸਾਲ ਤੋਂ ਔਰਤ ਮੁਕਤੀ ਦੇ ਇਸ ਘੋਲ ਵਿੱਚ ਡਟੇ ਹੋਏ ਜੁਝਾਰੂ ਕਾਫ਼ਲਿਆਂ ਦੀ ਜੈ ਜੈ ਕਾਰ ਕਰਦਿਆਂ ਉਨ੍ਹਾਂ ਨੂੰ ਇਨਕਲਾਬੀ ਸਲਾਮ ਭੇਟ ਕੀਤੀ ਤੇ ਕਿਹਾ ਕਿ ਮਹਿਲ ਕਲਾਂ-ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣੇ ਹੋਏ ਹਨ।ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥੀ ਆਗੂ ਤੇ ਹੁਣ ਮਜ਼ਦੂਰ ਆਗੂ ਸ਼੍ਰੇਆ ਘੋਸ਼ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਦਲਿਤ ਮਜ਼ਦੂਰ ਤੇ ਘੱਟ ਗਿਣਤੀ ਔਰਤਾਂ ਨੂੰ ਸਭ ਤੋਂ ਵੱਧ ਸਹਿਣੀ ਪੈ ਰਹੀ ਹੈ।ਔਰਤਾਂ ਉੱਤੇ ਜਬਰ ਦਾ ਜ਼ਿੰਮੇਵਾਰ ਲੁਟੇਰਾ ਤੇ ਜ਼ਾਬਰ ਰਾਜ ਪ੍ਰਬੰਧ ਹੈ।ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਨਹੀਂ ਹੈ।ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ। ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਵੇਂ ਅਸੀਂ ਗੁੰਡਾ-ਪੁਲਸ-ਸਿਆਸੀ ਗੱਠਜੋੜ ਖ਼ਿਲਾਫ਼ ਵੱਡੀ ਲੜਾਈ ਜਿੱਤ ਲਈ ਹੈ, ਪਰ ਇਹ ਅੰਤਿਮ ਜਿੱਤ ਨਹੀਂ ਹੈ।ਪਾਰਲੀਮੈਂਟ ਤੇ ਵਿਧਾਨ ਸਭਾਵਾਂ ਦੇ 40% ਨੁਮਾਇੰਦਿਆਂ ਦਾ ਅਪਰਾਧਿਕ (ਅਗਵਾ, ਬਲਾਤਕਾਰ, ਕਤਲ ਆਦਿ) ਪਿਛੋਕੜ ਹੈ।ਇਸੇ ਕਰਕੇ ਔਰਤਾਂ ਉੱਪਰ ਜਬਰ ਲਗਾਤਾਰ ਵਧ ਰਿਹਾ ਹੈ।ਅਜਿਹੀ ਹਾਲਤ ਵਿੱਚ ਅਸੀਂ ਆਸ ਨਹੀਂ ਕਰ ਸਕਦੇ ਕਿ ਇਹ ਲੋਕ ਔਰਤਾਂ 'ਤੇ ਜਬਰ ਨੂੰ ਰੋਕਣਗੇ।ਇਸ ਲਈ 'ਮਹਿਲ ਕਲਾਂ ਲੋਕ ਘੋਲ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਨਿਆਦੀ ਨਾਹਰੇ ਤਹਿਤ ਔਰਤ ਮੁਕਤੀ ਦੇ ਸੰਘਰਸ਼ ਵਿੱਚ ਔਰਤਾਂ ਨੂੰ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ। ਭਾਰਤੀ ਮਾਰਕਸਵਾਦੀ ਇਨਕਲਾਬੀ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਹਿਲ ਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸ਼ੁਰੂ ਕੀਤੀ ਸਾਂਝੇ ਸੰਘਰਸ਼ਾਂ ਦੀ ਵਿਰਾਸਤ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵੀ ਗੂੰਜਦੀ ਰਹੀ ਹੈ।ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉੱਪਰ ਕਾਬਜ਼ ਹਾਕਮ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ।ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲ ਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਅੰਮ੍ਰਿਤਪਾਲ ਕੌਰ, ਸੁਖਜੀਤ ਕੌਰ ਨੇ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ ਅਤੇ ਲੋਕ ਵਿਰੋਧੀ ਨੀਤੀ ਖਿਲਾਫ ਮਹਿਲ ਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ।

ਇਨਕਲਾਬੀ ਕੇਂਦਰ ਪੰਜਾਬ ਦੇ ਨੌਜਵਾਨ ਆਗੂ ਹਰਪ੍ਰੀਤ ਨੇ ਕਿਹਾ ਕਿ ਮਨੂੰਵਾਦੀ ਮੋਦੀ ਹਕੂਮਤ ਵੱਲੋਂ ਮਨੀਪੁਰ ਸਮੇਤ ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।ਐਕਸ਼ਨ ਕਮੇਟੀ ਮਹਿਲ ਕਲਾਂ ਦੇ ਮਰਹੂਮ ਕਨਵੀਨਰ ਭਗਵੰਤ ਸਿੰਘ ਮਹਿਲ ਕਲਾਂ ਦੀ ਜੀਵਨ ਸਾਥਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਾਜੀਵ ਕੁਮਾਰ ਤੇ ਟੀਐੱਸਯੂ ਦੇ ਆਗੂ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਆਗੂ ਧੰਨਾ ਮੱਲ ਗੋਇਲ, ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ: ਸੁਰਿੰਦਰ ਨੇ ਵਿਚਾਰ ਪੇਸ਼ ਕਰਦਿਆਂ ਜਾਬਰਾਂ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ।ਭਾਸ਼ਾ ਸਿੰਘ ਤੇ ਸ਼੍ਰੇਆ ਘੋਸ਼ ਨੂੰ ਸ਼ਾਲ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਵਿੱਦਿਆਕ ਅਦਾਰੇ ਸਕੂਲਾਂ/ਕਾਲਜਾਂ ਵਿੱਚੋਂ ਮਹਿਲ ਕਲਾਂ ਲੋਕ ਘੋਲ ਦੇ 27ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ।

# ਗੌਰਮਿੰਟ ਟੀਚਰਜ਼ ਯੂਨੀਅਨ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਦਿੱਤਾ ਮੰਗ ਪੱਤਰ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਅਧਿਆਪਕਾਂ ਦੀਆਂ ਲਟਕਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਵੱਲੋਂ ਨਜ਼ਰਅੰਦਾਜ਼ ਕਰਨ ਦੇ ਰੋਸ ਵਜੋਂ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਇਕਾਈ ਵੱਲੋਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦੇ ਨਾਂਅ ਸ਼੍ਰੀਮਤੀ ਜਸਵਿੰਦਰ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਮੰਗ ਪੱਤਰ ਦਿੱਤਾ।ਜ਼ਿਲ੍ਹਾ ਪ੍ਰਧਾਨ ਨੂਰ ਮੁਹੰਮਦ, ਜਨਰਲ ਸਕੱਤਰ ਕਮਲ ਜੈਨ, ਜਾਵੇਦ ਇਕਬਾਲ ਤੇ ਹਰਬੰਸ ਸਿੰਘ ਕੁੱਪ ਕਲਾਂ ਨੇ ਕਿਹਾ ਕਿ ਸਿੱਖਿਆ ਨੀਤੀ 2020 ਦੇ ਤਹਿਤ ਸਕੂਲਾਂ ਦੀ ਅਕਾਰ ਘਟਾਈ ਕੀਤੀ ਜਾ ਰਹੀ ਹੈ, ਜਿਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇੱਕ ਪਾਸੇ ਪੰਜਾਬ ਸਰਕਾਰ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕਰਦੀ ਨਹੀਂ ਥੱਕਦੀ, ਦੂਜੇ ਪਾਸੇ ਉਸੇ ਕੇਂਦਰ ਸਰਕਾਰ ਵੱਲੋਂ ਤਿਆਰ ਲੋਕ ਮਾਰੂ ਸਿੱਖਿਆ ਨੀਤੀ ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ।ਇਸ ਨੀਤੀ ਦੇ ਲਾਗੂ ਹੋਣ ਨਾਲ ਸਰਕਾਰ, ਸਰਕਾਰੀ ਸਿੱਖਿਆ ਦਾ ਹੱਕ ਲੋਕਾਂ ਤੋਂ ਖੋਹਣ ਵੱਲ ਵੱਧ ਰਹੀ ਹੈ।ਇਸ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਰੁਜ਼ਗਾਰ ਮੰਗ ਰਹੇ ਬੇਰੁਜ਼ਗਾਰ ਅਧਿਆਪਕਾਂ ਦੇ ਰੁਜ਼ਗਾਰ ਦੇ ਮੌਕੇ ਬੰਦ ਹੋ ਜਾਣਗੇ।

ਬੁਲਾਰਿਆਂ ਨੇ ਕਿਹਾ ਕਿ ਅਧਿਆਪਕਾਂ ਦੀਆਂ ਹੋਰ ਬਹੁਤ ਸਾਰੀਆਂ ਮੰਗਾਂ ਲੰਮੇ ਸਮੇਂ ਤੋਂ ਲਟਕ ਰਹੀਆਂ ਹਨ।ਲੰਮੇ ਸਮੇਂ ਤੋਂ ਸਾਰੇ ਕਾਡਰਾਂ ਦੀਆਂ ਪ੍ਰਮੋਸ਼ਨਾਂ ਨਾ ਹੋਣ ਕਾਰਨ ਬਹੁਤ ਸਾਰੇ ਅਧਿਆਪਕ ਪ੍ਰਮੋਸ਼ਨਾਂ ਨੂੰ ਉਡੀਕਦੇ ਹੋਏ ਰਿਟਾਇਰਮੈਂਟ ਦੇ ਨੇੜੇ ਪਹੁੰਚ ਗਏ ਹਨ।ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ।ਕੰਪਿਊਟਰ ਅਧਿਆਪਕਾਂ ਨੂੰ ਪੂਰੇ ਸਕੇਲਾਂ ਤੇ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ।2011 'ਚ ਲਾਗੂ ਕੀਤੀ ਉਚੇਰੀ ਗਰੇਡ ਪੇਅ ਲਾਗੂ ਕੀਤੀ ਜਾਵੇ।ਸੋਧ ਦੇ ਨਾਂਅ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਾਰੇ ਭੱਤੇ ਬਹਾਲ ਕੀਤੇ ਜਾਣੇ।ਨਵੇਂ ਭਰਤੀ ਹੋਏ ਅਧਿਆਪਕਾਂ ਨੂੰ ਬਦਲੀ ਲਈ ਵਿਸ਼ੇਸ਼ ਮੌਕਾ/ਛੋਟ ਦਿੱਤੀ ਜਾਵੇ।8886 ਅਧਿਆਪਕਾਂ ਦਾ ਛੁੱਟੀਆਂ ਦਾ ਮਸਲਾ ਹੱਲ ਕੀਤਾ ਜਾਵੇ।ਮਹਿੰਗਾਈ ਭੱਤੇ ਦੀਆਂ ਪੈਂਡਿੰਗ ਕਿਸ਼ਤਾਂ ਜਾਰੀ ਕੀਤੀਆਂ ਜਾਣ। ਜਨਵਰੀ 2016 ਤੋਂ ਲਾਗੂ ਹੋਣ ਵਾਲੇ ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ ਸਮੇਤ ਏ.ਸੀ.ਪੀ. ਸਬੰਧੀ ਜਾਰੀ ਕੀਤੀ ਜਾਵੇ।2020 ਤੋਂ ਬਾਅਦ ਨਵੀਆਂ ਨਿਯੁਕਤੀਆਂ ਤੇ ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦੇ ਪੂਰੇ ਸਕੇਲ ਲਾਗੂ ਕੀਤੇ ਜਾਣ।15 ਜਨਵਰੀ 2015 ਦਾ ਮੁੱਢਲੀ ਤਨਖਾਹ ਤੇ ਨਿਯੁਕਤੀ ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ ਆਦਿ ਮੰਗਾਂ 'ਤੇ ਜੇਕਰ ਸਰਕਾਰ ਅਤੇ ਸਿੱਖਿਆ ਵਿਭਾਗ ਨੇ ਸੁਹਿਰਦਤਾ ਨਾ ਦਿਖਾਈ ਤਾਂ 4 ਸਤੰਬਰ ਨੂੰ ਮੁਹਾਲੀ ਵਿਖੇ ਸੂਬਾ ਪੱਧਰੀ ਜਥੇਬੰਦਕ ਐਕਸ਼ਨ ਕੀਤਾ ਜਾਵੇਗਾ।

# ਦਿਲ ਦੇ ਦੌਰੇ ਬਾਬਤ ਆਈ ਆਈ ਟੀ ਦੇ ਡਾਇਰੈਕਟਰ ਦਾ ਬਿਆਨ ਗੈਰ-ਵਿਗਿਆਨਕ ਤੇ ਗੁੰਮਰਾਹਕੁਨ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਨੇ ਆਈ ਆਈ ਟੀ ਮੰਡੀ ਦੇ ਡਾਇਰੈਕਟਰ ਲਕਸ਼ਮੀਧਰ ਬਹੇੜਾ ਦੇ ਇਸ ਬਿਆਨ ਦਾ ਸਖ਼ਤ ਅਪਵਾਦ ਲਿਆ ਹੈ ਕਿ ਦਿਲ ਉਦੋਂ ਹੀ ਰੁਕਦਾ ਹੈ, ਜਦੋਂ ਦਿਲ ਵਿੱਚ ਵਸਦੀ ਆਤਮਾ ਉਸ ਨੂੰ ਛੱਡ ਦਿੰਦੀ ਹੈ।ਸੰਸਥਾ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਗੱਲ ਕਹੀ।ਉਨ੍ਹਾ ਮੁਤਾਬਕ ਹਾਰਟ ਅਟੈਕ ਵਰਗਾ ਕੁਝ ਵੀ ਨਹੀਂ ਹੈ ਅਤੇ ਡਾਕਟਰਾਂ ਵੱਲੋਂ ਹਾਰਟ ਅਟੈਕ ਦੀ ਗੱਲ ਕਰਨੀ ਬਕਵਾਸ ਹੈ। ਆਪਣੀ ਪ੍ਰਤੀਕਿਰਿਆ ਵਿੱਚ ਅੱਜ ਜਾਰੀ ਇੱਕ ਬਿਆਨ ਵਿੱਚ ਆਈ.ਡੀ.ਪੀ.ਡੀ. ਨੇ ਕਿਹਾ ਹੈ ਕਿ ਉਨ੍ਹਾਂ ਦੀ ਗੱਲ ਪੂਰੀ ਤਰ੍ਹਾਂ ਗੈਰ-ਵਿਗਿਆਨਕ ਤੇ ਗੁੰਮਰਾਹਕੁਨ ਹੈ।ਇਹ ਆਧੁਨਿਕ ਵਿਗਿਆਨਕ ਦੀ ਸਰੀਰ ਦੀ ਰਚਨਾ ਕਾਰਜ ਪ੍ਰਣਾਲੀ ਤੇ ਬਿਮਾਰੀਆਂ ਬਾਰੇ ਮੂਲ ਧਾਰਨਾ ਨੂੰ ਨਕਾਰਦਾ ਹੈ।ਆਧੁਨਿਕ ਮੈਡੀਕਲ ਵਿਗਿਆਨ ਸਬੂਤਾਂ ਦੇ ਆਧਾਰ 'ਤੇ ਡੂੰਘੀ ਖੋਜ ਦੁਆਰਾ ਵਿਕਸਿਤ ਹੋਇਆ ਹੈ।ਰੂਹ ਨੂੰ ਛੱਡਣ ਵਰਗੇ ਕਥਨ ਬਿਨਾਂ ਕਿਸੇ ਸਬੂਤ ਜਾਂ ਵਿਗਿਆਨਕ ਅਧਾਰ ਦੇ ਕੇਵਲ ਮਿਥਿਹਾਸਕ ਹਨ।ਡਾ: ਅਰੁਣ ਮਿੱਤਰਾ ਪ੍ਰਧਾਨ ਆਈਡੀਪੀਡੀ ਨੇ ਮੰਗ ਕੀਤੀ ਕਿ ਉਹ ਆਪਣਾ ਬਿਆਨ ਵਾਪਸ ਲੈਣ ਜਾਂ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ।ਅਸੀਂ ਵਿਗਿਆਨ ਦੀਆਂ ਉੱਚ ਸੰਸਥਾਵਾਂ ਤੋਂ ਵੀ ਇਸ ਪਾਸੇ ਢੁੱਕਵਾਂ ਨੋਟਿਸ ਲੈਣ ਦੀ ਮੰਗ ਕਰਦੇ ਹਾਂ।ਆਈ ਆਈ ਟੀ ਦੇ ਇੱਕ ਡਾਇਰੈਕਟਰ ਦਾ ਅਜਿਹਾ ਬਿਆਨ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ ਅਤੇ ਸਮਾਜ ਨੂੰ ਮੱਧਕਾਲੀਨ ਸਮੇਂ ਵਿੱਚ ਧੱਕਣ ਦਾ ਇੱਕ ਸੂਖਮ ਯਤਨ ਹੈ।ਬਿਆਨ ਜਾਰੀ ਕਰਨ ਵਾਲਿਆਂ ਵਿੱਚ ਡਾ: ਅਰੁਣ ਮਿੱਤਰਾ ਪ੍ਰਧਾਨ ਆਈ.ਡੀ.ਪੀ.ਡੀ., ਡਾ: ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ, ਡਾ: ਇੰਦਰਵੀਰ ਗਿੱਲ ਮੈਂਬਰ ਕੇਂਦਰੀ ਕੌਂਸਲ ਆਈ.ਡੀ.ਪੀ.ਡੀ., ਡਾ: ਸ਼ਕਤੀ ਕੁਮਾਰ ਪ੍ਰਭਾਕਰ ਨਿਊਰੋ ਮਨੋਵਿਗਿਆਨੀ ਸ਼ਾਮਲ ਹਨ।

# ਮੋਟਰਸਾਈਕਲ ਤੇ ਕਾਰ ਦੀ ਟੱਕਰ 'ਚ ਪਿਓ-ਪੁੱਤ ਦੀ ਮੌਤ



ਸੜਕ ਹਾਦਸੇ ਦੌਰਾਨ ਨੁਕਸਾਨੇ ਵਹੀਕਲ ਤੇ ਮ੍ਰਿਤਕ ਪਿਓ-ਪੁੱਤ।

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਪਿੰਡ ਬੁੱਘੀਪੁਰਾ ਨੇੜੇ ਬਰਨਾਲਾ ਬਾਈਪਾਸ ਰੋਡ 'ਤੇ ਇੱਕ ਭਿਆਨਕ ਹਾਦਸੇ ਵਿੱਚ ਇੱਕ ਸਵਿਫਟ ਕਾਰ ਤੇ ਮੋਟਰਸਾਈਕਲ ਦੀ ਆਪਸ 'ਚ ਜ਼ਬਰਦਸਤ ਟੱਕਰ ਹੋ ਗਈ ਅਤੇ ਇਸ ਹਾਦਸੇ ਦੌਰਾਨ ਮੋਟਰਸਾਈਕਲ 'ਤੇ ਜਾ ਰਹੇ ਪਿਓ-ਪੁੱਤ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਮਾਜ ਸੇਵਾ ਸੋਸਾਇਟੀ ਦੇ ਮੈਂਬਰਾਂ ਨੇ ਸੋਸਾਇਟੀ ਦੀ ਐਮਰਜੈਂਸੀ ਗੱਡੀ ਰਾਹੀਂ ਦੋਵਾਂ ਦੀਆਂ ਲਾਸ਼ਾਂ ਨੂੰ ਮੋਗਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾ ਦਿੱਤਾ ਹੈ।

ਮੌਕੇ 'ਤੇ ਪਹੁੰਚੀ ਪੁਲਸ ਵੱਲੋਂ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਹਾਦਸੇ ਸੰਬੰਧੀ ਜਾਣਕਾਰੀ ਦਿੰਦਿਆਂ ਮੇਲਾ ਸਿੰਘ ਪਿੰਡ ਵਾਸੀ ਮਹਿਰੋਂ ਨੇ ਦੱਸਿਆ ਕਿ ਬੂਟਾ ਸਿੰਘ ਤੇ ਉਸ ਦਾ ਪੁੱਤਰ ਹਰਪ੍ਰੀਤ ਸਿੰਘ ਉਰਫ ਗੋਰਾ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਸ਼ੂ ਖ਼ਰੀਦਣ ਲਈ ਪਿੰਡ ਬੁੱਗੀਪੁਰਾ ਵਿਖੇ ਜਾ ਰਹੇ ਸਨ, ਜਦ ਉਹ ਪਿੰਡ ਬੁੱਗੀਪੁਰਾ ਦੇ ਹਾਈਵੇ ਰੋਡ ਉੱਪਰ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਸਵਿਫਟ ਗੱਡੀ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਦੋਵੇਂ ਪਿਓ-ਪੁੱਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸੰਬੰਧੀ ਮ੍ਰਿਤਕ ਦੀ ਪਤਨੀ ਜਸਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਦਾ ਫੋਨ ਆਇਆ, ਜਿਸ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਵਾਲੇ ਬੂਟਾ ਸਿੰਘ ਤੇ ਉਨ੍ਹਾਂ ਦੇ ਪੁੱਤਰ ਗੋਰਾ ਸਿੰਘ ਦਾ ਬੁੱਘੀਪੁਰਾ ਕੋਲ ਐਕਸੀਡੈਂਟ ਹੋ ਗਿਆ ਹੈ ਤੇ ਉਹ ਤੁਰੰਤ ਦੁਰਘਟਨਾ ਵਾਲੇ ਸਥਾਨ 'ਤੇ ਪਹੁੰਚ ਜਾਣ। ਸੂਚਨਾ ਮਿਲਣ ਤੋਂ ਬਾਅਦ ਪਿੰਡ ਵਾਸੀ ਘਟਨਾ ਸਥਾਨ 'ਤੇ ਪਹੁੰਚੇ ਜਿੱਥੇ ਡਾਕਟਰਾਂ ਨੇ ਦੋਵੇਂ ਪਿਓ-ਪੁੱਤ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਹ ਖਬਰ ਸੁਣਦੇ ਹੀ ਉਨ੍ਹਾਂ ਦੇ ਪਰਿਵਾਰ ਨੂੰ ਵੱਡਾ ਧੱਕਾ ਲੱਗਾ ਹੈ।

# ਡੀ ਟੀ ਐੱਫ ਵੱਲੋਂ ਸਾਂਝੇ ਜਨਤਕ ਮੁਜ਼ਾਹਰਿਆਂ 'ਚ ਭਰਵੀਂ ਸ਼ਮੂਲੀਅਤ ਦਾ ਐਲਾਨ

### ਸਾਂਝੇ ਸੰਘਰਸ਼ ਸਮੇਂ ਦੀ ਅਹਿਮ ਤੇ ਅਣਸਰਦੀ ਲੋੜ : ਤਾਮਕੋਟ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਸਰਕਾਰ ਵੱਲੋਂ ਦੇਸ਼ ਦੇ ਕੌਮੀ ਸਰਮਾਏ ਦੇਸੀ, ਵਿਦੇਸ਼ੀ ਸਰਮਾਏਦਾਰਾਂ ਤੇ ਸਾਮਰਾਜੀ ਸੰਸਥਾਵਾਂ ਨੂੰ ਸੌਂਪਣ ਖ਼ਿਲਾਫ਼ ਲੜਨ ਵਾਲੇ ਸੰਘਰਸ਼ੀ ਲੋਕਾਂ ਖਿਲਾਫ ਨਵੇਂ ਫੌਜਦਾਰੀ ਕਾਨੂੰਨ ਜਬਰੀ ਥੋਪੇ ਜਾਣ ਦਾ ਭਰਵਾਂ ਵਿਰੋਧ ਕੀਤਾ ਜਾਵੇਗਾ।ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਵੱਲੋਂ ਪਿਛਲੇ 10 ਸਾਲਾਂ ਤੋਂ ਐੱਨ ਐੱਸ ਏ, ਅਫਸਫਾ, ਯੂ ਏ ਪੀ ਏ ਵਰਗੇ ਕਾਲੇ ਕਾਨੂੰਨਾਂ ਦੀ ਦੁਰਵਰਤੋਂ ਕਰਦਿਆਂ ਜਨਤਕ ਜਮਹੂਰੀ ਕਾਰਕੁਨਾਂ ਨੂੰ ਨਜਾਇਜ਼ ਜੇਲ੍ਹਾਂ ਵਿੱਚ ਡੱਕਿਆਂ ਹੋਇਆ ਹੈ।ਇਸ ਤੋਂ ਬਿਨਾਂ ਭਾਰਤੀ ਨਿਆਂ ਸਾਹਿੰਤਾ ਦੇ ਨਾਮ ਹੇਠ ਹੋਰ ਸਖ਼ਤ ਫੌਜਦਾਰੀ ਕਾਨੂੰਨ ਦੇਸ਼ ਭਰ 'ਚ ਜਨਤਕ ਆਗੂਆਂ ਤੇ ਜਮਹੂਰੀ ਹਿੱਸਿਆਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਲਾਗੂ ਕੀਤੇ ਜਾ ਰਹੇ ਹਨ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬਹਿਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੋਸ਼ ਲਾਇਆ ਕਿ ਮੋਦੀ ਹਕੂਮਤ ਵੱਲੋਂ ਭਾਰਤੀ ਫੌਜ ਵਿੱਚ ਅਗਨੀ ਵੀਰ, ਸਿੱਖਿਆ ਤੇ ਸਿਹਤ ਦੇ ਖ਼ੇਤਰ ਵਿੱਚ ਆਊਟ ਸੋਰਸਿੰਗ, ਰੇਲਵੇ ਖ਼ੇਤਰ ਡਾਕ ਤਾਰ ਵਿਭਾਗ ਅਤੇ ਟਰਾਂਸਪੋਰਟ ਵਿੱਚ ਠੇਕਾ ਸਿਸਟਮ ਲਾਗੂ ਕਰਦਿਆਂ ਪੂਰੇ ਦੇਸ਼ ਅੰਦਰ ਨਿੱਜੀਕਰਨ ਦੀਆਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਿੱਜੀਕਰਨ ਦਾ ਬੁਲਡੋਜ਼ਰ ਜਨਤਕ ਖੇਤਰ ਦੇ ਅਦਾਰਿਆਂ ਨੂੰ ਢਾਹ ਢੇਰੀ ਕਰ ਰਿਹਾ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਅਰੁੰਧਤੀ ਰਾਏ ਤੇ ਪ੍ਰੋ: ਸ਼ੌਕਤ ਹੁਸੈਨ ਖ਼ਿਲਾਫ਼ ਦਿੱਲੀ ਦੇ ਉਪ ਰਾਜਪਾਲ ਵੱਲੋਂ ਲਗਭਗ 10 ਸਾਲ ਪੁਰਾਣੇ ਝੂਠੇ ਕੇਸ ਵਿੱਚ ਮੁਕੱਦਮੇ ਦੀ ਮਨਜ਼ੂਰੀ ਦੇਣ ਨੂੰ ਜਮਹੂਰੀਅਤ ਦਾ ਘਾਣ ਤੇ ਜਮਹੂਰੀ ਹੱਕਾਂ 'ਤੇ ਡਾਕਾ ਦੱਸਿਆ।ਸੂਬਾਈ ਆਗੂਆਂ ਨੇ ਸਾਰੇ ਕਾਲੇ ਕਨੂੰਨ ਵਾਪਸ ਲੈਣ ਤੇ ਜੇਲ੍ਹੀਂ ਡੱਕੇ ਕਾਰਕੁਨਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਦਿਆਂ ਸਮੂਹ ਅਧਿਆਪਕ ਵਰਗ ਨੂੰ ਜਮਹੂਰੀਅਤ ਦੀ ਰਾਖੀ ਲਈ ਦ੍ਰਿੜ੍ਹਤਾ ਨਾਲ ਲੜਦਿਆਂ 15 ਅਗਸਤ ਦੇ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨਾਂ ਵਿੱਚ ਭਰਵੀਂ ਸ਼ਮੂਲੀਅਤ ਦੀ ਅਪੀਲ ਕੀਤੀ।ਇਸ ਮੌਕੇ ਨਵਜੋਸ਼ ਸਪੋਲੀਆ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਰੇਨੂੰ ਬਾਲਾ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਨੇ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਮਨਾਇਆ

**ਡਾ. ਬਲਜੀਤ ਕੌਰ, ਡਾ. ਗੁਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ 'ਚ ਸ਼ਖਸੀਅਤਾਂ ਵੱਲੋਂ ਸ਼ਿਰਕਤ**



**ਧੂਰੀ/ਸੰਗਰੂਰ (ਬਿੰਨੀ ਗਰਗ, ਰਜੇਸ਼ਵਰ ਪਿੰਟੂ/ਪ੍ਰਵੀਨ ਸਿੰਘ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਦੇ ਸਹਿਯੋਗ ਨਾਲ ਧੂਰੀ ਵਿਖੇ ਤੀਆਂ ਦਾ ਤਿਉਹਾਰ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ।ਇਸ ਸਮਾਗਮ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਤਨੀ ਡਾ. ਗੁਰਪ੍ਰੀਤ ਕੌਰ, ਮਾਤਾ ਹਰਪਾਲ ਕੌਰ, ਭੈਣ ਮਨਪ੍ਰੀਤ ਕੌਰ, ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ ਤੇ ਇਸ ਪ੍ਰੋਗਰਾਮ ਨੂੰ ਪੰਜਾਬ ਦੇ ਰਵਾਇਤੀ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਉਪਰਾਲਾ ਕਰਾਰ ਦਿੱਤਾ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਧੀਆਂ ਵੱਲੋਂ ਹਰ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਕੇ ਨਾ ਕੇਵਲ ਆਪਣੇ ਮਾਪਿਆਂ, ਬਲਕਿ ਸੂਬੇ ਤੇ ਦੇਸ਼ ਦਾ ਨਾਮ ਵੀ ਰੌਸ਼ਨ ਕੀਤਾ ਜਾ ਰਿਹਾ ਹੈ।

ਸਮਾਗਮ ਦੌਰਾਨ ਪੰਜਾਬ ਦੀ ਨਾਮਵਰ ਗਾਇਕਾ ਗੁਰਲੇਜ਼ ਅਖਤਰ ਨੇ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕੀਤਾ।ਸਮਾਗਮ ਦੌਰਾਨ ਪ੍ਰਸ਼ਾਸਨਕ, ਪੁਲਸ, ਸਿਆਸੀ ਆਗੂਆਂ ਦੀਆਂ ਪਤਨੀਆਂ ਤੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ ਅਤੇ ਤੀਆਂ ਦੇ ਤਿਉਹਾਰ ਦਾ ਅਨੰਦ ਮਾਣਿਆ।ਸਮਾਗਮ ਦੌਰਾਨ ਸਪੈਸ਼ਲ ਚੀਫ ਸੈਕਟਰੀ ਰਾਜੀ ਪੀ. ਸ਼੍ਰੀਵਾਸਤਵ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਸਪੈਸ਼ਲ ਸਕੱਤਰ ਕੇਸ਼ਵ ਹਿੰਗੋਨੀਆ, ਜੁਆਇੰਟ ਸਕੱਤਰ ਆਨੰਦ ਸਾਗਰ, ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ ਸਮੇਤ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਮਿਡ ਡੇ ਵਰਕਰਾਂ ਦੀ ਛਾਂਟੀ ਖਿਲਾਫ ਸਿਹਤ ਮੰਤਰੀ ਦੇ ਘਰ ਅੱਗੇ ਮੁਜ਼ਾਹਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਮਿਡ ਡੇਅ ਮੀਲ ਵਰਕਰ ਯੂਨੀਅਨ ਵੱਲੋਂ ਪੁੱਡਾ ਗਰਾਊਂਡ ਤ੍ਰਿਪੜੀ ਵਿਖੇ ਇਕੱਠੇ ਹੋ ਕੇ ਸਿਹਤ ਮੰਤਰੀ ਦੇ ਘਰ ਵੱਲ ਮਾਰਚ ਕਰਕੇ ਪੰਜਾਬ ਸਰਕਾਰ ਦੇ ਪੁਤਲੇ ਸਮੇਤ ਝਾੜੂ ਫੂਕ ਪ੍ਰਦਰਸ਼ਨ ਕਰਕੇ ਰੋਸ ਪ੍ਰਗਟ ਕੀਤਾ।ਰੋਸ ਮਾਰਚ ਨੂੰ ਦੇਖਦੇ ਹੋਏ ਪ੍ਰਸ਼ਾਸਨ ਵੱਲੋਂ ਸਿਹਤ ਮੰਤਰੀ ਨਾਲ 20 ਅਗਸਤ ਨੂੰ ਲਿਖਤੀ ਪੱਤਰ ਸੌਂਪਿਆ।ਇਸ ਮੌਕੇ ਜਿਜ਼ਲ੍ਹਾ ਪ੍ਰਧਾਨ ਪਿੰਕੀ ਪਟਿਆਲਾ ਅਤੇ ਜ਼ਿਲ੍ਹਾ ਸਕੱਤਰ ਬੀਨਾ ਘੱਗਾ ਨੇ ਦੋਸ਼ ਲਾਇਆ ਕਿ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਮੌਜੂਦਾ ਵਿਧਾਇਕਾਂ ਤੇ ਮੰਤਰੀਆਂ ਵੱਲੋਂ ਖਾਸ ਕਰਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਪਣੇ ਨਿਵਾਸ ਸਥਾਨ 'ਤੇ ਕੁੱਕ ਵਰਕਰਾਂ ਨੂੰ ਇਹ ਵਿਸ਼ਵਾਸ ਦਿਵਾਇਆ ਸੀ ਕਿ ਆਮ ਆਦਮੀ ਦੀ ਸਰਕਾਰ ਆਉਣ 'ਤੇ ਮਿਡ ਮੀਲ ਵਰਕਰਾਂ ਦੀ ਤਨਖਾਹ ਛੇ ਹਜ਼ਾਰ ਕੀਤੀ ਜਾਵੇਗੀ, ਪਰ ਸਰਕਾਰ ਬਣਨ ਤੋਂ ਬਾਅਦ ਤਨਖਾਹ ਦੁੱਗਣੀ ਤਾਂ ਕੀ ਕਰਨੀ ਸੀ, ਸਗੋਂ ਸਰਕਾਰ ਮੀਟਿੰਗਾਂ ਕਰਨ ਤੋਂ ਵੀ ਮੁੱਕਰ ਰਹੀ ਹੈ ਅਤੇ ਸਰਕਾਰ ਦੀਆਂ ਗ਼ਲਤ ਨੀਤੀਆਂ ਦੇ ਕਾਰਨ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘਟਣ ਦਾ ਬਹਾਨਾ ਬਣਾ ਕੇ ਵਰਕਰਾਂ ਦੀਆਂ ਛਾਂਟੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਆਪਣੀਆਂ ਮੰਗਾਂ ਮੰਗਵਾਉਣ ਖਾਤਰ ਇਨ੍ਹਾਂ ਦੀਆਂ ਕੋਠੀਆਂ ਅੱਗੇ ਜਾਇਆ ਜਾਂਦਾ ਤਾਂ ਇਨ੍ਹਾਂ ਵੱਲੋਂ ਪੁਲਸ ਰੋਕਾਂ ਲਾ ਕੇ ਰੋਕਿਆ ਜਾਂਦਾ।ਜ਼ਿਕਰਯੋਗ ਹੈ ਕਿ ਜਥੇਬੰਦੀ ਲੰਮੇ ਸਮੇਂ ਤੋਂ ਵਰਕਰਾਂ ਤੇ ਘੱਟੋ-ਘੱਟ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਾਉਣ, ਛਾਂਟੀਆਂ ਰੁਕਵਾਉਣ, ਵਰਕਰਾਂ ਨੂੰ ਮਿਲਣ ਵਾਲੀਆਂ ਛੁੱਟੀਆਂ ਸੰਬੰਧੀ ਪੱਤਰ ਨੂੰ ਅਮਲੀ ਰੂਪ 'ਚ ਲਾਗੂ ਕਰਾਉਣ, ਸਮੁੱਚੇ ਵਰਕਰਾਂ ਦਾ ਬੀਮਾ ਕਰਾਉਣ, ਵਰਕਰ ਦੀ ਮੌਤ ਹੋਣ 'ਤੇ ਮੁਆਵਜ਼ਾ ਅਤੇ ਉਸਦੇ ਪਰਵਾਰ ਦੇ ਮੈਂਬਰ ਨੂੰ ਹੀ ਕੰਮ ਤੇ ਰੱਖਣ ਸੰਬੰਧੀ ਸੰਘਰਸ਼ ਕਰਦੀ ਆ ਰਹੀ ਹੈ।

ਮਨਜੀਤ ਕਲਿਆਣ ਅਤੇ ਜਸਪਾਲ ਕੌਰ ਨੇ ਆਖਿਆ ਕਿ ਪਿਛਲੇ ਸਮੇਂ ਸੂਬਾ ਕਮੇਟੀ ਦੀ ਸਿੱਖਿਆ ਮੰਤਰੀ ਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ, ਜਿਸ ਵਿੱਚ ਵਰਕਰਾਂ ਦੀਆਂ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਅਜੇ ਤੱਕ ਉਨ੍ਹਾਂ ਦੀ ਕੋਈ ਵੀ ਮੰਗ ਪੂਰੀ ਨਹੀਂ ਹੋਈ।ਇਸ ਤੋਂ ਇਲਾਵਾ ਲੰਘੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕੁੱਕ ਵਰਕਰਾਂ ਕੋਲੋਂ ਚੋਣ ਅਮਲੇ ਲਈ ਭੋਜਨ ਦਾ ਪ੍ਰਬੰਧ ਕੀਤਾ ਕਰਾਇਆ ਗਿਆ, ਪਰ ਸਰਕਾਰ ਵਲੋਂ ਕੁੱਕ ਵਰਕਰਾਂ ਦਾ ਬਣਦਾ ਮਿਹਨਤਾਨਾ ਬਹੁਤ ਘੱਟ ਭੇਜਿਆ। ਬਹੁਤ ਸਾਰੇ ਸਕੂਲਾਂ ਵਿੱਚ ਅਜੇ ਤੱਕ ਇਕ ਵੀ ਰੁਪਏ ਨਹੀਂ ਭੇਜਿਆ ਅਤੇ ਬਹੁਤ ਸਾਰੇ ਕੁੱਕ ਵਰਕਰ ਆਪਣੀਆਂ ਜੇਬਾਂ ਵਿੱਚੋਂ ਪੈਸੇ ਖਰਚ ਚੁੱਕੇ ਹਨ।ਸੂਬਾ ਕਮੇਟੀ ਦੇ ਫ਼ੈਸਲੇ ਮੁਤਾਬਕ 1 ਸਤੰਬਰ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਹੋਣ ਵਾਲੀ ਸੂਬਾ ਪੱਧਰੀ ਰੈਲੀ ਵਿੱਚ ਪਟਿਆਲਾ ਜ਼ਿਲ੍ਹੇ ਦੀਆਂ ਕੁੱਕ ਵਰਕਰਾਂ ਨੂੰ ਲਾਮਬੰਦ ਕਰਕੇ ਰੈਲੀ ਵਿੱਚ ਸ਼ਮੂਲੀਅਤ ਕਰਾਈ ਜਾਵੇਗੀ।

# ਮੁੱਖ ਮੰਤਰੀ ਦੇ ਨਾਨਕੇ ਘਰ ਚੋਰਾਂ ਨੇ ਕੀਤਾ ਹੱਥ ਸਾਫ



ਜਾਣਕਾਰੀ ਦਿੰਦੇ ਪਰਵਾਰਕ ਮੈਂਬਰ।

**ਸੁਨਾਮ (ਅਸ਼ੋਕ ਬਾਂਸਲ)**

ਚੋਰਾਂ ਵੱਲੋਂ ਖੜਿਆਲ ਰੋਡ 'ਤੇ ਪਿੰਡ ਸ਼ਹੀਦ ਊਧਮ ਨਗਰ 'ਚ ਪਿੰਡ ਦੇ ਸਾਬਕਾ ਸਰਪੰਚ ਦੇ ਘਰ 'ਚੋਂ 17-18 ਤੋਲੇ ਸੋਨੇ ਦੇ ਗਹਿਣੇ ਤੇ ਕਰੀਬ ਲੱਖ ਸਵਾ ਲੱਖ ਰੁਪਏ ਦੀ ਨਕਦੀ ਚੋਰੀ ਕਰ ਲੈਣ ਦੀ ਖ਼ਬਰ ਹੈ।

ਸ਼ਹੀਦ ਊਧਮ ਨਗਰ ਦੇ ਵਾਸੀ ਸਾਬਕਾ ਸਰਪੰਚ ਗੁਰਜੰਟ ਸਿੰਘ ਨੇ ਦੱਸਿਆ ਕਿ ਉਹ ਪਰਵਾਰ ਸਮੇਤ ਘਰ ਦੇ ਅੰਦਰ ਸੁੱਤਾ ਪਿਆ ਸੀ ਕਿ ਤਿੰਨ ਵਿਅਕਤੀ ਘਰ ਦੀ ਖਿੜਕੀ ਦੀ ਗਰਿੱਲ ਤੋੜ ਕੇ ਅੰਦਰ ਦਾਖਲ ਹੋਏ, ਜੋ ਘਰ ਦੇ ਅਲਮਾਰੀ ਅਤੇ ਪੇਟੀ ਦੇ ਲਾਕਰਾਂ ਦਾ ਜਿੰਦਰਾ ਤੋੜ ਕੇ ਉਸ ਵਿਚ ਪਏ ਕੱਪੜੇ ਲੀੜਿਆਂ ਦੀ ਫਰੋਲਾ-ਫਰਾਲੀ ਕਰਨ ਉਪਰੰਤ 17-18 ਤੋਲੇ ਸੋਨੇ ਦੇ ਗਹਿਣੇ ਅਤੇ ਕਰੀਬ ਲੱਖ ਸਵਾ ਲੱਖ ਰੁਪਏ ਦੀ ਰਕਮ ਚੋਰੀ ਕਰਕੇ ਲੈ ਗਏ।ਉਨ੍ਹਾਂ ਕਿਹਾ ਕਿ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਅਨੁਸਾਰ ਚੋਰ ਘਰ ਵਿੱਚ ਰਾਤ 12 ਵੱਜ ਕੇ ਕੁਝ ਮਿੰਟ 'ਤੇ ਦਾਖਲ ਹੋਏ ਅਤੇ ਦੋ ਵਜੇ ਤੋਂ ਬਾਅਦ ਬਾਹਰ ਨਿਕਲੇ।ਇਸ ਤਰ੍ਹਾਂ ਉਹ ਅਰਾਮ ਨਾਲ ਦੋ ਘੰਟੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੰਦੇ ਰਹੇ।ਉਨ੍ਹਾਂ ਕਿਹਾ ਕਿ ਚੋਰੀ ਬਾਰੇ ਉਨ੍ਹਾਂ ਨੂੰ ਸਵੇਰੇ ਸਾਢੇ ਕੁ ਤਿੰਨ ਵਜੇ ਪਤਾ ਲੱਗਾ, ਜਦੋਂ ਘਰ ਵਿਚ ਕੱਪੜੇ ਲੀੜੇ ਖਿੱਲਰੇ ਵੇਖੇ।ਸੂਚਨਾ ਮਿਲਦਿਆਂ ਹੀ ਪੁਲਸ ਹਰਕਤ ਵਿੱਚ ਆ ਗਈ ਅਤੇ ਪੜਤਾਲ ਸ਼ੁਰੂ ਕਰ ਦਿੱਤੀ ਗਈ।ਜ਼ਿਕਰਯੋਗ ਹੈ ਕਿ ਜਿਸ ਘਰ 'ਚ ਚੋਰੀ ਦੀ ਘਟਨਾ ਵਾਪਰੀ ਹੈ, ਉਹ ਘਰ ਮੌਜੂਦਾ ਮੁੱਖ ਮੰਤਰੀ ਪੰਜਾਬ ਦਾ ਨਾਨਕਾ ਘਰ ਦੱਸਿਆ ਜਾ ਰਿਹਾ ਹੈ।ਮੁੱਖ ਮੰਤਰੀ ਖੁਦ ਵੀ ਸੁਨਾਮ ਵਿਖੇ ਕਈ ਜਨਤਕ ਰੈਲੀਆਂ 'ਚ ਇਸ ਪਰਵਾਰ ਦਾ ਜ਼ਿਕਰ ਕਰਦੇ ਰਹੇ ਹਨ। ਐਸਐਚਓ ਥਾਣਾ ਸਿਟੀ ਸੁਨਾਮ ਪ੍ਰਤੀਕ ਜਿੰਦਲ ਨੇ ਕਿਹਾ ਕਿ ਆਸ-ਪਾਸ ਦੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।ਜਲਦੀ ਹੀ ਚੋਰਾਂ ਨੂੰ ਫੜ ਲਿਆ ਜਾਵੇਗਾ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਮੀਟਿੰਗ

**21 ਦੇ ਸੂਬਾ ਪੱਧਰੀ ਧਰਨੇ 'ਚ ਜਲਾਲਾਬਾਦ ਤੋਂ ਵਰਕਰ ਸ਼ਾਮਲ ਹੋਣਗੇ : ਆਲਮਕੇ**



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਜ਼ਿਲ੍ਹਾ ਕਮੇਟੀ ਫਾਜ਼ਿਲਕਾ ਤੇ ਬ੍ਰਾਂਚ ਕਮੇਟੀ ਜਲਾਲਾਬਾਦ ਦੀ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਤੇ ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਦਫਤਰੀ ਸਟਾਫ ਸਬ ਕਮੇਟੀ ਦੇ ਸੂਬਾਈ ਆਗੂ ਸੁਖਚੈਨ ਸਿੰਘ ਸੋਢੀ ਸਮੇਤ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਸੂਬਾ ਕਮੇਟੀ ਵੱਲੋਂ ਉਲੀਕੇ ਹੋਏ ਸੰਘਰਸ਼ਾਂ ਦੀ ਤਿਆਰੀ ਲਈ ਤੇ ਲੋਕਲ ਪੱਧਰ 'ਤੇ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਅਤੇ ਯੂਨੀਅਨ ਦੀ ਮਜ਼ਬੂਤੀ ਲਈ ਕਈ ਅਹਿਮ ਏਜੰਡਿਆਂ 'ਤੇ ਸਖਤੀ ਨਾਲ ਫੈਸਲੇ ਵੀ ਲਏ ਗਏ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਮੰਗਾਂ ਦਾ ਹੱਲ ਕਰਵਾਉਣ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ 21 ਅਗਸਤ 2024 ਨੂੰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਹੈੱਡ ਆਫਿਸ ਪਟਿਆਲਾ ਦਾ ਘੇਰਾਓ ਕਰਕੇ ਸੂਬਾ ਪੱਧਰੀ ਧਰਨਾ ਪਰਿਵਾਰਾਂ ਤੇ ਬੱਚਿਆਂ ਸਮੇਤ ਦਿੱਤਾ ਜਾ ਰਿਹਾ ਹੈ, ਜਿਸ ਦੀ ਸਫਲਤਾ ਲਈ ਜ਼ਿਲ੍ਹਾ ਫਾਜ਼ਿਲਕਾ ਤੋਂ ਵਰਕਰਾਂ ਨੂੰ ਭਰਵੀ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਤਾਂ ਜੋ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਮਨਵਾਉਣ ਲਈ ਸਰਕਾਰ ਤੇ ਮੈਨੇਜਮੈਂਟ ਨੂੰ ਮਜਬੂਰ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ ਨੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਬੀਤੇ 9 ਅਗਸਤ 2024 ਨੂੰ ਬਠਿੰਡਾ ਵਿਖੇ ਕੀਤੀ ਗਈ ਕਨਵੈਨਸ਼ਨ ਦੀ ਜਾਣਕਾਰੀ ਸਾਂਝੀ ਕੀਤੀ ਤੇ ਭਵਿੱਖ ਵਿੱਚ ਮੋਰਚੇ ਵੱਲੋਂ ਉਲੀਕੇ ਹੋਏ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਇਸ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਨੇ ਐਲਾਨ ਕੀਤਾ ਕਿ 21 ਅਗਸਤ 2024 ਨੂੰ ਪਟਿਆਲਾ ਵਿਖੇ ਵਿਭਾਗ ਦੇ ਹੈੱਡ ਆਫਿਸ ਅੱਗੇ ਦਿੱਤੇ ਜਾ ਰਹੇ ਸੂਬਾ ਪੱਧਰੀ ਧਰਨੇ ਵਿੱਚ ਬ੍ਰਾਂਚ ਜਲਾਲਾਬਾਦ ਤੋਂ ਵਰਕਰ ਆਪਣੇ ਪਰਿਵਾਰਾਂ ਤੇ ਬੱਚਿਆਂ ਸਮੇਤ ਸ਼ਾਮਲ ਹੋਣਗੇ। ਮੀਟਿੰਗ ਵਿੱਚ ਸਰਵਸੰਮਤੀ ਨਾਲ ਜ਼ਿਲ੍ਹਾ ਕਮੇਟੀ ਫਾਜ਼ਿਲਕਾ ਤੇ ਬ੍ਰਾਂਚ ਜਲਾਲਾਬਾਦ ਤੋਂ ਮਹਿੰਦਰ ਸਿੰਘ ਮੰਨੇਵਾਲਾ ਅਤੇ ਕਰਤਾਰ ਸਿੰਘ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਬ੍ਰਾਂਚ ਫਾਜ਼ਿਲਕਾ ਤੋਂ ਪ੍ਰਧਾਨ ਪਰਮਜੀਤ ਸਿੰਘ ਤੇ ਮੀਤ ਪ੍ਰਧਾਨ ਹਰਬੰਸ ਸਿੰਘ ਘੜੂੰਮੀ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਸੂਬਾ ਕਮੇਟੀ ਦੇ ਉਲੀਕੇ ਸੰਘਰਸ਼ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਵਾਅਦਾ ਕੀਤਾ।

# ਚੋਰੀਆਂ ਤੇ ਲੁੱਟਾਂ-ਖੋਹਾਂ ਵਾਲੇ ਗਰੋਹ ਦੇ 4 ਮੈਂਬਰ ਗ੍ਰਿਫ਼ਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਤੁਸ਼ਾਰ ਗੁਪਤਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਨਸ਼ਿਆਂ ਤੇ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਮੁਹਿੰਮ ਦੌਰਾਨ ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਸ (ਇੰਨਵੈ) ਤੇ ਪਵਨਜੀਤ ਡੀ.ਐੱਸ.ਪੀ. ਮਲੋਟ ਦੀ ਨਿਗਰਾਨੀ ਹੇਠ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਲੱਖੇਵਾਲੀ ਤੇ ਪੁਲਸ ਪਾਰਟੀ ਵੱਲੋਂ ਚੋਰੀਆਂ ਤੇ ਲੁੱਟਾਂ-ਖੋਹਾਂ ਕਰਨ ਵਾਲਾ ਇੱਕ ਵੱਡਾ ਗਰੋਹ ਫੜਿਆ ਹੈ।ਇਹ ਜਾਣਕਾਰੀ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਐੱਸ ਪੀ ਤੁਸ਼ਾਰ ਗੁਪਤਾ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਚੋਰ ਗੈਂਗ ਦੇ 4 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਤੇ 4 ਹੋਰ ਵਿਅਕਤੀਆਂ ਨੂੰ ਮੁਕੱਦਮੇ ਵਿੱਚ ਨਾਮਜ਼ਦ ਕੀਤਾ ਗਿਆ ਹੈ।ਮੁਲਜ਼ਮਾਂ ਨੇ ਦੱਸਿਆ ਕਿ ਉਹ ਪਿਛਲੇ 1 ਸਾਲ ਤੋਂ ਚੋਰੀ ਕਰਕੇ ਸਾਮਾਨ ਵੇਚ ਕੇ ਨਸ਼ਾ ਕਰਨ ਦੇ ਆਦੀ ਹਨ, ਜਿਨ੍ਹਾਂ ਵੱਲੋਂ ਹੁਣ ਤੱਕ ਖੇਤਾਂ ਵਿੱਚੋਂ 50 ਮੋਟਰਾਂ, 25 ਕੁਇੰਟਲ ਕਣਕ, 08 ਮੋਟਰਸਾਈਕਲ ਤੇ 30 ਗੈਸ ਸਿਲੰਡਰ ਚੋਰੀ ਕੀਤੇ ਹਨ ਅਤੇ ਚੋਰੀ ਕੀਤੇ ਸਾਮਾਨ ਨੂੰ ਵੇਚ ਕੇ ਪੈਸਿਆਂ ਦਾ ਨਸ਼ਾ ਕਰ ਗਏ ਹਨ, ਜਿਨ੍ਹਾਂ ਵਿੱਚੋਂ ਪੁਲਸ ਵੱਲੋਂ 11 ਗੈਸ ਸਿਲੰਡਰ, ਖੇਤਾਂ ਵਾਲੀਆਂ 13 ਮੋਟਰਾਂ, 4 ਮੋਟਰਸਾਈਕਲ ਤੇ 7 ਕਣਕ ਦੇ ਗੱਟਿਆਂ ਨੂੰ ਬ੍ਰਾਮਦ ਕੀਤਾ ਗਿਆ ਹੈ।ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਹਰਪ੍ਰੀਤ ਸਿੰਘ ਪੁੱਤਰ ਰਾਜਾ ਸਿੰਘ ਵਾਸੀ ਚੱਕ ਸ਼ੇਰੇਵਾਲਾ, ਕੁਲਵੰਤ ਸਿੰਘ ਉਰਫ ਨਿੱਕਾ ਪੁੱਤਰ ਘੱਕਾ ਸਿੰਘ ਵਾਸੀ ਸ਼ੇਰੇਵਾਲਾ, ਪਰਮਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਸ਼ੇਰੇਵਾਲਾ, ਗੁਰਵਿੰਦਰ ਸਿੰਘ ਉਰਫ ਟਿੰਡੋ ਪੁੱਤਰ ਮਹਿੰਦਰ ਸਿੰਘ ਵਾਸੀ ਸ਼ੇਰੇਵਾਲਾ ਤੋਂ ਮਨਦੀਪ ਕੁਮਾਰ ਉਰਫ ਮੋਨੂੰ ਪੁੱਤਰ ਵਿਜੇ ਕੁਮਾਰ ਵਾਸੀ ਚਿੱਬੜਾਂਵਾਲਾ, ਰੋਸ਼ਨ ਲਾਲਾ ਪੁੱਤਰ ਦੇਵੀ ਲਾਲ ਵਾਸੀ ਚਿੱਬੜਾਂਵਾਲਾ, ਪ੍ਰਿੰਸ ਕੁਮਾਰ ਪੁੱਤਰ ਕਰੋੜੀ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਤੇ ਹੈਪੀ ਪੁੱਤਰ ਵਾਸੀ ਬਾਂਮ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮੌਕੇ ਐੱਸ ਐੱਸ ਪੀ ਤੁਸ਼ਾਰ ਗੁਪਤਾ ਨੇ ਕਿਹਾ ਕਿ ਕਿਸੇ ਵੀ ਗਲਤ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਲੋਕ ਵੀ ਪੁਲਸ ਦਾ ਸਾਥ ਦੇਣ।

# ਸਲਾਇਟ 'ਚ ਵਿਦਿਆਰਥੀ-ਕੇਂਦਰਤ ਰਾਸ਼ਟਰੀ ਸਿੱਖਿਆ ਨੀਤੀ 'ਤੇ ਵਰਕਸ਼ਾਪ



**ਲੌਂਗੋਵਾਲ (ਕੁਲਦੀਪ ਅੱਤਰੀ/ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਸਲਾਇਟ) ਵੱਲੋਂ ਦੋ ਰੋਜ਼ਾ ਰਾਸ਼ਟਰੀ ਸਿੱਖਿਆ ਨੀਤੀ-2020 ਦੇ ਲਾਗੂਕਰਨ ਮਾਰਗ 'ਤੇ ਇੱਕ ਪਰਿਵਰਤਨਸ਼ੀਲ ਰਾਸ਼ਟਰੀ ਵਰਕਸ਼ਾਪ ਦੀ ਮੇਜ਼ਬਾਨੀ ਕੀਤੀ ਗਈ।ਇਸ ਵਿਲੱਖਣ ਵਰਕਸ਼ਾਪ ਨੇ ਰਾਸ਼ਟਰੀ ਸਿੱਖਿਆ ਨੀਤੀ-2020 ਦੇ ਵਿਆਪਕ ਫਰੇਮਵਰਕ 'ਤੇ ਕੇਂਦ੍ਰਤ ਕਰਦੇ ਹੋਏ, ਵਿਦਿਅਕ ਸੁਧਾਰਾਂ ਵਿੱਚ ਇੱਕ ਮਹੱਤਵਪੂਰਨ ਕਦਮ ਦੀ ਨਿਸ਼ਾਨਦੇਹੀ ਕੀਤੀ ਜੋ ਆਮ, ਤਕਨੀਕੀ, ਤੇ ਵੋਕੇਸ਼ਨਲ ਸਿੱਖਿਆ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਦਾ ਹੈ।ਇਹ ਸਮਾਗਮ ਸਲਾਇਟ ਵੱਲੋਂ ਪ੍ਰੋ: ਮਨੀ ਕਾਂਤ ਪਾਸਵਾਨ, ਡਾਇਰੈਕਟਰ ਤੇ ਪੈਟਰਨ ਇਨ ਚੀਫ਼, ਪ੍ਰੋ: ਜੇ. ਐੱਸ. ਢਿੱਲੋਂ, ਸਾਬਕਾ ਡੀਨ (ਅਕਾਦਮਿਕ) ਤੇ ਪ੍ਰੋ: ਆਰ. ਕੇ. ਮਿਸ਼ਰਾ, ਡੀਨ (ਅਲੂਮਨੀ ਤੇ ਉਦਯੋਗਿਕ ਸਬੰਧ) ਅਤੇ ਇਸ ਵਰਕਸ਼ਾਪ ਦੇ ਚੇਅਰਮੈਨ ਦੀ ਅਗਵਾਈ ਹੇਠ ਆਯੋਜਤ ਕੀਤਾ ਗਿਆ ਸੀ।ਪ੍ਰੋ. ਅਨਿਲ ਸਹਿਸ੍ਰਬੁੱਧੇ, ਚੇਅਰਮੈਨ, ਕਾਰਜਕਾਰੀ ਕਮੇਟੀ, ਰਾਸ਼ਟਰੀ ਮੁਲਾਂਕਣ ਤੇ ਮਾਨਤਾ ਪ੍ਰੀਸ਼ਦ ਨੇ ਆਪਣੀ ਹਾਜ਼ਰੀ ਨਾਲ ਇਸ ਸਮਾਗਮ ਦੀ ਸ਼ੋਭਾ ਵਧਾਈ।ਪ੍ਰੋ: ਸਹਿਸ੍ਰਬੁੱਧੇ ਨੇ ਕਿਹਾ ਕਿ ਵਿਦਿਅਕ ਲੈਂਡਸਕੇਪ ਨੂੰ ਵਧਾਉਣ 'ਤੇ ਸਪੱਸ਼ਟ ਧਿਆਨ ਦੇ ਨਾਲ ਰਾਸ਼ਟਰੀ ਸਿੱਖਿਆ ਨੀਤੀ-2020 ਵਿਦਿਆਰਥੀ-ਕੇਂਦ੍ਰਿਤ ਪਹੁੰਚਾਂ ਨੂੰ ਤਰਜੀਹ ਦਿੰਦੀ ਹੈ ਅਤੇ ਇੱਕ ਵਧੀਆ ਤੇ ਸੰਮਲਿਤ ਵਿਦਿਅਕ ਵਾਤਾਵਰਣ ਨੂੰ ਯਕੀਨੀ ਬਣਾਉਂਦੀ ਹੈ।ਇਸ ਮੌਕੇ ਉੱਘੇ ਬੁਲਾਰਿਆਂ ਪ੍ਰੋ: ਹਰਮੋਹਿੰਦਰ ਸਿੰਘ ਬੇਦੀ ਚਾਂਸਲਰ ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼, ਪ੍ਰੋ: ਰਾਜੀਵ ਆਹੂਜਾ ਡਾਇਰੈਕਟਰ ਆਈ.ਆਈ.ਟੀ. ਰੋਪੜ, ਪ੍ਰੋ. ਐੱਮ ਕੇ ਸ਼੍ਰੀਮਾਲੀ, ਐੱਮ.ਐੱਨ.ਆਈ.ਟੀ. ਜੈਪੁਰ, ਪ੍ਰੋ: ਸੁਸ਼ੀਲ ਮਿੱਤਲ ਵਾਈਸ ਚਾਂਸਲਰ ਆਈ.ਕੇ.ਜੀ.ਪੀ.ਟੀ.ਯੂ. ਕਪੂਰਥਲਾ ਅਤੇ ਸ੍ਰੀਮਤੀ ਮਾਧੁਰੀ ਸਹਿਸ੍ਰਬੁੱਧੇ ਨੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ।ਪ੍ਰੋ: ਆਰ. ਕੇ. ਮਿਸ਼ਰਾ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ-2020 ਨੂੰ ਭਾਰਤ ਵਿੱਚ ਵਿਦਿਆਰਥੀਆਂ ਨੂੰ ਇਸਦੇ ਢਾਂਚੇ ਦੇ ਕੇਂਦਰ ਵਿੱਚ ਰੱਖਣ ਲਈ ਜਾਣਿਆ ਜਾਂਦਾ ਹੈ।ਇਹ ਇੱਕ ਵਿਦਿਅਕ ਦਰਸ਼ਨ ਨੂੰ ਉਤਸ਼ਾਹਤ ਕਰਦੀ ਹੈ, ਜੋ ਸਿੱਖਿਆ ਦੀਆਂ ਵੱਖ-ਵੱਖ ਧਾਰਾਵਾਂ ਵਿਚਕਾਰ ਪਾੜੇ ਨੂੰ ਪੂਰਾ ਕਰਦਾ ਹੈ।ਇਹ ਆਲੋਚਨਾਤਮਕ ਸੋਚ, ਸਿਰਜਣਾਤਮਕਤਾ ਤੇ ਹੱਥੀਂ ਸਿੱਖਣ 'ਤੇ ਜ਼ੋਰ ਦਿੰਦੀ ਹੈ, ਵਿਦਿਆਰਥੀਆਂ ਨੂੰ ਸਿਰਫ਼ ਇਮਤਿਹਾਨਾਂ ਲਈ ਹੀ ਨਹੀਂ, ਸਗੋਂ ਜੀਵਨ ਲਈ ਵੀ ਤਿਆਰ ਕਰਦੀ ਹੈ।ਸਲਾਇਟ ਦੇ ਡਾਇਰੈਕਟਰ ਪ੍ਰੋਫੈਸਰ ਮਣੀਕਾਂਤ ਪਾਸਵਾਨ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਰਾਹੀਂ, ਸਲਾਇਟ ਨਵੀਨਤਾਕਾਰੀ ਤੇ ਪ੍ਰਗਤੀਸ਼ੀਲ ਵਿੱਦਿਅਕ ਨੀਤੀਆਂ ਨੂੰ ਅੱਗੇ ਵਧਾਉਣਾ ਜਾਰੀ ਰੱਖੇਗਾ, ਜੋ ਭਾਰਤ ਵਿੱਚ ਸਿੱਖਿਆ ਦੇ ਅਕਾਦਮਿਕ ਤੇ ਵਿਹਾਰਕ ਦ੍ਰਿਸ਼ ਨੂੰ ਬਦਲਣ ਦਾ ਵਾਅਦਾ ਕਰਦੀਆਂ ਹਨ।ਇਸ ਸੈਸ਼ਨ ਦਾ ਆਯੋਜਨ ਕਨਵੀਨਰ ਪ੍ਰੋਫੈਸਰ ਮੇਜਰ ਸਿੰਘ, ਡਾ: ਸੁਰਿੰਦਰ ਠਾਕੁਰ, ਡਾ: ਯੋਗੇਸ਼ ਕਪਿਲ, ਇੰਜੀਨੀਅਰ ਪ੍ਰੀਤਪਾਲ ਕੌਰ ਬੁੱਟਰ ਤੇ ਡਾ: ਦਿਵੇਸ਼ ਭਾਰਤੀ ਨੇ ਫੈਕਲਟੀ, ਸਟਾਫ ਤੇ ਸੰਸਥਾ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕੀਤਾ।


## ਸ਼੍ਰੇਯਾਂਸ ਫਾਈਨੈਂਸ਼ਿਅਲ ਅਤੇ ਕੈਪਿਟਲ ਸਰਵਿਸਜ਼ ਲਿਮਿਟੇਡ

**30 ਜੂਨ, 2024 ਨੂੰ ਖਤਮ ਹੋਏ ਤਿਮਾਹੀ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ**

(ਰਕਮ ਸੈਂਕੜਿਆਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

| ਵੇਰਵਾ | ਤਿਮਾਹੀ ਖਤਮ 30.06.2024 (ਅਣਪੜਤਾਲੇ) | ਤਿਮਾਹੀ ਖਤਮ 30.06.2023 (ਅਣਪੜਤਾਲੇ) | ਸਾਲ ਖਤਮ 31.03.2024 (ਪੜਤਾਲੇ) |
|---|---|---|---|
| ਕੁੱਲ ਆਮਦਨ | 58.21 | 77.77 | 16,584.03 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | (1,514.56) | (1,429.91) | 10,201.14 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,514.56) | (1,429.91) | 10,201.14 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (1,514.56) | (1,429.91) | 8,609.76 |
| ਕੁੱਲ ਕੰਪ੍ਰੀਹੈਂਸਿਵ ਆਮਦਨ | 1,31,973.57 | 96.54 | 4,85,088.88 |
| ਇਕੁਇਟੀ ਸ਼ੇਅਰ ਪੂੰਜੀ | 1,00,000.00 | 1,00,000.00 | 1,00,000.00 |
| ਹੋਰ ਇਕੁਇਟੀ | - | - | 6,70,475.16 |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (10/- ਪ੍ਰਤੀ ਸ਼ੇਅਰ) ਮੁਢਲੀ ਅਤੇ ਡੀਲੂਟਡ | (0.15) | (0.14) | 0.86 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ਼ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੁੱਲ ਫਾਰਮੈਟ ਮੈਟਰੋ ਪੋਲੀਟਨ ਸਟਾਕ ਐਕਸਚੈਂਜ਼ ਆਫ ਇੰਡੀਆ ਲਿਮਿਟੇਡ ਦੀ ਵੈਬਸਾਈਟ www.msei.in ਅਤੇ ਕੰਪਨੀ ਦੀ ਵੈਬਸਾਈਟ www.sfcsl.co.in ਤੇ ਉਪਲਬਧ ਹੈ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਕੀਰਤੀ ਕੁਮਾਰ ਜੈਨ
ਕਾਰਜਕਾਰੀ ਡਾਈਰੇਕਟਰ
DIN-00932391

ਮਿਤੀ : 12.08.2024
ਸਥਾਂਨ : ਲੁਧਿਆਣਾ

ਰਜਿ ਦਫ਼ਤਰ : ਸ਼੍ਰੀ ਰਿਸ਼ਬ ਪੇਪਰ ਮਿਲ ਪ੍ਰੀਮਿਸਜ਼, ਪਿੰਡ ਬਨਾ, ਨਵਾਂ ਸ਼ਹਿਰ, ਪੰਜਾਬ-144522.
Tel. No. 91-1881-273627, 273628, Fax :+ 91-1881-273645, Email: sfcsl141@gmail.com
Website: www.sfcsl.co.in, CIN - L65921PB1984PLC005967

## 'ਰਿਜ਼ਰਵੇਸ਼ਨ ਚੋਰ ਫੜੋ' ਪੱਕਾ ਮੋਰਚਾ ਵੱਲੋਂ ਸੂਬਾ ਪੱਧਰੀ ਧਰਨਾ

**ਧੂਰੀ (ਬਿੰਨੀ ਗਰਗ, ਰਾਜੇਸ਼ਵਰ ਪਿੰਟੂ)**

ਐਤਵਾਰ ਨੂੰ ਕੱਕੜਵਾਲ ਚੌਕ ਧੂਰੀ ਵਿਖੇ ਰਿਜ਼ਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਪੰਜਾਬ, ਐਕਸ਼ਨ ਕਮੇਟੀ ਪੰਜਾਬ ਤੇ ਐੱਸ ਸੀ, ਬੀ ਸੀ ਜਥੇਬੰਦੀਆਂ ਵੱਲੋਂ ਕੱਕੜਵਾਲ ਚੌਕ ਧੂਰੀ ਵਿਖੇ ਪੰਜਾਬ ਪੱਧਰੀ ਧਰਨਾ ਲਗਾਇਆ ਗਿਆ।ਇਸ ਧਰਨੇ ਵਿੱਚ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚੇ। ਇਸ ਧਰਨੇ ਵਿੱਚ ਪ੍ਰੋਫੈਸਰ ਹਰਨੇਕ ਸਿੰਘ ਪ੍ਰਧਾਨ ਰਿਜ਼ਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਪੰਜਾਬ ਨੇ ਬੋਲਦਿਆਂ ਕਿਹਾ ਕਿ ਪੰਜਾਬ ਅੰਦਰ ਬਹੁਤ ਸਾਰੇ ਲੋਕ ਐੱਸ ਸੀ ਤੇ ਬੀ ਸੀ ਸਮਾਜ ਦੇ ਜਾਲ੍ਹੀ ਜਾਤੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਕਰ ਰਹੇ ਹਨ ਤੇ ਕਰ ਚੁੱਕੇ ਹਨ।ਕਈਆਂ ਦੇ ਜਾਲ੍ਹੀ ਜਾਤੀ ਸਰਟੀਫਿਕੇਟ ਰੱਦ ਹੋ ਚੁੱਕੇ ਹਨ।ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਜਾਲ੍ਹੀ ਜਾਤੀ ਸਰਟੀਫਿਕੇਟ ਧਾਰਕਾਂ 'ਤੇ ਕਾਰਵਾਈ ਕਰਕੇ ਉਨ੍ਹਾਂ ਨੂੰ ਨੌਕਰੀਆਂ ਤੋਂ ਬਰਖਾਸਤ ਨਹੀਂ ਕੀਤਾ, ਜਿਸ ਦੇ ਕਾਰਨ ਪੰਜਾਬ ਦੇ ਸਮੁੱਚੇ ਐੱਸ ਸੀ ਤੇ ਬੀ ਸੀ ਭਾਈਚਾਰੇ ਵਿੱਚ ਰੋਸ ਹੈ।ਪੰਜਾਬ ਸਰਕਾਰ ਜਾਲ੍ਹੀ ਜਾਤੀ ਸਰਟੀਫਿਕੇਟ ਧਾਰਕਾਂ 'ਤੇ ਕਾਨੂੰਨੀ ਕਾਰਵਾਈ ਕਰੇ।ਵਿੱਕੀ ਪਰੋਚਾ ਧੂਰੀ ਕੌਮੀ ਪ੍ਰਧਾਨ ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਐੱਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾ ਕੇ ਤੇ ਉਨ੍ਹਾਂ ਦੇ ਦੌਰਿਆਂ 'ਤੇ ਪਾਬੰਦੀ ਲਾ ਕੇ ਕਮਿਸ਼ਨ ਨੂੰ ਕਮਜ਼ੋਰ ਕੀਤਾ ਹੈ, ਜਿਸ ਕਾਰਨ ਪੰਜਾਬ ਅੰਦਰ ਐੱਸ ਸੀ ਭਾਈਚਾਰੇ 'ਤੇ ਤਸ਼ੱਦਦ ਵਧ ਗਏ ਹਨ।ਪੰਜਾਬ ਸਰਕਾਰ ਕਮਿਸ਼ਨ ਨੂੰ ਮਜ਼ਬੂਤ ਕਰੇ।ਸਫਾਈ ਸੇਵਕ, ਸੀਵਰਮੈਨ ਤੇ ਦਰਜਾ ਚਾਰ ਕਰਮਚਾਰੀਆਂ ਨੂੰ ਪੱਕੇ ਕਰੇ।

ਨਰੇਗਾ ਵਿੱਚ ਸਾਲ ਅੰਦਰ 300 ਦਿਨ ਕੰਮ ਮਿਲੇ ਤੇ 500/- ਰੁਪਏ ਦਿਹਾੜੀ ਹੋਵੇ।ਮਜ਼ਦੂਰਾਂ ਦੀ ਦਿਹਾੜੀ ਘੱਟੋ-ਘੱਟ 800/- ਰੁਪਏ ਹੋਵੇ।ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਟੀਚਿੰਗ ਸਟਾਫ ਵਿੱਚ ਰਿਜ਼ਰਵੇਸ਼ਨ ਲਾਗੂ ਹੋਵੇ।ਸਿੱਖਿਆ ਦਾ ਅਧਿਕਾਰ ਕਾਨੂੰਨ 2009 ਪੰਜਾਬ ਅੰਦਰ ਲਾਗੂ ਹੋਵੇ।ਵਿਦਿਆਰਥੀਆਂ ਦੀ ਸਕਾਲਰਸ਼ਿਪ ਦਾ ਪੈਸਾ ਸਮੇਂ 'ਤੇ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ।ਇਸ ਮੌਕੇ ਜਥੇਬੰਦੀਆਂ ਦੇ ਆਗੂਆਂ, ਸੰਤ ਸਮਾਜ ਦੇ ਆਗੂਆਂ ਨੇ ਵੀ ਇਨ੍ਹਾਂ ਮੁੱਦਿਆਂ ਦਾ ਹੱਲ ਕਰਨ ਦੀ ਪੰਜਾਬ ਸਰਕਾਰ ਨੂੰ ਮੰਗ ਰੱਖੀ।ਸਾਰੀਆਂ ਜਥੇਬੰਦੀਆਂ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਸਰਕਾਰ ਇਨ੍ਹਾਂ ਮੁੱਦਿਆਂ ਦਾ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਸਖਤ ਫੈਸਲੇ ਲਏ ਜਾਣਗੇ।ਇਸ ਮੌਕੇ ਬਾਬਾ ਨਛੱਤਰ ਨਾਥ ਜੀ ਵਾਲਮੀਕਿ ਤੀਰਥ ਅਮ੍ਰਿਤਸਰ, ਇੰਜਨੀਅਰ ਗੁਰਬਖਸ਼ ਸਿੰਘ ਅਮ੍ਰਿਤਸਰ, ਪ੍ਰਿੰਸੀਪਲ ਸਰਬਜੀਤ ਸਿੰਘ ਮੋਹਾਲੀ, ਬਾਬਾ ਬਲਵੀਰ ਸਿੰਘ ਚੀਮਾ, ਸੁਖਮੰਦਰ ਸਿੰਘ ਗੱਜਣਵਾਲਾ, ਕਿਰਨਜੀਤ ਗਹਿਰੀ ਬਠਿੰਡਾ, ਲੈਫਟੀਨੈਂਟ ਦਰਸ਼ਨ ਸਿੰਘ, ਬਨੀ ਖਹਿਰਾ ਨਾਭਾ, ਭਗਵੰਤ ਸਿੰਘ ਸਮਾਓਂ, ਜਗਮੋਹਣ ਸਿੰਘ ਪਟਿਆਲਾ, ਡਾਕਟਰ ਦਲਜੀਤ ਸਿੰਘ ਰਾਮਪੁਰਾ, ਸੁਨੀਲ ਕੁਮਾਰ ਫਤਿਹਗੜ੍ਹ ਸਾਹਿਬ, ਬਿੰਦਰਪਾਲ ਫੂਲ, ਦੀਦਾਰ ਸਿੰਘ ਮੋਹਾਲੀ, ਅਜੇ ਪਰੋਚਾ, ਹੈਪੀ ਲੰਕੇਸ਼, ਬੱਬੂ, ਰਾਜਿੰਦਰ, ਵਿੱਕੀ ਤੇ ਹੋਰ ਮੈਂਬਰ ਹਾਜ਼ਰ ਸਨ।



## ਹੈਰੋਇਨ ਸਮੇਤ ਤਿੰਨ ਵਿਅਕਤੀ ਕਾਬੂ

**ਜੈਤੋ (ਸਤੀਸ਼ ਕੁਮਾਰ ਭੀਰੀ)**- ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿਮ ਨੂੰ ਉਸ ਸਮੇਂ ਭਾਰੀ ਸਫਲਤਾ ਮਿਲੀ, ਜਦੋਂ ਸੀਆਈਏ ਸਟਾਫ ਜੈਤੋ ਤੇ ਥਾਣਾ ਬਾਜਾਖਾਨਾ ਦੀ ਪੁਲਸ ਦੀ ਸਾਂਝੀ ਕਾਰਵਾਈ ਦੇ ਚਲਦਿਆਂ ਵੱਡੀ ਮਾਤਰਾ 'ਚ ਹੈਰੋਇਨ ਬਰਾਮਦ ਹੋਈ। ਮਿਲੀ ਜਾਣਕਾਰੀ ਅਨੁਸਾਰ ਸਬ ਡਵੀਜ਼ਨ ਜੈਤੋ ਦੇ ਡੀ ਐੱਸ ਪੀ ਸੁਖਦੀਪ ਸਿੰਘ ਬਾਜਾਖਾਨਾ ਥਾਣੇ ਦੇ ਐੱਸ ਐੱਚ ਓ ਸਿਕੰਦਰ ਸਿੰਘ ਨੇ ਇੱਕ ਪ੍ਰੈੱਸ ਕਾਨਫਰੰਸ ਸਥਾਨਕ ਡੀ ਐੱਸ ਪੀ ਦਫ਼ਤਰ ਵਿਖੇ ਕੀਤੀ, ਜਿੱਥੇ ਡੀਐੱਸਪੀ ਸੁਖਦੀਪ ਸਿੰਘ ਨੇ ਦੱਸਿਆ ਕਿ ਸੀਆਈਏ ਸਟਾਫ ਜੈਤੋ ਤੇ ਬਾਜਾਖਾਨਾ ਪੁਲਸ ਦੀ ਸਾਂਝੀ ਕਾਰਵਾਈ ਦੇ ਚਲਦਿਆਂ 15 ਅਗਸਤ ਨੂੰ ਪੁਲਸ ਨੇ ਨਾਕਾਬੰਦੀ ਕੀਤੀ ਹੋਈ ਸੀ, ਜਿਸ ਦੇ ਚਲਦਿਆਂ ਤਿੰਨ ਸ਼ੱਕੀ ਵਿਅਕਤੀਆਂ ਨੂੰ ਰੋਕਿਆ ਗਿਆ ਤਾਂ ਉਨ੍ਹਾਂ ਪਾਸੋਂ ਸੌ ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਨ੍ਹਾਂ ਵਿਅਕਤੀਆਂ ਦੀ ਪਹਿਚਾਣ ਸਤਨਾਮ ਸਿੰਘ ਪੁੱਤਰ ਲਖਵਿੰਦਰ ਸਿੰਘ, ਬਿੰਦਰਜੀਤ ਸਿੰਘ ਟਿੰਡੀ ਪੁੱਤਰ ਸਤਨਾਮ ਸਿੰਘ, ਗੁਰਸਾਹਿਬ ਸਿੰਘ ਪੁੱਤਰ ਵਰਿਆਮ ਸਿੰਘ ਤਿੰਨੋ ਵਾਸੀ ਤਰਨਤਾਰਨ, ਜਿਨ੍ਹਾਂ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਇਸ ਮੌਕੇ ਇਨ੍ਹਾਂ ਨਾਲ ਏਐੱਸਆਈ ਪਰਮਿੰਦਰ ਸਿੰਘ, ਏਐੱਸਆਈ ਰਜਿੰਦਰ ਸਿੰਘ, ਦਲਜੀਤ ਸਿੰਘ, ਬੇਅੰਤ ਸਿੰਘ ਸਮੇਤ ਸਮੁੱਚੀ ਸੀਆਈਏ ਸਟਾਫ ਜੈਤੋ ਦੀ ਟੀਮ ਹਾਜ਼ਰ ਸੀ।



## ਦਲਿਤ ਬਜ਼ੁਰਗ ਦੀ ਕੁੱਟਮਾਰ ਤੇ ਦਾੜ੍ਹੀ ਪੁੱਟਣ ਵਾਲੇ ਮੁਲਜ਼ਮਾਂ ਖਿਲਾਫ ਐੱਸ ਸੀ ਐਕਟ ਤਹਿਤ ਹੋਵੇ ਕਾਰਵਾਈ : ਗਹਿਰੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਕਿਰਨਜੀਤ ਗਹਿਰੀ ਨੇ ਗਿੱਦੜਬਾਹਾ ਹਸਪਤਾਲ ਪਹੁੰਚ ਕੇ ਦਲਿਤ ਬਜ਼ੁਰਗ ਦਾ ਹਾਲ ਚਾਲ ਪੁੱਛਿਆ ਤੇ ਐੱਸ ਐੱਸ ਪੀ ਮੁਕਤਸਰ ਦੇ ਨਾਮ ਡੀ ਐੱਸ ਪੀ ਨੂੰ ਪੱਤਰ ਦਿੱਤਾ। ਗਿੱਦੜਬਾਹਾ ਦੀ ਐੱਸ ਐੱਚ ਓ, ਏ ਐੱਸ ਆਈ, ਮੁਨਸ਼ੀ ਤੇ ਹੋਰ ਮੁਲਾਜ਼ਮਾਂ ਨੇ ਦਲਿਤ ਬਜ਼ੁਰਗ ਬਲਕਾਰ ਸਿੰਘ ਤੇ ਹੋਰ ਦਲਿਤ ਆਗੂ ਦੀ ਬਿਨਾਂ ਕਿਸੇ ਦਰਖਾਸਤ ਤੋਂ ਪੰਚਾਇਤੀ ਤੌਰ 'ਤੇ ਥਾਣਾ ਗਿੱਦੜਬਾਹਾ ਗਏ ਦੀ ਕੁੱਟਮਾਰ ਕੀਤੀ ਗਈ। ਉੱਘੇ ਦਲਿਤ ਨੇਤਾ ਕਿਰਨਜੀਤ ਸਿੰਘ ਗਹਿਰੀ ਚੇਅਰਮੈਨ ਨੈਸ਼ਨਲ ਦਲਿਤ ਮਹਾਂਪੰਚਾਇਤ ਪੰਜਾਬ ਜਨਰਲ ਸਕੱਤਰ ਕਾਂਗਰਸ ਨੇ ਗਿੱਦੜਬਾਹਾ ਹਸਪਤਾਲ ਪਹੁੰਚ ਕੇ ਦਾਖ਼ਲ ਬਲਕਾਰ ਸਿੰਘ ਦਾ ਹਾਲ ਚਾਲ ਪੁੱਛਿਆ।

ਉਨ੍ਹਾ ਦੱਸਿਆ ਕਿ ਐੱਸ ਐੱਚ ਓ ਦੀਪਕਾ ਰਾਣੀ ਤੇ ਥਾਣੇਦਾਰ ਗੁਰਤੇਜ ਸਿੰਘ ਨੇ ਉਸ ਦੀ ਦਾੜ੍ਹੀ ਪੁੱਟੀ ਅਤੇ ਜਾਤੀ ਸੂਚਕ ਸ਼ਬਦ ਬੋਲ ਕੇ ਅਪਮਾਨਤ ਕੀਤਾ। ਸੋਟੀਆਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ, ਜਿਸ ਨਾਲ ਪੈਰ ਦੀ ਹੱਡੀ ਟੁੱਟ ਗਈ, ਨਹੁੰ ਪੁੱਟ ਦਿੱਤਾ। ਦਲਿਤ ਨੌਜਵਾਨ ਜੋ ਨਾਲ ਸੀ ਦੀ ਵੀ ਕੁੱਟਮਾਰ ਕੀਤੀ ਗਈ। ਗਹਿਰੀ ਨੇ ਐੱਸ ਐੱਸ ਪੀ ਮੁਕਸਤਰ ਨਾਲ ਗੱਲਬਾਤ ਕੀਤੀ ਤੇ ਉਨ੍ਹਾ ਡੀ ਐੱਸ ਪੀ ਗਿੱਦੜਬਾਹਾ ਜਸਵੀਰ ਸਿੰਘ ਨੂੰ ਪੀੜਤ ਵਿਅਕਤੀ ਕੋਲ ਭੇਜਿਆ। ਡੀ ਐੱਸ ਪੀ ਨੇ ਗਹਿਰੀ ਤੇ ਮਜ਼ਦੂਰ ਯੂਨੀਅਨ ਦੇ ਆਗੂਆਂ ਨਾਲ ਮਸਲੇ ਨੂੰ ਨਿਬੇੜਨ ਲਈ ਗੱਲਬਾਤ ਕੀਤੀ। ਦਲਿਤ ਆਗੂਆਂ ਨੇ ਐੱਸ ਸੀ ਐਕਟ ਤਹਿਤ ਪੁਲਸ ਮੁਲਾਜ਼ਮਾਂ ਖਿਲਾਫ ਕਾਰਵਾਈ ਕਰਨ ਲਈ ਐੱਸ ਐੱਸ ਪੀ ਦੇ ਨਾਮ ਪੱਤਰ ਡੀ ਐੱਸ ਪੀ ਨੂੰ ਦਿੱਤਾ ਤੇ ਕਾਰਵਾਈ ਨਾ ਹੋਣ ਦੀ ਸੂਰਤ 'ਚ ਦਲਿਤ ਮਹਾਂਪੰਚਾਇਤ ਵੱਲੋਂ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਮੌਕੇ ਲਵਪ੍ਰੀਤ ਸਿੰਘ ਹੁਸਨਰ ਜ਼ਿਲ੍ਹਾ ਪ੍ਰਧਾਨ ਦਲਿਤ ਮਹਾਂਪੰਚਾਇਤ ਮੁਕਤਸਰ, ਗੁਰਮੀਤ ਸਿੰਘ ਖੋਖਰ, ਸੁਖਪਾਲ ਸਿੰਘ ਨੰਬਰਦਾਰ, ਪ੍ਰੀਤਮ ਸਿੰਘ ਸਕੱਤਰ ਮਜ਼ਦੂਰ ਸਭਾ, ਮਹਿੰਦਰ ਸਿੰਘ ਬਲਾਕ ਪ੍ਰਧਾਨ, ਦਿਲਬਾਗ ਸਿੰਘ, ਕਾਮਰੇਡ ਹਰਜੀਤ ਸਿੰਘ, ਸੁਖਬੀਰ ਸਿੰਘ, ਚਰਨਜੀਤ ਸਮਾਘ, ਡਾ. ਭਿੰਦਰ ਸਿੰਘ ਰੋੜਾਂਵਾਲੀ, ਜਸਵੀਰ ਸਿੰਘ ਗੋਬਿੰਦਪੁਰਾ, ਜਗਜੀਵਨ ਸਿੰਘ ਰਾਏਕੋਟ, ਕਾਮਰੇਡ ਨਾਨਕ ਚੰਦ ਬਜਾਜ, ਐਡਵੋਕੇਟ ਬਿੰਦਰ ਸਿੰਘ ਤੇ ਹੋਰ ਦਲਿਤ ਆਗੂ ਹਾਜ਼ਰ ਸਨ।



## ਕਾਤਰਾਂ

### ਬਜ਼ੁਰਗ ਵਿਅਕਤੀ ਦਾ ਕਤਲ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਫ਼ਰੀਦਕੋਟ ਦੇ ਪਿੰਡ ਸ਼ੇਰ ਸਿੰਘ ਵਾਲਾ 'ਚ ਇੱਕ 60 ਸਾਲ ਦੇ ਵਿਅਕਤੀ ਦੇ ਸਿਰ 'ਚ ਵਾਰ ਕਰ ਅਣਪਛਾਤੇ ਲੋਕਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ।ਮ੍ਰਿਤਕ ਦੀ ਪਹਿਚਾਣ ਪਿਆਰਾ ਸਿੰਘ ਪੁੱਤਰ ਗੁਰਦੀਪ ਸਿੰਘ ਵਜੋਂ ਹੋਈ, ਜਿਸ ਦੇ ਪਰਿਵਾਰ 'ਚ ਉਸ ਦੀ ਪਤਨੀ ਤੇ ਤਿੰਨ ਬੇਟੀਆਂ ਰਹਿ ਰਹੀਆਂ ਸਨ ਅਤੇ ਉਸ ਦੀਆਂ ਬਾਕੀ ਤਿੰਨ ਬੇਟੀਆਂ ਦੀ ਸ਼ਾਦੀ ਹੋ ਚੁੱਕੀ ਹੈ।ਘਟਨਾ ਦੀ ਰਾਤ ਮ੍ਰਿਤਕ ਦੀ ਪਤਨੀ ਤੇ ਬਾਕੀ ਤਿੰਨ ਬੇਟੀਆਂ ਆਪਣੀ ਇੱਕ ਸ਼ਾਦੀਸ਼ੁਦਾ ਬੇਟੀ, ਜਿਸ ਦੇ ਬੱਚਾ ਹੋਣ ਵਾਲਾ ਸੀ, ਕੋਲ ਗਈਆਂ ਹੋਈਆਂ ਸਨ ਤੇ ਮ੍ਰਿਤਕ ਘਰ 'ਚ ਇਕੱਲਾ ਸੀ।ਅੱਜ ਸੁਭਾ ਜਦੋਂ ਇਸ ਘਟਨਾ ਦਾ ਪਤਾ ਪਿੰਡ ਵਾਸੀਆਂ ਨੂੰ ਲੱਗਾ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ।

### ਕਰਿਆਨੇ ਦੀ ਦੁਕਾਨ 'ਚ ਚੋਰੀ, ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਲੱਧੂਵਾਲਾ ਉਤਾੜ ਵਿਖੇ ਕਰਿਆਨੇ ਦੀ ਦੁਕਾਨ ਵਿੱਚੋਂ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਦਿਲਬਾਗ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਲੱਧੂਵਾਲਾ ਉਤਾੜ ਨੇ ਪੁਲਸ ਕੋਲ ਬਿਆਨ ਲਿਖਵਾਏ ਗਏ ਹਨ ਕਿ ਉਸ ਨੇ ਕਿਸਾਨ ਗਰੋਸਰੀ ਸਟੋਰ ਦੇ ਨਾਮ ਨਾਲ ਪਿੰਡ ਲੱਧੂਵਾਲਾ ਉਤਾੜ ਵਿਖੇ ਦੁਕਾਨ ਪਾਈ ਹੋਈ ਹੈ। ਬੀਤੀ 10 ਅਗਸਤ 2024 ਨੂੰ ਦੇਰ ਰਾਤ ਕਰੀਬ 9.15 ਵਜੇ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਤੇ ਅਗਲੇ ਦਿਨ ਸਵੇਰੇ ਕਰੀਬ 6 ਵਜੇ ਆਉਣ ਤੇ ਉਸ ਨੂੰ ਪਤਾ ਚੱਲਿਆ ਕਿ ਦੁਕਾਨ ਦਾ ਦਰਵਜ਼ਾ ਟੁੱਟਿਆ ਹੋਇਆ ਸੀ ਅਤੇ ਸਾਰਾ ਸਾਮਾਨ ਖਿਲਰਿਆ ਹੋਇਆ ਸੀ। ਜਾਂਚ ਕਰਨ 'ਤੇ ਪਤਾ ਚੱਲਿਆ ਕਿ ਦੁਕਾਨ ਵਿੱਚੋਂ ਬੈਟਰਾਂ, ਇਨਵੈਟਰ, ਐੱਲ.ਈ.ਡੀ. ਦੇਸੀ ਕੰਪਨੀ, ਕੈਮਰਿਆਂ ਦਾ ਡੀ.ਵੀ.ਆਰ., ਵਾਈ ਫਾਈ ਤੇ ਇਲੈਕਟ੍ਰੋਨਿਕ ਦਾ ਸਾਮਾਨ ਕਰੀਬ 45 ਹਜ਼ਾਰ ਰੁਪਏ ਤੇ ਕਰਿਆਨੇ ਦਾ ਸਾਮਾਨ ਕਰੀਬ 1 ਲੱਖ ਰੁਪਏ ਚੋਰੀ ਕਰਕੇ ਅਣਪਛਾਤੇ ਵਿਅਕਤੀ ਲੈ ਗਏ ਹਨ, ਜਿਸ ਤਹਿਤ ਉਸ ਦਾ ਕਰੀਬ 1 ਲੱਖ 45 ਹਜ਼ਾਰ ਰੁਪਏ ਦਾ ਨੁਕਸਾਨ ਹੋ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਚੰਦਰ ਸ਼ੇਖਰ ਨੇ ਦੱਸਿਆ ਕਿ ਮੁਦੱਈ ਦਿਲਬਾਗ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਥਾਣਾ ਵੈਰੋਕੇ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ ਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਮਾਡਰਨ ਕਾਲਜ 'ਚ ਸੁਖਮਨੀ ਸਾਹਿਬ ਦੇ ਪਾਠ ਕਰਾਏ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਨਵੇਂ ਸੈਸ਼ਨ 2024-25 ਦੇ ਸ਼ੁਰੂਆਤ ਕੀਤੀ ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਗੁਰੂ ਮਹਾਰਾਜ ਦਾ ਓਟ ਆਸਰਾ ਲਿਆ ਗਿਆ। ਇਸ ਮੌਕੇ ਪਾਠੀ ਸਿੰਘਾਂ ਤੇ ਬਾਹਰੋਂ ਆਏ ਪਤਵੰਤੇ ਸੱਜਣਾਂ ਦਾ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਅਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਵੱਲੋਂ ਮਾਣ-ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਮੂਹ ਮੈਨੇਜਮੈਂਟ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਹਾਜ਼ਰੀ ਲਵਾਈ।

### ਸਲਾਈਟ ਲੌਂਗੋਵਾਲ 'ਚ ਅਜ਼ਾਦੀ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ

**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ 15 ਅਗਸਤ ਨੂੰ ਅਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ।ਇਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਡਾਇਰੈਕਟਰ ਪ੍ਰੋ. ਮਨੀ ਕਾਂਤ ਪਾਸਵਾਨ ਕਰਨਗੇ। ਇਸ ਮੌਕੇ ਪੁਲਸ ਮੁਲਾਜ਼ਮ ਤੇ ਸਾਬਕਾ ਫੌਜੀ ਤਿਰੰਗੇ ਝੰਡੇ ਨੂੰ ਸਲਾਮੀ ਦੇਣਗੇ।ਇਸ ਮੌਕੇ ਐਨ.ਸੀ.ਸੀ. ਦੇ ਵਿਦਿਆਰਥੀਆਂ ਵੱਲੋਂ ਪਰੇਡ ਕੀਤੀ ਜਾਵੇਗੀ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਦਿਹਾੜੇ ਨੂੰ ਮਨਾਉਣ ਲਈ ਤਿਆਰੀਆਂ ਪੂਰੇ ਜ਼ੋਰਾਂ ਤੇ ਚੱਲ ਰਹੀਆਂ ਹਨ।ਇਸ ਤੋਂ ਇਲਾਵਾ ਜਵਾਹਰ ਨਵੋਦਿਆ ਵਿਦਿਆਲਿਆ ਸੰਸਥਾ ਦੇ ਪ੍ਰਿੰਸੀਪਲ ਸੁਧਾ ਸ਼ਰਮਾ ਤੇ ਦਫਤਰ ਨਗਰ ਕੌਂਸਲ ਦੇ ਪ੍ਰਧਾਨ ਪਰਮਿੰਦਰ ਕੌਰ ਬਰਾੜ ਅਤੇ ਮੌਜੂਦਾ ਕੌਂਸਲਰ ਗੁਰਮੀਤ ਸਿੰਘ ਲੱਲੀ, ਸ਼ੀਸ਼ਨਪਾਲ ਗਰਗ, ਗੁਰਮੀਤ ਸਿੰਘ ਫੌਜੀ ਅਤੇ ਮੌਜੂਦਾ ਤੇ ਸਾਬਕਾ ਕੌਂਸਲਰ ਵੀ ਸਮਾਗਮ ਵਿੱਚ ਸ਼ਾਮਲ ਹੋਣਗੇ।

## ਫੰਡਾਂ 'ਚ ਹੇਰਾਫੇਰੀ ਕਰਨ ਦੇ ਦੋਸ਼ 'ਚ ਡੀ ਡੀ ਪੀ ਓ ਗ੍ਰਿਫ਼ਤਾਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿਜੀਲੈਂਸ ਬਿਊਰੋ ਨੇ ਬਲਾਕ ਅਮਲੋਹ ਤੇ ਪੰਚਾਇਤਾਂ ਨੂੰ ਜਾਰੀ ਸਰਕਾਰੀ ਫੰਡਾਂ ਵਿੱਚ 40,85,175 ਰੁਪਏ ਦੀ ਹੇਰਾਫੇਰੀ ਕਰਨ ਦੇ ਦੋਸ਼ ਹੇਠ ਫਤਿਹਗੜ੍ਹ ਸਾਹਿਬ ਵਿਖੇ ਤਾਇਨਾਤ ਡੀ.ਡੀ.ਪੀ.ਓ. ਕੁਲਵਿੰਦਰ ਸਿੰਘ ਰੰਧਾਵਾ ਤੇ ਇੱਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫਤਾਰ ਕੀਤਾ ਹੈ।ਇਹ ਪ੍ਰਗਟਾਵਾ ਕਰਦਿਆਂ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਘਪਲੇਬਾਜ਼ੀ ਸਬੰਧੀ ਅਮਲੋਹ ਦੇ ਤੱਤਕਾਲੀ ਬੀ.ਡੀ.ਪੀ.ਓ. ਕੁਲਵਿੰਦਰ ਸਿੰਘ ਰੰਧਾਵਾ (ਹੁਣ ਡੀ.ਡੀ.ਪੀ.ਓ) ਸਮੇਤ ਪੰਜ ਵਿਅਕਤੀਆਂ ਵਿਰੁੱਧ ਵਿਜੀਲੈਂਸ ਥਾਣਾ ਪਟਿਆਲਾ ਰੇਂਜ ਵਿਖੇ ਆਈ.ਪੀ.ਸੀ. ਦੀ ਧਾਰਾ 409, 120-ਬੀ ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) ਤੇ 13 (2) ਤਹਿਤ ਐੱਫ.ਆਈ.ਆਰ. ਨੰਬਰ 37 ਮਿਤੀ 09.08.2024 ਦਰਜ ਕੀਤੀ ਗਈ ਹੈ।ਦੱਸਣਯੋਗ ਹੈ ਕਿ ਉਕਤ ਮੁਲਜ਼ਮਾਂ ਨੇ ਆਪਸੀ ਮਿਲੀਭੁਗਤ ਨਾਲ ਕੁੱਝ ਪ੍ਰਾਈਵੇਟ ਫਰਮਾਂ ਤੇ ਇੱਕ ਨਿੱਜੀ ਵਿਅਕਤੀ ਦੇ ਨਾਂ 'ਤੇ ਜਾਲ੍ਹੀ ਫੰਡ ਜਾਰੀ ਕਰਕੇ ਸਰਕਾਰੀ ਫੰਡਾਂ ਵਿੱਚ 40,85,175 ਰੁਪਏ ਦੀ ਹੇਰਾਫੇਰੀ ਕੀਤੀ ਹੈ।ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਮੁਲਜ਼ਮ ਕੁਲਵਿੰਦਰ ਸਿੰਘ ਰੰਧਾਵਾ (ਤਤਕਾਲੀ ਬੀਡੀਪੀਓ ਅਮਲੋਹ) ਤੇ ਇੱਕ ਨਿੱਜੀ ਵਿਅਕਤੀ ਹੰਸਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਿਨ੍ਹਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਕਿਸੇ ਵੱਡੇ ਹਾਦਸੇ ਦੀ ਉਡੀਕ 'ਚ ਹਨ ਕੈਂਟ ਰੋਡ ਦੁਆਲੇ ਖੜੇ ਸੁੱਕੇ ਦਰੱਖਤ

**ਨਾਭਾ (ਵਰਿੰਦਰ ਵਰਮਾ)**-ਨਾਭਾ ਸ਼ਹਿਰ ਦੀਆਂ ਬਾਹਰਲੀਆਂ ਸੜਕਾਂ ਉੱਪਰ ਕਿਸੇ ਵੱਡੇ ਹਾਦਸੇ ਨੂੰ ਅੰਜਾਮ ਦੇਣ ਦੀ ਉਡੀਕ ਵਿੱਚ ਕੈਂਟ ਰੋਡ ਸੜਕ ਦੁਆਲੇ ਸੁੱਕੇ ਦਰੱਖਤ ਖੜੇ ਆਮ ਦਿਖਾਈ ਦੇ ਰਹੇ ਹਨ। ਪੰਜਾਬ ਦੀਆਂ ਸੜਕਾਂ ਉੱਪਰ ਨਿੱਤ ਦਿਨ ਲੋਕ ਹਾਦਸਿਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਹਾਦਸੇ ਵਾਪਰਨ ਦਾ ਕਾਰਨ ਸਰਕਾਰਾਂ ਤੇ ਸਬੰਧਤ ਮਹਿਕਮਿਆਂ ਦੇ ਅਧਿਕਾਰੀਆਂ ਦੀ ਅਣਗਹਿਲੀ ਤੇ ਅਣਦੇਖੀ ਦਾ ਕਾਰਨ ਵਾਪਰਦੇ ਹਨ, ਜਿਨ੍ਹਾਂ ਵਿੱਚ ਭਾਵੇਂ ਉਹ ਸੜਕਾਂ 'ਤੇ ਪਏ ਵੱਡੇ ਵੱਡੇ ਟੋਏ ਜਾਂ ਫਿਰ ਸੜਕਾਂ ਦੇ ਦੁਆਲੇ ਖੜੇ ਸੁੱਕੇ ਹੋਏ ਦਰੱਖਤ ਜੋ ਕਿ ਥੋੜ੍ਹੀ ਜਿਹੀ ਹਵਾ ਚੱਲਣ ਨਾਲ ਵੀ ਟੁੱਟ ਕੇ ਸੜਕਾਂ ਉੱਪਰ ਆ ਡਿੱਗਦੇ ਹਨ, ਕਈ ਵਾਰੀ ਤਾਂ ਇਹ ਦਰੱਖਤ ਟੁੱਟ ਕੇ ਡਿੱਗਣ ਕਾਰਨ ਸੜਕ ਉੱਤੇ ਜਾ ਰਹੇ ਰਾਹਗੀਰ ਤੇ ਵਾਹਨ ਵੀ ਦੁਰਘਟਨਾ ਗ੍ਰਸਤ ਹੋ ਜਾਂਦੇ ਹਨ ਅਤੇ ਦੁਰਘਟਨਾ ਗ੍ਰਸਤ ਹੋਣ ਨਾਲ ਵਿਅਕਤੀ ਦੀ ਮੌਤ ਤੱਕ ਵੀ ਹੋ ਜਾਂਦੀ ਹੈ ਜਾਂ ਫਿਰ ਗੰਭੀਰ ਜ਼ਖ਼ਮੀ ਹੋ ਜਾਣ ਨਾਲ ਅਪਾਹਜ ਤੱਕ ਹੋ ਜਾਂਦੇ ਹਨ। ਇਨ੍ਹਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਨੂੰ ਪੂਰੀ ਜ਼ਿੰਦਗੀ ਮੌਤ ਤੇ ਜ਼ਿੰਦਗੀ ਦੀ ਲੜਾਈ ਲੜਨੀ ਪੈ ਜਾਂਦੀ ਹੈ, ਜਿਸ ਕਾਰਨ ਬਹੁਤ ਸਾਰੇ ਹੱਸਦੇ ਵਸਦੇ ਪਰਵਾਰ ਬਰਬਾਦ ਹੋ ਜਾਂਦੇ ਹਨ, ਜਿਸ ਦੇ ਸਿੱਧੇ ਤੌਰ 'ਤੇ ਜ਼ਿੰਮੇਵਾਰ ਸਬੰਧਤ ਵਿਭਾਗ ਦੇ ਅਧਿਕਾਰੀ, ਪ੍ਰਸ਼ਾਸਨ ਤੇ ਸਰਕਾਰ ਹੁੰਦੀ ਹੈ।ਇਸੇ ਤਰ੍ਹਾਂ ਦੀ ਘਟਨਾਂ ਕੁਝ ਸਮਾਂ ਪਹਿਲਾਂ ਨਾਭਾ ਵਿਖੇ ਕੈਂਟ ਰੋਡ ਵਿਖੇ ਵਾਪਰ ਚੁੱਕੀ ਹੈ, ਜਿਸ ਵਿੱਚ ਸੁੱਕੇ ਹੋਏ ਦਰੱਖਤ ਟੁੱਟ ਕੇ ਡਿਗਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ, ਪ੍ਰੰਤੂ ਉਸ ਵਿਅਕਤੀ ਦੀ ਮੌਤ ਹੋਣ ਦੀ ਘਟਨਾ ਦੇ ਵਾਪਰਨ ਤੋਂ ਥੋੜ੍ਹੇ ਦਿਨ ਦੀ ਹਿਲਜੁਲ ਤੋਂ ਬਾਅਦ ਵੀ ਇੰਝ ਜਾਪ ਰਿਹਾ ਹੈ ਕਿ ਜਿਵੇਂ ਸੂਬਾ ਸਰਕਾਰ, ਪ੍ਰਸ਼ਾਸਨ ਤੇ ਸਬੰਧਤ ਵਿਭਾਗ ਮੁੜ ਤੋਂ ਗੂੜ੍ਹੀ ਨੀਂਦ ਸੌਂ ਚੁੱਕਿਆ ਹੋਵੇ, ਕਿਉਂਕਿ ਇੱਕ ਵਾਰ ਫੇਰ ਉਸੇ ਹੀ ਸੜਕ ਦੇ ਦੁਆਲੇ ਸੁੱਕੇ ਹੋਏ ਦਰੱਖਤ ਕਿਸੇ ਰਾਹਗੀਰ ਦੀ ਮੌਤ ਦੀ ਉਡੀਕ ਕਰ ਰਹੇ ਹਨ, ਜਿੱਥੋਂ ਕਿ ਛੋਟੇ ਤੇ ਵੱਡੇ ਬੱਚਿਆਂ ਦੇ ਵੱਖ ਵੱਖ ਸਕੂਲਾਂ ਦੀਆਂ ਗੱਡੀਆਂ ਆਮ ਤੌਰ 'ਤੇ ਲੰਘਦੀਆਂ ਦਿਖਾਈ ਦਿੰਦੀਆਂ ਹਨ।ਨਾਭਾ ਵਿਖੇ ਫੌਜੀ ਛਾਉਣੀ ਹੋਣ ਕਾਰਨ ਮਿਲਟਰੀ ਦੇ ਇਸ ਮੁੱਖ ਰਸਤੇ 'ਤੇ ਹੀ ਫੌਜੀਆਂ ਦੀਆਂ ਗੱਡੀਆਂ ਦੀ ਆਮ ਆਵਾਜਾਈ ਗੁਜ਼ਰਦੀ ਹੈ ਤੇ ਨਾਭਾ ਵਿਖੇ ਸੁਸ਼ੋਭਤ ਇਤਿਹਾਸਕ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਦੇ ਦਰਸ਼ਨ ਕਰਨ ਜਾਣ ਵਾਲੀਆਂ ਸੰਗਤਾਂ ਇਸੇ ਰਸਤੇ ਵਿੱਚੋਂ ਦੀ ਹੋ ਕੇ ਲੰਘਦੀਆਂ ਹਨ, ਜਿਸ ਕਾਰਨ ਇਨ੍ਹਾਂ ਸੁੱਕੇ ਖੜੇ ਦਰੱਖਤਾਂ ਦੇ ਟੁੱਟ ਕੇ ਡਿੱਗ ਜਾਣ ਨਾਲ ਕਿਸੇ ਸਮੇਂ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ, ਪ੍ਰੰਤੂ ਪਤਾ ਨਹੀਂ ਕਿਉਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਤੇ ਪ੍ਰਸ਼ਾਸਨ ਦੀਆਂ ਨਜ਼ਰਾਂ ਮੌਤ ਨੂੰ ਸੱਦਾ ਦੇ ਰਹੇ ਬੇਜਾਨ ਹੋਏ ਤੇ ਸੁੱਕੇ ਹੋਏ ਦਰੱਖਤਾਂ ਵੱਲ ਕਿਉਂ ਨਹੀਂ ਜਾਂਦੀਆਂ।

ਦੇਖਣਾ ਹੋਵੇਗਾ ਕਿ ਕਦੋਂ ਸਬੰਧਤ ਵਿਭਾਗ ਦੇ ਅਧਿਕਾਰੀ ਜਾਗਣਗੇ ਤੇ ਇਸ ਵੱਡੀ ਸਮੱਸਿਆ ਦਾ ਹੱਲ ਕਰਕੇ ਸੜਕ ਉੱਪਰੋਂ ਲੰਘਣ ਵਾਲੇ ਰਾਹਗੀਰਾਂ ਦੀਆਂ ਜ਼ਿੰਦਗੀਆਂ ਸੁਰੱਖਿਅਤ ਕਰਨਗੇ।



## ਦਰਜਾ ਚਾਰ ਮੁਲਾਜ਼ਮ 14 ਤੇ 15 ਨੂੰ ਕਰਨਗੇ ਭੁੱਖ ਹੜਤਾਲ



**ਕੋਟਕਪੂਰਾ/ਫਰੀਦਕੋਟ (ਰਛਪਾਲ ਭੁੱਲਰ/ਐਲਿਗਜੈਂਡਰ ਡਿਸੂਜ਼ਾ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਮੀਟਿੰਗ ਜ਼ਿਲ੍ਹਾ ਚੇਅਰਮੈਨ ਨਛੱਤਰ ਸਿੰਘ ਭਾਣਾ ਤੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਢੁੱਡੀ ਦੀ ਪ੍ਰਧਾਨਗੀ ਹੇਠ ਸਥਾਨਕ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਪਾਰਕ ਵਿੱਚ ਕੀਤੀ ਗਈ।ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਤੇ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਦੀ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਦੇ ਹੋਏ 14 ਤੇ 15 ਅਗਸਤ 2024 ਨੂੰ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਮਿਨੀ ਸਕੱਤਰੇਤ ਸਾਹਮਣੇ ਨੇੜੇ ਤਹਿਸੀਲਦਾਰ ਦਫਤਰ ਵਿਖੇ 24 ਘੰਟੇ ਦੀ ਭੁੱਖ ਹੜਤਾਲ ਕਰਨ ਦਾ ਫੈਸਲਾ ਲਿਆ ਗਿਆ।ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਦਰਜਾ ਚਾਰ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰਕੇ ਲਾਗੂ ਕਰਨ ਦੀ ਬਜਾਏ ਟਾਲਮਟੋਲ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਊਟਸੋਰਸ ਮੁਲਾਜ਼ਮਾਂ ਦੀਆਂ ਦਰਾਂ ਸਬੰਧੀ ਪਿਛਲੇ ਦਿਨੀਂ ਜੋ ਡੀ ਸੀ ਰੇਟ ਵਿੱਚ ਵਾਧਾ ਕੀਤਾ ਗਿਆ ਹੈ, ਇਹ ਵਾਧਾ ਬਹੁਤ ਨਿਗੂਣਾ ਹੈ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਡੀ ਸੀ ਰੇਟ ਵਿੱਚ ਯੋਗ ਵਾਧਾ ਕੀਤਾ ਜਾਵੇ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰੇਸ਼ਮ ਸਿੰਘ ਬਲਾਕ ਪ੍ਰਧਾਨ, ਕੁਲਬੀਰ ਸਿੰਘ ਸਰਾਵਾਂ ਪਸ਼ੂ ਪਾਲਣ ਵਿਭਾਗ, ਸ਼ਿਵ ਨਾਥ ਦਰਦੀ ਮੈਡੀਕਲ ਕਾਲਜ ਤੇ ਰਣਜੀਤ ਸਿੰਘ ਸਿਹਤ ਵਿਭਾਗ ਆਦਿ ਹਾਜ਼ਰ ਸਨ।

## ਸਹਿਕਾਰੀ ਸੁਸਾਇਟੀ 'ਚੋਂ ਐੱਲ ਸੀ ਡੀ ਤੇ ਏ ਸੀ ਚੋਰੀ

### ਦਾਉ ਕੀ ਧਰਮਸ਼ਾਲਾ 'ਚੋਂ ਵੀ ਪੱਖੇ ਚੋਰੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲਹਿਰਾ ਮੁਹੱਬਤ ਵਿਖੇ ਚੋਰੀ ਦੀਆਂ ਲਗਾਤਾਰ ਹੋ ਰਹੀਆਂ ਵਾਰਦਾਤਾਂ ਨਾਲ ਲੋਕਾਂ ਵਿੱਚ ਡਰ ਤੇ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ ਫੋਕਲ ਪੁਆਇੰਟ ਏਰੀਏ ਵਿੱਚ ਸਹਿਕਾਰੀ ਸੁਸਾਇਟੀ ਦੇ ਦਫਤਰ 'ਚੋਂ ਚੋਰਾਂ ਨੇ ਐੱਲ. ਸੀ. ਡੀ. ਤੇ ਸਪਲਿਟ ਏ. ਸੀ. ਦਾ ਅੰਦਰਲਾ ਯੂਨਿਟ ਚੋਰੀ ਕਰ ਲਿਆ। ਚੋਰੀ ਦਾ ਪਤਾ ਉਸ ਸਮੇਂ ਲੱਗਿਆ ਜਦ ਸੇਵਾਦਾਰ ਸਵੇਰੇ ਸਭਾ ਦੇ ਦਫਤਰ 'ਚ ਏ. ਸੀ. ਮਕੈਨਿਕ ਦਾ ਨੰਬਰ ਦੇਖਣ ਆਇਆ ਸੀ। ਉਸ ਸਮੇਂ ਦਫਤਰ ਦੇ ਗੇਟ ਦਾ ਲਾਕ ਟੁੱਟਿਆ ਹੋਇਆ ਸੀ ਤੇ ਗੇਟ ਵੀ ਖੁੱਲ੍ਹਾ ਪਿਆ ਸੀ। ਜਾਣਕਾਰੀ ਮਿਲਣ 'ਤੇ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਸਮੇਤ ਜਗਸੀਰ ਸਿੰਘ ਮੀਤ ਪ੍ਰਧਾਨ, ਗੁਰਸੇਵਕ ਸਿੰਘ ਤੇ ਗੁਰਮੰਤਰ ਸਿੰਘ ਕਮੇਟੀ ਮੈਂਬਰਜ਼, ਸੁਖਮੰਦਰ ਸਿੰਘ ਸਕੱਤਰ, ਮਨਪ੍ਰੀਤ ਸਿੰਘ ਕੰਪਿਊਟਰ ਆਪ੍ਰੇਟਰ, ਸੈਂਬਰ ਸਿੰਘ ਸੇਵਾਦਾਰ ਤੇ ਪ੍ਰਤਾਪ ਸਿੰਘ ਡਰਾਈਵਰ ਵੀ ਮੌਕੇ 'ਤੇ ਪਹੁੰਚੇ ਅਤੇ ਮੌਕਾ ਦੇਖਣ ਉਪਰੰਤ ਚੌਕੀ ਪੁਲਸ ਭੁੱਚੋ ਨੂੰ ਸੂਚਿਤ ਕੀਤਾ। ਪੁਲਸ ਨੇ ਮੌਕਾ ਦੇਖਣ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਕੀਤੀ ਹੈ। ਇਸ ਤੋਂ ਇਲਾਵਾ 10 ਅਗਸਤ ਦੀ ਲੰਘੀ ਰਾਤ ਪੱਤੀ ਦੁਲਚੀ ਦੀ ਦਾਉ ਕੀ ਧਰਮਸ਼ਾਲਾ 'ਚੋਂ ਵੀ ਚੋਰਾਂ ਨੇ ਪੱਖੇ ਚੋਰੀ ਕਰ ਲਏ। ਏ. ਐੱਸ. ਆਈ. ਜਸਵੀਰ ਸਿੰਘ ਦੀ ਅਗਵਾਈ 'ਚ ਪੁਲਸ ਟੀਮ ਨੇ ਮੌਕੇ ਦਾ ਜਾਇਜ਼ਾ ਲਿਆ ਤੇ ਸੀ. ਸੀ. ਟੀ. ਵੀ. ਫੁਟੇਜ ਦੇ ਆਧਾਰ 'ਤੇ ਸ਼ੱਕੀ ਵਿਅਕਤੀਆਂ ਦੀ ਪੜਤਾਲ ਕੀਤੀ ਜਾ ਰਹੀ ਹੈ।

## ਨਸ਼ੀਲੀਆਂ ਗੋਲੀਆਂ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ 50 ਨਸ਼ੀਲੀਆਂ ਗੋਲੀਆਂ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਨਾਲ ਬਾਹਮਣੀਵਾਲਾ ਨੇੜੇ ਸਥਿਤ ਸੇਮਨਾਲਾ ਪੁਲ ਕੋਲ ਮੌਜੂਦ ਸੀ ਤਾਂ ਪਿੰਡ ਬਾਹਮਣੀਵਾਲਾ ਦੀ ਤਰਫੋਂ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਝਾੜੀਆਂ ਪਿੱਛੇ ਬੈਠ ਗਿਆ, ਜਿਸ ਨੂੰ ਕਾਬੂ ਕਰਕੇ ਸ਼ੱਕ ਦੇ ਅਧਾਰ 'ਤੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 50 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ।ਇਸ ਵਿਅਕਤੀ ਦੀ ਪਹਿਚਾਣ ਸੁਰਿੰਦਰ ਸਿੰਘ ਉਰਫ ਗੱਬਰ ਪੁੱਤਰ ਮੱਖਣ ਸਿੰਘ ਵਾਸੀ ਬਾਹਮਣੀਵਾਲਾ ਦੇ ਰੂਪ ਵਿੱਚ ਹੋਈ ਹੈ। ਥਾਣਾ ਵੈਰੋਕੇ ਵਿਖੇ ਸੁਰਿੰਦਰ ਸਿੰਘ ਖਿਲਾਫ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਕੈਬਨਿਟ ਮੰਤਰੀ ਜੌੜਾਮਾਜਰਾ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

### ਸੁਲਤਾਨਪੁਰ ਤੇ ਤਰੌੜਾ ਨੂੰ ਦਿੱਤੇ ਪਾਣੀ ਵਾਲੇ ਟੈਂਕਰ



**ਸਮਾਣਾ (ਗੁਰਪਿਆਰ ਸਿੰਘ ਬੱਲ)**- ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਇਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ।ਕੈਬਨਿਟ ਮੰਤਰੀ ਜੌੜਾਮਾਜਰਾ ਨੇ ਸਮਾਣਾ ਹਲਕੇ ਦੇ ਪਿੰਡਾਂ ਸੁਲਤਾਨਪੁਰ ਤੇ ਤਰੌੜਾ ਕਲਾਂ ਨੂੰ ਪਾਣੀ ਵਾਲੇ ਟੈਂਕਰ ਵੀ ਪ੍ਰਦਾਨ ਕੀਤੇ ਅਤੇ ਕਿਹਾ ਕਿ ਉਹ ਖ਼ੁਦ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਹਨ ਤੇ ਕਿਸੇ ਵੀ ਪਿੰਡ ਨੂੰ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ।ਖਣਨ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਲਾਅਰਿਆਂ ਵਿੱਚ ਢੰਗ ਨਹੀਂ ਟਪਾਉਂਦੀ, ਸਗੋਂ ਤੁਰੰਤ ਕੰਮ ਕਰਨ ਵਿੱਚ ਵਿਸ਼ਵਾਸ ਕਰਦੀ ਹੈ।ਉਨ੍ਹਾ ਕਿਹਾ ਕਿ ਹਰੇਕ ਪਿੰਡ ਵਿੱਚ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਜਨ ਸੁਵਿਧਾ ਕੈਂਪ ਲਗਾ ਕੇ ਵੱਖਰੇ ਤੌਰ 'ਤੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਮੌਕੇ 'ਤੇ ਹੀ ਹੱਲ ਕੀਤਾ ਜਾਂਦਾ ਹੈ, ਪਹਿਲਾਂ ਕਿਸੇ ਸਰਕਾਰ ਸਮੇਂ ਅਜਿਹਾ ਨਹੀਂ ਕੀਤਾ ਗਿਆ।ਜੌੜਾਮਾਜਰਾ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਸਮੇਂ ਸਮਾਣਾ ਹਲਕੇ ਨੂੰ ਅਣਗੌਲਿਆ ਕੀਤਾ ਗਿਆ, ਪਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮਾਣਾ ਵਾਸੀਆਂ ਦੀ ਹਰੇਕ ਸਮੱਸਿਆ ਨੂੰ ਸਮਝਦਿਆਂ ਤੁਰੰਤ ਗ੍ਰਾਂਟਾਂ ਜਾਰੀ ਕੀਤੀਆਂ ਹਨ।ਇਸੇ ਦੌਰਾਨ ਕੈਬਨਿਟ ਮੰਤਰੀ ਪਿੰਡ ਪਸਿਆਣਾ ਵਿਖੇ ਮਾਤਾ ਨੈਣਾ ਦੇਵੀ ਦੇ ਸ਼ਰਧਾਲੂਆਂ ਲਈ ਲਗਾਏ ਗਏ ਲੰਗਰ ਵਿੱਚ ਵੀ ਗਏ ਤੇ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ।

## ਕਿਸਾਨ ਟਰੈਕਟਰਾਂ ਦੇ ਕਾਫ਼ਲਿਆਂ ਸਮੇਤ ਮਾਰਚ 'ਚ ਕਰਨਗੇ ਸ਼ਮੂਲੀਅਤ : ਆਗੂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਭਾਕਿਯੂ ਸਿੱਧੂਪੁਰ ਬਲਾਕ ਮਹਿਲ ਕਲਾਂ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ ਛੇਵੀਂ ਪਾਤਿਸ਼ਾਹੀ ਵਿਖੇ ਹੋਈ।ਇਸ ਮੌਕੇ ਕਿਸਾਨ ਆਗੂ ਜਸਪਾਲ ਸਿੰਘ ਕਲਾਲ ਮਾਜਰਾ, ਕਰਨੈਲ ਸਿੰਘ ਸਹਿਜੜਾ, ਜਗਪਾਲ ਸਿੰਘ ਸਹਿਜੜਾ, ਨਛੱਤਰ ਸਿੰਘ ਸਹੌਰ ਨੇ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਵਾਸਤੇ ਸ਼ੰਭੂ ਤੇ ਖਨੌਰੀ ਮੋਰਚੇ 'ਤੇ ਡਟੇ ਹੋਏ ਹਨ।ਉਨ੍ਹਾਂ ਕਿਹਾ ਕਿ ਭਾਜਪਾ ਨੂੰ ਲੰਘੀਆਂ ਚੋਣਾਂ 'ਚ ਕਿਸਾਨ ਮੋਰਚੇ ਨੇ ਵੱਡਾ ਝਟਕਾ ਦਿੱਤਾ ਹੈ। ਇਸ ਦੇ ਬਾਵਜੂਦ ਕੇਂਦਰ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਕਿਸਾਨਾਂ ਦੇ ਮੋਰਚੇ ਵਿਰੁੱਧ ਉਲਟਾ ਪ੍ਰਚਾਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਜਿਥੇ ਆਜ਼ਾਦੀ ਦੇ ਜਸ਼ਨ ਮਨਾਏ ਜਾਣਗੇ, ਉਥੇ ਦੇਸ਼ ਦਾ ਅੰਨਦਾਤਾ ਕਿਸਾਨ ਆਪਣੀਆਂ ਮੰਗਾਂ ਲਈ ਪੂਰੇ ਦੇਸ਼ ਵਿੱਚ ਟਰੈਕਟਰ ਮਾਰਚ ਕਰਕੇ ਨਵੇਂ ਬਣੇ ਫੌਜਦਾਰੀ ਕਾਨੂੰਨ ਦੀਆਂ ਕਾਪੀਆਂ ਸਾੜੇਗਾ।ਕਿਸਾਨਾਂ ਉੱਪਰ ਗੋਲੀਆਂ ਚਲਾਉਣ ਵਾਲੇ ਆਗੂਆਂ ਨੂੰ 15 ਅਗਸਤ ਨੂੰ ਸਨਮਾਨ ਕੀਤੇ ਜਾਣ ਦੇ ਰੋਸ ਵਜੋਂ ਜਥੇਬੰਦੀ ਵੱਲੋਂ ਮੋਰਚੇ ਦੇ ਸੱਦੇ ਉੱਪਰ ਜਿੱਥੇ ਟਰੈਕਟਰ ਮਾਰਚ ਤੇ ਘਰਾਂ ਉੱਪਰ ਝੰਡੇ ਲਾ ਰੋਸ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਜਾਗਰੂਕ ਕਰ ਕੇਂਦਰ ਸਰਕਾਰ ਖਿਲਾਫ਼ ਵੱਡੀ ਲਾਮਬੰਦੀ ਕੀਤੀ ਜਾਵੇਗੀ।

ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ ਨੂੰ 15 ਅਗਸਤ ਨੂੰ ਕੇਂਦਰ ਸਰਕਾਰ ਖਿਲਾਫ਼ ਕੀਤੇ ਜਾ ਰਹੇ ਟਰੈਕਟਰ ਮਾਰਚ 'ਚ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

## ਸਿਰਸਾ ਦੇ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖ ਕੇ ਸਰਕਾਰ ਚੁੱਪ : ਚੌਟਾਲਾ

### ਮੁੱਖ ਮੰਤਰੀ ਦੇ ਐਲਾਨਾਂ ਨੂੰ ਕਾਗਜ਼ੀ ਗਰਦਾਨਿਆ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਦੋ ਮਹੀਨਿਆਂ ਬਾਅਦ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਹਿੱਤ ਸਾਰੀਆਂ ਸਿਆਸੀ ਪਾਰਟੀਆਂ ਨੇ ਜ਼ੋਰਾਂ-ਸ਼ੋਰਾਂ ਨਾਲ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਇਸੇ ਕੜੀ ਵਿੱਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਆਗੂ ਅਰਜੁਨ ਸਿੰਘ ਚੌਟਾਲਾ ਨੇ ਸਿਰਸਾ ਜ਼ਿਲ੍ਹੇ ਵਿੱਚ ਰਾਣੀਆਂ ਦੇ ਦੌਰੇ ਦੌਰਾਨ ਆਪਣੇ ਚਚੇਰੇ ਭਰਾ ਜੇਜੇਪੀ ਨੇਤਾ ਦਿਗਵਿਜੈ ਚੌਟਾਲਾ 'ਤੇ ਸਿਆਸੀ ਹਮਲਾ ਬੋਲਦਿਆਂ ਕਿਹਾ ਕਿ ਦਿਗਵਿਜੈ ਕਿਤੋਂ ਵੀ ਚੋਣ ਲੜਨ, ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪਵੇਗਾ।ਉਨ੍ਹਾ ਕਿਹਾ ਕਿ ਜੇਜੇਪੀ ਦੇ ਸਾਰੇ ਉਮੀਦਵਾਰਾਂ ਦੀ ਜਮਾਨਤ ਜ਼ਬਤ ਹੋ ਜਾਵੇਗੀ।ਅਰਜੁਨ ਚੌਟਾਲਾ ਨੇ ਕਿਹਾ ਕਿ ਇਨੈਲੋ ਨੇ ਹਮੇਸ਼ਾ ਲੋਕਾਂ ਦੀ ਲੜਾਈ ਲੜਨ ਦਾ ਕੰਮ ਕੀਤਾ ਹੈ ਤੇ ਜਨਤਾ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਯੋਜਨਾਵਾਂ ਬਣਾਈਆਂ ਹਨ। ਉਨ੍ਹਾ ਆਪਣੇ ਦਾਦਾ ਰਣਜੀਤ ਚੌਟਾਲਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਜੇਲ੍ਹ ਮੰਤਰੀ ਰਣਜੀਤ ਸਿੰਘ ਚੌਟਾਲਾ ਇਨੈਲੋ ਦਵਾਰਾ ਕੀਤੇ ਕੰਮਾਂ ਨੂੰ ਆਪਣੇ ਕੰਮ ਦੱਸ ਰਹੇ ਹਨ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸੈਣੀ ਸਿਰਫ ਐਲਾਨ ਮੰਤਰੀ ਬਣ ਗਏ ਹਨ।ਉਹ ਕੇਵਲ ਐਲਾਨ ਹੀ ਕਰ ਰਹੇ ਹਨ।ਉਨ੍ਹਾ ਕਿਹਾ ਕਿ ਸਿਰਸਾ ਵਿੱਚ ਰਾਸ਼ਟਰਪਤੀ ਵੱਲੋਂ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਪਰ ਅਜੇ ਤੱਕ ਇਸ ਦਾ ਉਦਘਾਟਨ ਨਹੀਂ ਕੀਤਾ ਗਿਆ।ਅਰਜੁਨ ਚੌਟਾਲਾ ਨੈ ਕਿਹਾ ਕਿ ਭਾਜਪਾ ਸਰਕਾਰ ਵਿੱਚ ਹੰਕਾਰ ਆ ਗਿਆ ਹੈ ਤੇ ਜਲਦੀ ਹੀ ਭਾਜਪਾ ਦਾ ਹੰਕਾਰ ਵੋਟਾਂ ਪੈਣ 'ਤੇ ਟੁੱਟ ਜਾਵੇਗਾ।

## ਡਾ. ਬਲਬੀਰ ਸਿੰਘ ਵੱਲੋਂ ਬਰਸਾਤੀ ਪਾਣੀ ਦੀ ਨਿਕਾਸੀ ਦਾ ਜਾਇਜ਼ਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡੇਚਲਵਾਲ ਤੇ ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ ਨੂੰ ਨਾਲ ਲੈ ਕੇ ਮੀਂਹ ਕਾਰਨ ਪੈਦਾ ਹੋਈ ਸਥਿਤੀ ਤੇ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ।ਡਾ. ਬਲਬੀਰ ਸਿੰਘ ਨੇ ਮਨਜੀਤ ਨਗਰ, ਰਣਜੀਤ ਨਗਰ, ਅਨੰਦ ਨਗਰ-ਏ ਅਤੇ ਬੀ, ਫੂਲਕੀਆਂ ਇਨਕਲੇਵ, ਤ੍ਰਿਪੜੀ, ਫੈਕਟਰੀ ਏਰੀਆ, ਡੀ.ਐਲ.ਐਫ. ਕਲੋਨੀ, ਕੋਹਿਨੂਰ ਇਨਕਲੇਵ, ਹੀਰਾ ਨਗਰ, ਵੱਡੀ ਨਦੀ ਤੇ ਹੋਰ ਇਲਾਕਿਆਂ ਦਾ ਦੌਰਾ ਕਰਕੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਜਾਇਜ਼ਾ ਲਿਆ।ਸਿਹਤ ਮੰਤਰੀ ਨੇ ਨਿਗਮ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਰੋਡ ਗਲੀਆਂ ਮੁੜ ਤੋਂ ਸਾਫ਼ ਕਰਾਈਆਂ ਜਾਣ ਤਾਂ ਜੁ ਪਾਣੀ ਦੀ ਨਿਕਾਸੀ 'ਚ ਕੋਈ ਰੁਕਾਵਟ ਨਾ ਪਵੇ। ਟਿਵਾਣਾ ਚੌਕ ਵਿਖੇ ਡਰੇਨ 'ਚ ਪਾਣੀ ਦੀ ਨਿਕਾਸੀ ਸਮੇ ਬਾਕੀ ਦੀਆਂ ਡਰੇਨਾਂ ਵਿੱਚ ਵੀ ਪਾਣੀ ਬਿਨਾਂ ਕਿਸੇ ਰੁਕਾਵਟ ਤੋਂ ਪੈਣ ਦਿੱਤਾ ਜਾਵੇ।ਨੀਵੇਂ ਇਲਾਕਿਆਂ ਵਿੱਚੋਂ ਪਾਣੀ ਦੀ ਤੁਰੰਤ ਨਿਕਾਸੀ ਕਰਵਾਈ ਜਾਣੀ ਯਕੀਨੀ ਬਣਾਈ ਜਾਵੇ ਤਾਂ ਜੁ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਨਿਕਾਸੀ ਪ੍ਰਬੰਧਾਂ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਸਿਹਤ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗ਼ਲਤੀਆਂ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ, ਪ੍ਰੰਤੂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਇਸ ਗੱਲੋਂ ਪੂਰੀ ਤਰ੍ਹਾਂ ਗੰਭੀਰ ਹੈ ਕਿ ਪਿਛਲੀਆਂ ਖਾਮੀਆਂ ਦੂਰ ਕਰਕੇ ਸੁਚੱਜੇ ਪ੍ਰਬੰਧ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਹੜ੍ਹਾਂ ਵਰਗੀ ਕਿਸੇ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਫੂਲਕੀਆਂ ਇਨਕਲੇਵ ਤੇ ਹੋਰਨਾਂ ਪਾਣੀ ਖੜਨ ਵਾਲੇ ਇਲਾਕਿਆਂ 'ਚ ਨਵੀਆਂ ਪਾਇਪ ਲਾਈਨਾਂ ਪਾ ਕੇ ਪਾਣੀ ਦੀ ਨਿਕਾਸੀ ਯਕੀਨੀ ਬਣਾਈ ਜਾ ਰਹੀ ਹੈ ਤੇ ਨਗਰ ਨਿਗਮ ਨੂੰ ਵੀ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਨਗਰ ਨਿਗਮ ਕਮਿਸ਼ਨਰ ਅਦਿੱਤਿਆ ਡੇਚਲਵਾਲ ਨੇ ਦੱਸਿਆ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਬਚਾਉਣ ਲਈ ਨਗਰ ਨਿਗਮ ਦੀਆਂ ਟੀਮਾਂ ਪੂਰੀ ਗੰਭੀਰਤਾ ਨਾਲ ਆਪਣੇ ਕੰਮ ਵਿੱਚ ਲੱਗੀਆਂ ਹੋਈਆਂ ਹਨ।

## ਸੰਤ ਅਤਰ ਸਿੰਘ ਤੇ ਬਾਬਾ ਨਿਧਾਨ ਸਿੰਘ ਦੀ ਯਾਦ 'ਚ ਸੈਮੀਨਾਰ



**ਸੰਗਰੂਰ (ਪ੍ਰਵੀਨ ਸਿੰਘ)**-ਸੰਤ ਅਤਰ ਸਿੰਘ ਗੁਰਮਤਿ ਕਾਲਜ ਮਸਤੂਆਣਾ ਸਾਹਿਬ ਵਿਖੇ ਪ੍ਰਿੰਸੀਪਲ ਜਸਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਸੰਤ ਅਤਰ ਸਿੰਘ ਜੀ ਤੇ ਬਾਬਾ ਨਿਧਾਨ ਸਿੰਘ ਜੀ ਵੱਲੋਂ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਪਾਏ ਅਹਿਮ ਯੋਗਦਾਨ ਸਬੰਧੀ ਇੱਕ ਰੋਜ਼ਾ ਸੈਮੀਨਾਰ ਅਕਾਲ ਕਾਲਜ ਕੌਂਸਲ ਤੇ ਲੋਕ ਇਨਸਾਫ ਫਰੰਟ ਦੇ ਸਹਿਯੋਗ ਸਦਕਾ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।ਸੈਮੀਨਾਰ ਦੀ ਸ਼ੁਰੂਆਤ ਸੰਤ ਅਤਰ ਸਿੰਘ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਕੇ ਕੀਤੀ ਗਈ।ਲੋਕ ਇਨਸਾਫ਼ ਫਰੰਟ ਦੇ ਚੇਅਰਮੈਨ ਡਾ. ਗੁਰਵੀਰ ਸਿੰਘ ਸੋਹੀ ਵੱਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਸੈਮੀਨਾਰ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ।ਬਾਬਾ ਨਿਧਾਨ ਸਿੰਘ ਇੰਟਰਨੈਸ਼ਨਲ ਸੋਸਾਇਟੀ ਦੇ ਚੇਅਰਮੈਨ ਡਾ. ਪਰਮਜੀਤ ਸਿੰਘ ਸਰੋਆ ਨੇ ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦੇ ਜੀਵਨ ਬਾਰੇ ਤੇ ਉਨ੍ਹਾਂ ਵੱਲੋਂ ਕੀਤੀ ਗਈ ਅਥਾਹ ਲੰਗਰਾਂ ਦੀ ਸੇਵਾ ਦਾ ਵਿਸ਼ੇਸ਼ ਜ਼ਿਕਰ ਕੀਤਾ।ਡਾਕਟਰ ਕੰਵਲਜੀਤ ਸਿੰਘ ਸਾਬਕਾ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ, ਡਾ. ਜਸਵੰਤ ਸਿੰਘ ਸਹਾਇਕ ਪ੍ਰੋਫੈਸਰ ਬੁੱਗਰਾਂ, ਯੂਨੀਵਰਸਿਟੀ ਕਾਲਜ ਢਿੱਲਵਾਂ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਰਿਸਰਚ ਸਕਾਲਰ ਅਮਰਜੀਤ ਸਿੰਘ ਪਾਹਵਾ ਨੇ ਸੰਤ ਅਤਰ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਭਰਪੂਰ ਚਾਨਣਾ ਪਾਇਆ। ਅੰਤ ਵਿੱਚ ਭੁਪਿੰਦਰ ਸਿੰਘ ਗਰੇਵਾਲ ਨੇ ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਸੈਮੀਨਾਰ ਵਿਦਿਆਰਥੀਆਂ ਦੇ ਅਕਾਦਮਿਕ ਗਿਆਨ ਵਿੱਚ ਵਾਧਾ ਕਰਦੇ ਹਨ।ਇਸ ਮੌਕੇ ਕਾਲਜ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਸੁਰਿੰਦਰ ਪਾਲ ਸਿੰਘ ਸਿਦਕੀ ਵੱਲੋਂ ਕੀਤੇ ਮੰਚ ਸੰਚਾਲਨ ਉਪਰੰਤ ਅਕਾਲ ਕਾਲਜ ਕੌਂਸਲ ਦੇ ਸੀਨੀਅਰ ਮੈਂਬਰ ਬਲਦੇਵ ਸਿੰਘ ਭੰਮਾਵੱਦੀ, ਗਮਦੂਰ ਸਿੰਘ ਖਹਿਰਾ, ਹਾਕਮ ਸਿੰਘ ਕਿਸ਼ਨਗੜ੍ਹੀਆ, ਪ੍ਰੋਫੈਸਰ ਜਸਪ੍ਰੀਤ ਸਿੰਘ, ਪ੍ਰੋਫੈਸਰ ਮਨਪ੍ਰੀਤ ਕੌਰ, ਪ੍ਰੋਫੈਸਰ ਤਜਿੰਦਰ ਕੌਰ, ਪ੍ਰੋਫੈਸਰ ਮਨਦੀਪ ਕੌਰ, ਪ੍ਰੋਫੈਸਰ ਰੂਬੀ ਜਿੰਦਲ, ਪ੍ਰੋਫੈਸਰ ਪ੍ਰੀਆ, ਪ੍ਰੋਫੈਸਰ ਨਿਰਪਜੀਤ ਸਿੰਘ, ਪ੍ਰੋਫੈਸਰ ਹਰਪਾਲ ਸਿੰਘ, ਸਤਨਾਮ ਸਿੰਘ ਦਮਦਮੀ, ਮੈਡਮ ਰਜਿੰਦਰ ਕੌਰ, ਭਾਈ ਗੁਰਮੀਤ ਸਿੰਘ, ਭਾਈ ਮਨਵੀਰ ਸਿੰਘ, ਭਾਈ ਅਜੈਬ ਸਿੰਘ, ਕੁਲਦੀਪ ਸਿੰਘ ਢੱਡਰੀਆਂ, ਸੁਪਿੰਦਰ ਸਿੰਘ ਸਾਰੋਂ, ਬਿੰਦਰ ਸਿੰਘ ਢੱਡਰੀਆਂ ਸਮੇਤ ਵੱਖ-ਵੱਖ ਕਾਲਜਾਂ ਦੇ ਸਟਾਫ ਮੈਂਬਰ ਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਆਂਗਣਵਾੜੀ ਯੂਨੀਅਨ ਵੱਲੋਂ 15 ਨੂੰ ਰੋਸ ਪ੍ਰਦਰਸ਼ਨ

**ਮੱਖੂ (ਰਛਪਾਲ ਸਿੰਘ ਸੰਧੂ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਜ਼ਾਦੀ ਦਿਵਸ ਵਾਲੇ ਦਿਨ 15 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਉਨ੍ਹਾਂ ਦੀ ਰਿਹਾਇਸ਼ ਅੱਗੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸਿਰਾਂ 'ਤੇ ਕਾਲੀਆਂ ਚੁੰਨੀਆਂ ਲੈ ਕੇ ਪੁੱਜਣਗੀਆਂ।ਇਹ ਜਾਣਕਾਰੀ ਯੂਨੀਅਨ ਦੇ ਬਲਾਕ ਪ੍ਰਧਾਨ ਜੀਵਨ ਸ਼ਰਮਾ ਨੇ ਦਿੰਦਿਆਂ ਕਿਹਾ ਕਿ ਇਹ ਰੋਸ ਪ੍ਰਦਰਸ਼ਨ ਪੰਜਾਬ ਭਰ ਦੇ ਆਂਗਣਵਾੜੀ ਸੈਂਟਰਾਂ ਵਿੱਚ ਲਾਭਪਾਤਰੀਆਂ ਲਈ ਆ ਰਹੇ ਘਟੀਆ ਕੁਆਲਿਟੀ ਦੇ ਮਾੜੇ ਰਾਸ਼ਨ ਦੇ ਖਿਲਾਫ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਰਾਸ਼ਨ ਜੋ ਪ੍ਰਾਈਵੇਟ ਕੰਪਨੀਆਂ ਤੋਂ ਲਿਆ ਜਾ ਰਿਹਾ ਹੈ, ਉਸ ਨੂੰ ਤੁਰੰਤ ਬੰਦ ਕੀਤਾ ਜਾਵੇ ਤੇ ਪਹਿਲਾਂ ਦੀ ਤਰ੍ਹਾਂ ਸਰਕਾਰੀ ਅਦਾਰੇ ਵੇਰਕਾ ਦੀ ਪੰਜੀਰੀ, ਸੁੱਕਾ ਦੁੱਧ ਤੇ ਮਾਰਕਫੈਡ ਰਾਹੀਂ ਕਣਕ ਤੇ ਚਾਵਲ ਦਿੱਤੇ ਜਾਣ ਤਾਂ ਜੁ ਬੱਚਿਆਂ ਅਤੇ ਮਾਵਾਂ ਨੂੰ ਪਿਛਲੇਂ ਸਮੇਂ ਦੀ ਤਰ੍ਹਾਂ ਦਿੱਤਾ ਜਾਵੇ। ਜਿੰਨਾ ਚਿਰ ਮਾੜਾ ਰਾਸ਼ਨ ਬੰਦ ਨਹੀਂ ਹੁੰਦਾ ਤੇ ਸੈਂਟਰਾਂ ਵਿੱਚ ਤਾਜ਼ਾ ਖਾਣਾ ਬਣਾਉਣ ਦੀ ਵਿਵਸਥਾ ਨਹੀਂ ਕੀਤੀ ਜਾਂਦੀ, ਉਦੋਂ ਤੱਕ ਜਥੇਬੰਦੀ ਦਾ ਸੰਘਰਸ਼ ਜਾਰੀ ਰਹੇਗਾ।ਇਸ ਤੋਂ ਇਲਾਵਾ ਆਂਗਣਵਾੜੀ ਸੈਂਟਰਾਂ ਦੇ ਬੱਚੇ ਜੋ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬਿਠਾਏ ਜਾ ਰਹੇ ਹਨ, ਨੂੰ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜਿਆ ਜਾਵੇ ਅਤੇ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ।ਜਥੇਬੰਦੀ ਦੀ ਇਹ ਵੀ ਮੰਗ ਹੈ ਕਿ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀਆਂ ਸੇਵਾਵਾਂ ਤੁਰੰਤ ਬਹਾਲ ਕੀਤੀਆਂ ਜਾਣ।ਇਸ ਮੌਕੇ ਜਸਬੀਰ ਕੌਰ, ਸਲਵਿੰਦਰ ਕੌਰ, ਗੁਰਮੀਤ ਕੌਰ, ਸੁਖਵੰਤ ਕੌਰ, ਹਰਮੀਤ ਕੌਰ, ਸੁਲਕਸ਼ਨਾ ਸ਼ਰਮਾ, ਰਵਿੰਦਰ ਕੌਰ, ਸਿਮਰਜੀਤ ਕੌਰ, ਮਨਜੀਤ ਕੌਰ ਆਦਿ ਹਾਜ਼ਰ ਸਨ।

## 'ਤੀਆਂ ਤੀਜ ਦੀਆਂ' ਤਿਉਹਾਰ ਧੂਮ-ਧਾਮ ਨਾਲ ਮਨਾਇਆ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀ.ਸੈਕੰ.ਸਕੂਲ ਵਿਖੇ 'ਤੀਆਂ ਤੀਜ ਦੀਆਂ' ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਆਰੰਭ ਸਕੂਲ ਦੇ ਪ੍ਰਿੰਸੀਪਲ ਪ੍ਰੋ. ਬਲਜੀਤ ਸਿੰਘ ਨੇ ਕੀਤਾ ਤੇ ਨਾਲ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੀ ਵਧਾਈ ਦਿੱਤੀ।ਸਮੁੱਚੇ ਸਕੂਲ ਦੇ ਵਿਦਿਆਰਥੀਆਂ ਨੇ ਤੀਆਂ ਦਾ ਤਿਉਹਾਰ ਮਨਾਉਂਦਿਆਂ 'ਵਾਤਾਵਰਨ ਬਚਾਓ' ਦਾ ਨਾਅਰਾ ਵੀ ਲਾਇਆ।ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਪੀਂਘ ਝੂਟੀ।ਸਕੂਲ ਵਿੱਚ ਮਹਿੰਦੀ ਆਦਿ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਪਹਿਲਾ ਸਥਾਨ ਰਮਨਦੀਪ ਕੌਰ ਗਿਆਰਵੀਂ ਆਰਟਸ, ਦੂਜਾ ਸਥਾਨ ਹਰਮਨਦੀਪ ਕੌਰ ਜਮਾਤ ਦਸਵੀਂ ਅਤੇ ਤੀਜਾ ਸਥਾਨ ਦ੍ਰਿਸ਼ਟੀ ਬਾਰਵੀਂ ਕਾਮਰਸ ਨੇ ਹਾਸਲ ਕੀਤਾ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਸਕੱਤਰ ਗੁਰਨਾਮ ਸਿੰਘ ਨਾਗਰਾ ਤੇ ਸਰਕਾਰੀ ਕਾਲਜ ਮਾਛੀਵਾੜਾ ਦੇ ਪ੍ਰਿੰਸੀਪਲ ਨੇ ਸ਼ਿਰਕਤ ਕਰਦਿਆਂ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਤੀਜ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।ਪ੍ਰੋਗਰਾਮ ਨੂੰ ਹੋਰ ਚਾਰ ਚੰਦ ਲਾਉਂਦੇ ਹੋਏ ਵਿਦਿਆਰਥੀਆਂ ਨੇ ਗਿੱਧੇ ਭੰਗੜੇ ਨਾਲ ਇਸਨੂੰ ਹੋਰ ਖੂਬਸੂਰਤ ਬਣਾਇਆ।ਨਾਲ ਹੀ ਮਿਸ ਤੀਜ ਪ੍ਰੋਗਰਾਮ ਵੀ ਕਰਾਇਆ ਗਿਆ, ਜਿਸ ਵਿੱਚ ਸੈਕੰਡ ਰਨਰਅੱਪ ਪ੍ਰਭਜੋਤ ਕੌਰ ਬਾਰ੍ਹਵੀਂ ਕਾਮਰਸ, ਫਸਟ ਰਨਰਅੱਪ ਗਗਨਦੀਪ ਕੌਰ ਗਿਆਰ੍ਹਵੀਂ ਸਾਇੰਸ ਅਤੇ ਮਿਸ ਤੀਜ ਦਾ ਤਾਜ ਰਮਨਦੀਪ ਕੌਰ ਬਾਰ੍ਹਵੀਂ ਕਾਮਰਸ ਦੀ ਵਿਦਿਆਰਥਣ ਦੇ ਸਿਰ ਸਜਾਇਆ ਗਿਆ।

ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਇਸ ਤੀਜ ਦੇ ਤਿਉਹਾਰ ਤੇ ਰਵਿੰਦਰ ਕੌਰ (ਪ੍ਰੋਗਰਾਮ ਦੇ ਇੰਚਾਰਜ), ਹਰਿੰਦਰ ਕੌਰ, ਹਰਿੰਦਰ ਦੀਪ ਸ਼ਰਮਾ ਤੇ ਕਾਜਲ ਆਨੰਦ (ਤੀਜ ਮੁਕਾਬਲੇ ਦੇ ਜੱਜ), ਰੂਹੀ ਸ਼ਰਮਾ (ਅਨੁਸ਼ਾਸਨ ਇੰਚਾਰਜ), ਨਰਿੰਦਰ ਸਿੰਘ (ਪਲਾਨਿੰਗ ਇੰਚਾਰਜ), ਸਿਮਰਦੀਪ ਕੌਰ (ਸਟੇਜ ਸਕੱਤਰ), ਸੰਤੋਸ਼ ਗੁਪਤਾ (ਮੀਡੀਆ ਇੰਚਾਰਜ), ਕਨਿਕਾ ਖੁੱਲਰ, ਜਯੋਤੀ, ਮਨਜੋਤ ਕੌਰ ਅਤੇ ਨਰਿੰਦਰ ਸਿੰਘ ( ਡੈਕੋਰੇਸ਼ਨ ਇੰਚਾਰਜ) ਆਦਿ ਦਾ ਧੰਨਵਾਦ ਕੀਤਾ, ਜਿਨ੍ਹਾਂ ਸਦਕਾ ਇਹ ਤਿਉਹਾਰ ਖੂਬਸੂਰਤ ਯਾਦਗਾਰ ਵਜੋਂ ਨੇਪਰੇ ਚਾੜ੍ਹਿਆ ਗਿਆ।



# ਮੇਹਰ ਚੰਦ ਪੋਲੀਟੈਕਨਿਕ ਕਾਲਜ 'ਚ ਨਵੇਂ ਸੈਸ਼ਨ ਦਾ ਸ਼ੁਭ ਆਰੰਭ



**ਜਲੰਧਰ (ਸ਼ੈਲੀ ਐਲਬਰਟ)** - ਮੇਹਰ ਚੰਦ ਪੋਲੀਟੈਕਨਿਕ ਕਾਲਜ (ਜਲੰਧਰ) ਵਿਖੇ ਨਵੇਂ ਸੈਸ਼ਨ ਦਾ ਸ਼ੁਭ ਆਰੰਭ ਹਵਨ ਕੁੰਢ ਵਿੱਚ ਅਹੂਤੀਆਂ ਪਾ ਕੇ ਮੰਤਰ ਉਚਾਰਣ ਨਾਲ ਕੀਤਾ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਵਿਦਿਅਰਥੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਹਾਜਰ ਸਨ। ਇਸ ਮੌਕੇ ਡੀ.ਏ.ਵੀ ਕਾਲਜ ਮੈਨੇਜਿੰਗ ਕਮੇਟੀ ਦੇ ਸੈਕਟਰੀ ਅਜੇ ਗੋਸਵਾਮੀ, ਸੀਨਅਰ ਅਲੁਮਨੀ ਮੈਂਬਰਜ਼ ਰਾਜ ਕੁਮਾਰ ਚੌਧਰੀ, ਪੀ.ਐਲ ਸ਼ਰਮਾ, ਵਿਨੋਦ ਕਪੂਰ, ਸਮੂਹ ਵਿਭਾਗ ਮੁਖੀ ਅਤੇ ਸਟਾਫ ਹਾਜਰ ਸੀ।ਇਹ ਸਮਾਗਮ ਮਹਾਤਮਾ ਆਨੰਦ ਸਵਾਮੀ ਆਡੀਟੋਰੀਅਮ ਦੀ ਬਿਲਡਿੰਗ ਵਿੱਚ ਕੀਤਾ ਗਿਆ ਜੋ ਕਿ ਨਵੇਂ ਵਿਦਿਆਰਥੀਆਂ ਨਾਲ ਖਚਾਖਚ ਭਰਿਆ ਹੋਇਆ ਸੀ ।ਹਵਨ ਦੀ ਸੰਪੂਰਣ ਪ੍ਰਕਿਰਿਆ ਸਟਾਫ ਮੈਂਬਰ ਪ੍ਰਭੂ ਦਿਆਲ ਦੀ ਦੇਖ-ਰੇਖ ਵਿਚ ਹੋਈ।ਕਾਲਜ ਦੇ ਵਿਦਿਆਰਥੀਆਂ ਨੇ ਆਪ ਹੀ ਹਵਨ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਨਵੇਂ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਹਨਾਂ ਨੇ ਕਿਹਾ ਕਿ ਮਿਹਨਤ ਲਗਨ ਅਤੇ ਦ੍ਰਿੜਤਾ ਨਾਲ ਵਿਦਿਆਰਥੀ ਚੋਟੀ ਦਾ ਮੁਕਾਮ ਹਾਸਿਲ ਕਰ ਸਕਦੇ ਹਨ।ਉਹਨਾਂ ਨੇ ਮੇਹਰ ਚੰਦ ਪੋਲੀਟੈਕਨਿਕ ਕਾਲਜ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਵਿਸ਼ੇਸ਼ ਰੂਪ ਵਿੱਚ ਪ੍ਰੇਰਿਤ ਕੀਤਾ ਕਿ ਹੁਣ ਉਹਨਾਂ ਆਪਣੇ ਆਪ ਨੂੰ ਜਿੰਮਵਾਰੀ ਤੋਂ ਮੁਕਤ ਨਹੀਂ ਸਮਝਣਾ ਚਾਹੀਦਾ। ਅੱਜੇ ਉਹਨਾਂ ਦੇ ਬੱਚਿਆਂ ਨੂੰ ਉਹਨਾਂ ਦੇ ਸਾਥ ਦੀ ਅਤੇ ਉਹਨਾਂ ਦੀ ਰਹਿਨਮਾਈ ਦੀ ਅਤਿਅੰਤ ਲੋੜ ਹੈ।ਵਿਦਿਆਰਥੀ ਨਿਮਰਤਾ, ਨਿਸ਼ਠਾ ਅਤੇ ਨਿਰੰਤਰਤਾ ਨਾਲ ਹੀ ਆਪਣੀ ਮੰਜਲ ਤੱਕ ਪਹੁੰਚ ਸਕਦੇ ਹਨ।ਮਾਪੇ-ਅਧਿਆਪਕ ਅਤੇ ਵਿਦਿਆਰਥੀਆਂ ਦੇ ਆਪਸੀ ਸਹਿਯੋਗ ਅਤੇ ਤਾਲਮੇਲ ਨਾਲ ਹੀ ਵਿਦਿਆਰਥੀ ਸਫਲਤਾ ਦੇ ਉੱਚ ਸ਼ਿਖਰ ਤੇ ਪੁਹੰਚ ਸਕਦੇ ਹਨ।ਅਜੇ ਗੋਸਵਾਮੀ, ਸੈਕਟਰੀ ਡੀ.ਏ.ਵੀ. ਕਾਲਜ ਮੈਨਜਿੰਗ ਕਮੇਟੀ ਨੇ ਕਿਹਾ ਕਿ ਉਹ ਇਸ ਕਾਲਜ ਤੋਂ ਪੜ੍ਹੇ ਹੋਏ ਹਨ ਤੇ ਉਹਨਾਂ ਲਈ ਇਹ ਕਾਲਜ ਇੱਕ ਮੰਦਰ ਵਾਂਗ ਹੈ।ਉਹਨਾਂ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਸਾਰੇ ਬੱਚਿਆਂ ਨੇ ਮਿਹਨਤ ਕਰਕੇ ਉੱਚ ਕੋਟੀ ਦਾ ਇੰਜੀਨੀਅਰ ਬਣਨਾ ਹੈ ਤੇ ਆਪਣੇ ਕਾਲਜ ਦਾ ਨਾਂਅ ਰੋਸ਼ਨ ਕਰਨਾ ਹੈ।ਉਹਨਾਂ ਹਰ ਇੱਕ ਵਿਦਿਆਰਥੀ ਨੂੰ ਆਪਣਾ ਲਕਸ਼ ਨਿਰਧਾਰਤ ਕਰਨ ਲਈ ਕਿਹਾ।ਇਸ ਉਪਰੰਤ ਸਮੂਹ ਵਿਦਿਆਰਥੀਆਂ ਨੂੰ ਕਾਲਜ ਕੈਂਪਸ ਦਾ ਰਾਊਂਡ ਲਗਵਾਇਆ ਗਿਆ ਤੇ ਲੱਡੂ ਵੰਡੇ ਗਏ।ਇਸ ਮੌਕੇ ਮੁੱਖ ਮਹਿਮਾਨ ਅਜੇ ਗੋਸਵਾਮੀ ਤੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਲੈਕਟਰੀਕਲ ਵਿਭਾਗ ਦੇ ਮੁਖੀ ਕਸ਼ਮੀਰ ਕੁਮਾਰ ਅਤੇ ਸਟਾਫ, ਐਨ.ਬੀ.ਏ ਕੋਆਰਡੀਨੇਟਰ ਡਾ. ਰਾਜੀਵ ਭਾਟੀਆ, ਮੁਖੀ ਅਪਲਾਇਡ ਸਾਇੰਸ ਮੈਡਮ ਮੰਜੂ ਮਨਚੰਦਾ, ਵਰਕਸ਼ਾਪ ਸੁਪਰਡੈਂਟ ਤ੍ਰਿਲੋਕ ਸਿੰਘ, ਮੁਖੀ ਕੰਮਪਿਊਟਰ ਵਿਭਾਗ ਪ੍ਰਿੰਸ ਮਦਾਨ ਤੇ ਦਫਤਰ ਸੁਪਰਡੈਂਟ ਪ੍ਰਦੀਪ ਕੁਮਾਰ ਨੂੰ ਇਲੈਕਟੀਕਲ ਵਿਭਾਗ ਲਈ 2027 ਤੱਕ ਐਕਰੀਡੀਟੇਸ਼ਨ (ਮਾਨਤਾ) ਹਾਸਲ ਕਰਨ ਲਈ ਸਨਮਾਨਿਤ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਲੈਕਟੀਕਲ, ਮਕੈਨੀਕਲ, ਆਟੋਮੋਬਾਇਲ ਤੇ ਫਾਰਮੇਸੀ ਵਿੱਚ ਸੀਟਾਂ ਫੁਲ ਹੋ ਗਈਆਂ ਹਨ ਤੇ ਸਿਰਫ ਸਿਵਲ , ਇਲੈਕਟ੍ਰਾਨਿਕਸ ਤੇ ਕੰਮਪਿਊਟਰ ਵਿੱਚ ਕੁਝ ਸੀਟਾਂ ਬਾਕੀ ਹਨ। ਦੱਸਵੀਂ ਪਾਸ ਵਿਦਿਆਰਥੀ 31 ਅਗਸਤ ਤੱਕ ਇਹਨਾਂ ਵਿੱਚ ਐਡਮਿਸ਼ਨ ਲੈ ਕੇ ਆਪਣਾ ਕਰੀਅਰ ਸੰਵਾਰ ਸਕਦੇ ਹਨ।

# 'ਇੱਕ ਰੁੱਖ ਸੌ ਸੁੱਖ' ਅਧੀਨ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ



**ਅੱਡਾਂ ਸਰਾਂ (ਜਸਵੀਰ ਕਾਜਲ)** ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਪੰਜਾਬ ਦੀ ਇੱਕ ਰੁੱਖ ਸੌ ਸੁੱਖ ਮੁਹਿੰਮ ਤਹਿਤ ਸ਼ਿਵਾਲਿਕ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨ ਵੱਲੋ ਬਲਾਕ ਹੁਸ਼ਿਆਰਪੁਰ-1 ਪਿੰਡ ਬਾਗਪੁਰ ਖਾਖਲੀ ਵਿਖੇ ਰੁੱਖ ਲਗਾ ਕੇ ਰੁੱਖ ਲਗਾ ਕੇ ਸ਼ੁਰੂ ਕੀਤੀ। ਇਸ ਆਰਗੇਨਾਈਜੇਸ਼ਨ ਅਧੀਨ ਆਉਦੇ ਪਿੰਡਾ ਵਿੱਚ ਵੱਧ ਤੋ ਵੱਧ ਰੁੱਖ ਲਗਾਏ ਜਾਣਗੇ ਤਾਂ ਜੋ ਵਾਤਾਵਰਣ ਨੂੰ ਬਚਾਇਆ ਜਾ ਸਕੇ। ਇਸ ਮੌਕੇ ਆਰਗੇਨਾਈਜੇਸ਼ਨ ਦੇ ਬੋਰਡ ਆਫ ਡਾਇਰੈਕਟਰ, ਸੀ.ਈ.ਓ. ਅਤੇ ਕਿਸਾਨਾ ਨੇ ਸਮੂਲੀਅਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਪੰਜਾਬ ਨੇ ਕਿਹਾ ਕਿ ਰੁੱਖ ਸਾਡੀ ਜਿੰਦਗੀ ਦਾ ਅਹਿਮ ਹਿਸਾ ਹਨ ਜੋ ਬੱਚੇ ਦੇ ਪੈਦਾ ਹੋਣ ਤੋ ਮਨੁੱਖ ਦੇ ਅੰਤ ਸਮੇ ਤੱਕ ਕੰਮ ਆਉਦੇ ਹਨ ਸਾਨੂੰ ਆਪਣੇ ਜੀਵਨ ਵਿੱਚ ਵੱਧ ਤੋ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਕੁਦਰਤ ਦਾ ਸੰਤੁਲਨ ਬਣਿਆ ਰਹਿ ਸਕੇ। ਇਸ ਮੌਕੇ ਪ੍ਰਧਾਨ ਪਰਮਜੀਤ ਸਿੰਘ ਨੇ ਕਿਹਾ ਕਿ ਐਫ.ਪੀ.ਓ. ਵੱਲੋ ਵੱਖ ਵੱਖ ਪਿੰਡਾਂ ਦੀਆਂ ਸਾਝੀਆਂ ਥਾਵਾਂ 'ਤੇ 1100 ਤੋਂ ਵੱਧ ਬੂਟੇ ਲਗਾਏ ਜਾਣਗੇ। ਇਸ ਮੌਕੇ ਸੰਬੋਧਨ ਕਰਦਿਆਂ ਬਲਜੀਤ ਸਿੰਘ ਢੱਡਾ ਬੀ ਉ ਡੀ ਨੇ ਕਿਹਾ ਕਿ ਰੁੱਖ ਬਹੁਤ ਲਾਭਦਾਇਕ ਹਨ ਜੋ ਸਾਨੂੰ ਆਕਸੀਜਨ ਮੁਹੱਈਆ ਕਰਵਾਉਦੇ ਹਨ ਜੋ ਸਾਡੇ ਜੀਵਨ ਦਾ ਅਧਾਰ ਹੈਹੈ। ਇਸ ਮੌਕੇ ਪੱਪੀ ਬਹਿਲ ਬੀ ਉ ਡੀ ਨੇ ਕਿਹਾ ਕਿ ਸਾਡੀ ਜਿੰਦਗੀ ਦੇ ਬਹੁਤ ਸਾਰੇ ਪੱਖ ਰੁੱਖਾਂ 'ਤੇ ਨਿਰਭਰ ਕਰਦੇ ਹਨ ਇਨ੍ਹਾਂ ਤੋਂ ਮਨੁੱਖੀ ਲੋੜਾਂ ਦੀ ਪੂਰਤੀ ਹੁੰਦੀ ਹੈਹੈ। ਇਸ ਮੌਕੇ ਸੁਮਨਾ ਦੇਵੀ ਸੀ.ਈ.ਓ. ਬਲਾਕ ਟਾਂਡਾ ਅਤੇ ਬਲਵਿੰਦਰ ਕੌਰ ਸੀ.ਈ.ਓ.ਸ਼ਿਵਾਲਿਕ ਐਫ.ਪੀ.ਓ.ਨੇ ਰੁੱਖਾਂ ਦੀ ਮਹੱਤਤਾ ਬਾਰੇ ਦੱਸਦਿਆਂ ਵੱਧ ਤੋ ਵੱਧ ਰੁੱਖ ਲਗਾਉਣ ਦੀ ਅਪੀਲ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੁਲਵਿੰਦਰ ਕੌਰ ਸੀ.ਈ.ਓ. ਕੰਡੀ ਐਫ.ਪੀ.ਓ. ਦਸੂਹਾ, ਕੁਲਵਿੰਦਰ ਕੌਰ ਸੀ.ਈ.ਓ. ਹਰਿਆਲੀ ਐਫ.ਪੀ.ਓ. ਹੁਸ਼ਿਆਰਪੁਰ-2, ਨਰੇਸ਼ ਕੁਮਾਰ, ਗੁਰਨਾਮ ਸਿੰਘ, ਬਲਵੀਰ ਸਿੰਘ ਸਾਰੇ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ. ਅਤੇ ਸੁਨੀਤਾ ਦੇਵੀ ਆਦਿ ਹਾਜ਼ਰ ਸਨ।

# ਐੱਸ ਡੀ ਐੱਮ ਨੇ ਕੀਤੀ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ



**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਿਵੀਜ਼ਨ ਕਸਬਾ ਭੁਲੱਥ 'ਚ ਰੁੱਖ ਲਗਾਓ ਵਾਤਾਵਰਨ ਬਚਾਓ ਟੀਮ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਤਹਿਤ ਸ਼ੁਰੂਆਤ ਟੀਮ ਦੇ ਸਰਪ੍ਰਸਤ ਲੇਖਕ ਮੇਹਰ ਚੰਦ ਸਿੱਧੂ ਤੇ ਮਨਜੀਤ ਸਿੰਘ ਚੀਮਾ ਦੀ ਅਗਵਾਈ ਵਿੱਚ ਆਜ਼ਾਦ ਸਿੱਧੂ ਦੀ ਪ੍ਰਧਾਨਗੀ ਹੇਠ ਕੀਤੀ ਗਈ।ਰੁੱਖ ਲਗਾਉਣ ਦੀ ਮੁਹਿੰਮ ਐਸ.ਡੀ.ਐਮ ਭੁਲੱਥ ਨਵਨੀਤ ਕੌਰ ਬੱਲ ਵੱਲੋਂ ਤਹਿਸੀਲ ਭੁਲੱਥ 'ਚ ਬੂਟਾ ਲਗਾ ਕੇ ਕੀਤੀ ਗਈ । ਇਸ ਮੌਕੇ ਐਸ.ਡੀ.ਐਮ ਨੇ ਵਾਤਾਵਰਨ ਦੀ ਸਾਂਭ ਸੰਭਾਲ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਵੱਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਸਬੰਧੀ ਤੇ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ, ਜਿਸ ਕਰਕੇ ਇਨਸਾਨ ਦਾ ਫਰਜ਼ ਬਣਦਾ ਹੈ, ਕਿ ਉਹ ਬੂਟੇ ਲਗਾ ਕੇ ਵਾਤਾਵਰਨ ਦੀ ਸਾਂਭ ਸੰਭਾਲ 'ਚ ਆਪਣਾ ਯੋਗਦਾਨ ਪਾਵੇ । ਇਸ ਮੌਕੇ ਲੇਖਕ ਮੇਹਰ ਚੰਦ ਸਿੱਧੂ ਨੇ ਕਿਹਾ ਕਿ ਸਾਡੀ ਟੀਮ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਲਗਾਤਾਰ ਜਾਰੀ ਰਹੇਗੀ, ਕਿਉਂਕਿ ਰੁੱਖਾਂ ਤੋਂ ਸਾਨੂੰ ਆਕਸੀਜਨ ਮਿਲਦੀ ਹੈ, ਜਿਸ ਕਰਕੇ ਪ੍ਰਦੂਸ਼ਣ ਰਹਿਤ ਵਾਤਾਵਰਨ ਬਚਾਉਣ ਲਈ ਰੁੱਖਾਂ ਦਾ ਅਹਿਮ ਰੋਲ ਹੋਇਆ ਕਰਦਾ ਹੈ । ਮਨਜੀਤ ਸਿੰਘ ਨੇ ਕਿਹਾ ਕਿ ਸਾਡੀ ਸਾਰੀ ਟੀਮ ਦੇ ਮੈਂਬਰ ਵਾਤਾਵਰਨ ਪ੍ਰੇਮੀ ਹੋਣ ਕਰਕੇ ਰੁੱਖ ਲਗਾਉਣਾ ਆਪਣਾ ਫਰਜ਼ ਸਮਝਦੇ ਹਨ । ਇਸ ਮੌਕੇ ਹੋਰਨਾਂ ਤੋਂ ਇਲਾਵਾ ਤਹਿਸੀਲਦਾਰ ਭੁਲੱਥ ਪਵਨ ਕੁਮਾਰ ਸ਼ਰਮਾ, ਟੀਮ ਦੇ ਸੈਕਟਰੀ ਮਨਪ੍ਰੀਤ ਸਿੰਘ, ਅਰਸ਼ ਧਾਲੀਵਾਲ ਰਾਏਪੁਰ ਪੀਰ ਬਖਸ ਵਾਲਾ ਤੇ ਗੌਰਵ ਸਿੱਧੂ ਹਾਜ਼ਰ ਸਨ।

# ਸਿਲਵਰ ਓਕ ਸਕੂਲ ਵਿਖੇ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਸੈਮੀਨਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**-ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਬੱਚਿਆਂ ਲਈ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ ਜਿਸ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਲਈ ਦੋ ਪਹੀਆ ਜਾਂ ਚਾਰ ਪਹੀਆ ਵਾਹਨ ਚਲਾਉਣ ਦੀ ਮਨਾਹੀ ਸਬੰਧੀ ਪੰਜਾਬ ਪੁਲਸ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਹੇਠ ਹੋਈ ਇਸ ਵਰਕਸ਼ਾਪ ਦੇ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੁਲਸ ਅਧਿਕਾਰੀਆਂ ਵੱਲੋਂ ਬੱਚਿਆਂ ਨੂੰ ਮੋਟਰ ਵਹੀਕਲ ਐਕਟ 2019 ਦੇ ਵਿੱਚ ਜੋ ਅਮੈਂਡਮੈਂਟ ਹੋਈਆਂ ਉਨਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ 1 ਅਗਸਤ 2024 ਤੋਂ ਇਹ ਕਾਨੂੰਨ ਲਾਗੂ ਹੋ ਚੁੱਕਾ ਹੈ ਕਿ ਜੋ 18 ਸਾਲ ਤੋਂ ਘੱਟ ਉਮਰ ਦੇ ਬੱਚੇ ਬਾਈਕ ਜਾਂ ਚਾਰ ਪਹੀਆ ਵਾਹਨ ਚਲਾਉਂਦੇ ਫੜੇ ਜਾਣਗੇ, ਉਹਨਾਂ ਦੇ ਮਾਪਿਆਂ ਦੇ ਖਿਲਾਫ ਪੁਲਸ ਵਲੋਂ ਐਕਸ਼ਨ ਲਿਆ ਜਾਵੇਗਾ।ਇਸ ਮੌਕੇ 'ਤੇ ਪੰਜਾਬ ਪੁਲਸ ਵੱਲੋਂ ਰਮੇਸ਼ ਕੁਮਾਰ, ਬਲਜਿੰਦਰ ਸਿੰਘ ਅਤੇ ਹੋਰ ਕਈ ਪੁਲਸ ਅਧਿਕਾਰੀ ਵੀ ਬੱਚਿਆਂ ਨੂੰ ਜਾਗਰੂਕ ਕਰਨ ਦੇ ਲਈ ਇਸ ਵਰਕਸ਼ਾਪ ਵਿੱਚ ਸ਼ਾਮਿਲ ਹੋਏ। ਉਨਾਂ ਜਾਣਕਾਰੀ ਦਿੱਤੀ ਕਿ ਇਸ ਐਕਟ ਦੇ ਅਧੀਨ ਜੇਕਰ ਕੋਈ ਬੱਚਾ ਜੋ 18 ਸਾਲ ਤੋਂ ਥੱਲੇ ਦੀ ਉਮਰ ਦਾ ਹੈ ਬਾਈਕ ਜਾਂ ਕਾਰ ਚਲਾਉਂਦਾ ਫੜਿਆ ਗਿਆ ਜਾਂ ਕਿਸੇ ਤਰ੍ਹਾਂ ਦਾ ਵੀ ਵਾਹਨ ਚਲਾਉਂਦਾ ਫੜਿਆ ਗਿਆ ਉਸ ਦੇ ਪਿਤਾ ਨੂੰ 25 ਹਜਾਰ ਰੁਪਏ ਜੁਰਮਾਨਾ ਅਤੇ ਤਿੰਨ ਸਾਲ ਤੱਕ ਦੀ ਕੈਦ ਵੀ ਹੋ ਸਕਦੀ ਹੈ। ਇਸ ਦੇ ਨਾਲ ਹੀ ਦੱਸਿਆ ਗਿਆ ਕਿ ਜੇਕਰ ਕੋਈ ਬਾਈਕ ਕਿਸੇ ਕੋਲੋਂ ਮੰਗੀ ਹੋਈ ਬਾਈਕ ਅਗਰ ਕੋਈ 18 ਸਾਲ ਤੋਂ ਘੱਟ ਉਮਰ ਤਾਂ ਬੱਚਾ ਚਲਾਉਂਦਾ ਫੜਿਆ ਜਾਂਦਾ ਹੈ ਤਾਂ ਉਸ ਵਾਹਨ ਦੇ ਮਾਲਕ ਨੂੰ ਕਾਨੂੰਨ ਸਜਾ ਹੋ ਸਕਦੀ ਹੈ। ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਬੱਚਿਆਂ ਨੂੰ ਸਮਝਾਉਂਦੇ ਹੋਏ ਦੱਸਿਆ ਕਿ ਜਦ ਤੱਕ ਅਸੀਂ 18 ਸਾਲ ਦੇ ਨਹੀਂ ਹੋ ਜਾਂਦੇ ਤਦ ਤੱਕ ਸਾਨੂੰ ਚਾਹੀਦਾ ਹੈ ਕਿ ਜੇ ਅਸੀਂ ਕਿਸੇ ਜਗ੍ਹਾ 'ਤੇ ਵੀ ਜਾਣਾ ਹੈ ਤਾਂ ਆਪਣੇ ਮਾਪਿਆਂ ਦੇ ਨਾਲ ਹੀ ਜਾਈਏ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਆਪਣੇ ਵੱਲੋਂ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਸੇ ਵੀ ਮਾਈਨਰ ਬੱਚੇ ਦੇ ਹੱਥ ਦੇ ਵਿੱਚ ਬਾਈਕ ਜਾਂ ਕੋਈ ਵਾਹਨ ਨਾ ਦਿੱਤਾ ਜਾਵੇ ਤਾਂ ਜੋ ਨਿਤ ਅਖਬਾਰਾਂ ਦੇ ਵਿੱਚ ਜੋ ਅਸੀਂ ਦੁਰਘਟਨਾਵਾਂ ਬਾਰੇ ਪੜ੍ਹਦੇ ਹਾਂ ਉਹਨਾਂ ਨੂੰ ਕਿਸੇ ਹੱਦ ਤੱਕ ਰੋਕਿਆ ਜਾ ਸਕੇ ਇਹ ਸਰਕਾਰ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਤੇ ਅਸੀਂ ਸਰਕਾਰ ਦੇ ਇਸ ਉਪਰਾਲੇ ਵਿੱਚ ਪੂਰਨ ਤੌਰ 'ਤੇ ਉਹਨਾਂ ਨੂੰ ਸਹਿਯੋਗ ਦੇਣ ਲਈ ਵਚਨਬੱਧ ਹਾਂ। ਇਸ ਮੌਕੇ 'ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਇਕਬਾਲ, ਗੁਰਪ੍ਰੀਤ, ਸੁਮਿਤ, ਬਲਜੀਤ, ਪਰਮਜੀਤ, ਰਾਜਵੀਰ, ਰਾਜਵਿੰਦਰ, ਗੁਰਦੇਵ ਸਿੰਘ, ਹਰਜੀਤ ਸਿੰਘ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਈ ਓ ਨੇ ਲਿਆ ਗਰਾਊਂਡ ਸਫਾਈ ਦਾ ਜਾਇਜ਼ਾ

**ਭੁਲੱਥ (ਮਨਪ੍ਰੀਤ ਸਿੰਘ)**-ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਸਰਕਾਰੀ ਕਾਲਜ ਦੀ ਗਰਾਊਂਡ 'ਚ ਆਜ਼ਾਦੀ ਦਿਵਸ ਮੌਕੇ ਹੋਣ ਵਾਲੇ ਸਮਾਗਮ ਸਬੰਧੀ ਕਾਰਜ ਸਾਧਕ ਅਫਸਰ ਭੁਲੱਥ ਵੱਲੋਂ ਸਾਫ ਸਫਾਈ ਦਾ ਜਾਇਜਾ ਲਿਆ ਗਿਆ । ਇਸ ਮੌਕੇ ਨਗਰ ਪੰਚਾਇਤ ਭੁਲੱਥ ਦੇ ਸਫਾਈ ਕਰਮਚਾਰੀਆਂ ਵੱਲੋਂ ਗਰਾਊਂਡ ਦੀ ਸਫਾਈ ਕਰਦਿਆਂ ਪੁਖਤਾ ਪ੍ਰਬੰਧ ਕੀਤੇ ਗਏ । ਇਸ ਮੌਕੇ ਕਾਰਜ ਸਾਧਕ ਅਫਸਰ ਰਣਧੀਰ ਸਿੰਘ ਵੜੈਚ ਨੇ ਕਿਹਾ ਕਿ ਆਜ਼ਾਦੀ ਦਿਵਸ ਸਬੰਧੀ ਹੋਣ ਵਾਲੇ ਸਮਾਗਮ ਨੂੰ ਲੈ ਕੇ ਕਾਲਜ ਦੀ ਗਰਾਊਂਡ ਦੀ ਸਾਫ ਸਫਾਈ ਤੇ ਕਸਬੇ ਅੰਦਰ ਸਫਾਈ ਕਰਮਚਾਰੀਆਂ ਵੱਲੋਂ ਸਾਫ ਸਫਾਈ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਮੌਕੇ ਨਗਰ ਪੰਚਾਇਤ ਭੁਲੱਥ ਦੇ ਕਰਮਚਾਰੀ ਚੰਦਰ ਸ਼ੇਖਰ, ਡੈਨੀਅਲ, ਪ੍ਰਕਾਸ਼ ਤੇ ਹੋਰ ਕਰਮਚਾਰੀ ਹਾਜ਼ਰ ਸਨ।



# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ 15 ਨੂੰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਅਜ਼ਾਦੀ ਦਿਵਸ ਵਾਲੇ ਦਿਨ 15 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਉਹਨਾਂ ਦੀ ਰਹਾਇਸ਼ ਅੱਗੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ । ਜਿਸ ਦੌਰਾਨ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸਿਰਾਂ ਤੇ ਕਾਲੀਆਂ ਚੁੰਨੀਆਂ ਲੈ ਕੇ ਪੁੱਜਣਗੀਆਂ ।ਇਹ ਜਾਣਕਾਰੀ ਯੂਨੀਅਨ ਦੇ ਬਲਾਕ ਪ੍ਰਧਾਨ ਰਣਜੀਤ ਕੌਰ ਨੂਰਮਹਿਲ ਨੇ ਦਿੱਤੀ । ਉਹਨਾਂ ਕਿਹਾ ਕਿ ਇਹ ਰੋਸ ਪ੍ਰਦਰਸ਼ਨ ਪੰਜਾਬ ਭਰ ਦੇ ਆਂਗਣਵਾੜੀ ਸੈਂਟਰਾਂ ਵਿੱਚ ਲਾਭਪਾਤਰੀਆਂ ਲਈ ਆ ਰਹੇ ਘਟੀਆ ਕੁਆਲਿਟੀ ਦੇ ਮਾੜੇ ਰਾਸ਼ਨ ਦੇ ਖਿਲਾਫ ਕੀਤਾ ਜਾ ਰਿਹਾ ਹੈ । ਉਹਨਾਂ ਕਿਹਾ ਕਿ ਇਹ ਰਾਸ਼ਨ ਜੋ ਪ੍ਰਾਈਵੇਟ ਕੰਪਨੀਆਂ ਤੋਂ ਲਿਆ ਜਾ ਰਿਹਾ ਹੈ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਪਹਿਲਾਂ ਦੀ ਤਰ੍ਹਾਂ ਸਰਕਾਰੀ ਅਦਾਰੇ ਵੇਰਕਾ ਦੀ ਪੰਜੀਰੀ , ਸੁੱਕਾ ਦੁੱਧ ਅਤੇ ਮਾਰਕਫੈਡ ਰਾਹੀਂ ਕਣਕ ਤੇ ਚਾਵਲ ਦਿੱਤੇ ਜਾਣ ਤਾਂ ਜੋ ਬੱਚਿਆਂ ਅਤੇ ਮਾਵਾਂ ਨੂੰ ਪਿਛਲੇਂ ਸਮੇਂ ਦੀ ਤਰ੍ਹਾਂ ਦਿੱਤਾ ਜਾਵੇ । ਜਿੰਨਾਂ ਚਿਰ ਮਾੜਾ ਰਾਸ਼ਨ ਬੰਦ ਨਹੀਂ ਹੁੰਦਾ ਤੇ ਸੈਂਟਰਾਂ ਵਿੱਚ ਤਾਜ਼ਾ ਖਾਣਾ ਬਣਾਉਣ ਦੀ ਵਿਵਸਥਾ ਨਹੀਂ ਕੀਤੀ ਜਾਂਦੀ ਉਦੋਂ ਤੱਕ ਜਥੇਬੰਦੀ ਦਾ ਸੰਘਰਸ਼ ਜਾਰੀ ਰਹੇਗਾ ।ਇਸ ਤੋਂ ਇਲਾਵਾ ਆਂਗਣਵਾੜੀ ਸੈਂਟਰਾਂ ਦੇ ਬੱਚੇ ਜੋ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬਿਠਾਏ ਜਾ ਰਹੇ ਹਨ ਨੂੰ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜਿਆ ਜਾਵੇ ਅਤੇ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ । ਜਥੇਬੰਦੀ ਦੀ ਇਹ ਵੀ ਮੰਗ ਹੈ ਕਿ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀਆਂ ਸੇਵਾਵਾਂ ਤੁਰੰਤ ਬਹਾਲ ਕੀਤੀਆਂ ਜਾਣ ।

# ਸਤਲੁਜ ਦਰਿਆ 'ਚ 21 ਹਜ਼ਾਰ ਕਿਊਸਿਕ ਪਾਣੀ



**ਫਿਲੌਰ (ਨਿਰਮਲ)** ਸਤਲੁਜ ਦਰਿਆ ਵਿੱਚ ਭਾਰੀ ਮਾਤਰਾ ਵਿੱਚ ਪਾਣੀ ਪੁੱਜ ਜਾਣ ਕਾਰਨ ਦਰਿਆ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵਿੱਚ ਭਾਰੀ ਪ੍ਰੇਸ਼ਾਨੀ ਪਾਈ ਜਾ ਰਹੀ ਸੀ ਐਸ ਡੀ ਐਮ ਫਿਲੌਰ ਅਮਨ ਪਾਲ ਸਿੰਘ ਨੇ ਦੱਸਿਆ ਕਿ ਦਰਿਆ ਵਿੱਚ ਪਹਿਲਾਂ 31 ਹਜ਼ਾਰ ਕਿਉਸਿਕ ਪਾਣੀ ਚੱਲ ਰਿਹਾ ਸੀ ਜੋ ਅੱਜ ਘੱਟ ਕੇ 21 ਹਜਾਰ ਕਿਊਸਿਕ ਰਹਿ ਗਿਆ ਹੈ ਉਨ੍ਹਾਂ ਨੇੜੇ ਲੱਗਦੇ ਕਿਸਾਨਾਂ ਅਤੇ ਪਿੰਡਾਂ ਦੇ ਵਾਸੀਆਂ ਨੂੰ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ। ਡਰੇਨਿਜ ਵਿਭਾਗ ਦਿਨ ਰਾਤ ਸਤਲੁਜ ਦਰਿਆ 'ਤੇ ਪਹਿਰਾ ਦੇ ਰਿਹਾ ਹੈ।

# ਨਵੀਂ ਦਿੱਲੀ ਵਿਖੇ ਸੁਤੰਤਰਤਾ ਸਮਾਰੋਹ ਲਈ ਰਿਆਤ ਬਾਹਰਾ 'ਵਰਸਿਟੀ ਦੇ ਦੋ ਐੱਨ ਐੱਸ ਐੱਸ ਵਲੰਟੀਅਰਾਂ ਦੀ ਚੋਣ

**ਕੁਰਾਲੀ (ਮੋਹਨ ਅੱਗਰਵਾਲ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਦੋ ਐਨ ਐਸ ਐਸ ਵਾਲੰਟੀਅਰ ਸਾਹਿਬਦੀਪ ਸਿੰਘ ਅਤੇ ਜ਼ੋਇਆ ਪਰਵੇਜ਼ ਨੂੰ ਨਵੀਂ ਦਿੱਲੀ



ਵਿਖੇ 78ਵੇਂ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ ਹੈ।ਉਨ੍ਹਾਂ ਦੀ ਚੋਣ ਯੂਨੀਵਰਸਿਟੀ ਲਈ ਬਹੁਤ ਮਾਣ ਵਾਲੀ ਗੱਲ ਹੈ ਕਿਉਂਕਿ ਉਹ ਪੂਰੇ ਪੰਜਾਬ ਰਾਜ ਵਿੱਚੋਂ ਚੁਣੇ ਗਏ 15 ਵਲੰਟੀਅਰਾਂ ਵਿੱਚੋਂ ਹਨ।ਇਸ ਵੱਕਾਰੀ ਸਮਾਗਮ ਵਿੱਚ ਪ੍ਰਧਾਨ ਮੰਤਰੀ, ਨਰੇਂਦਰ ਮੋਦੀ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲੇਗਾ।ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਵੀ ਸਾਹਿਬਦੀਪ ਸਿੰਘ ਅਤੇ ਜ਼ੋਇਆ ਪਰਵੇਜ਼ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਮਾਣ ਜ਼ਾਹਰ ਕਰਦੇ ਹੋਏ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ । ਬਾਹਰਾ ਨੇ ਵਿਦਿਆਰਥੀਆਂ ਨੂੰ ਉਹਨਾਂ ਦੇ ਯਤਨਾਂ ਵਿੱਚ ਸਹਿਯੋਗ ਦੇਣ ਅਤੇ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਦੁਹਰਾਇਆ।ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੱਤੀ ਤੇ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਅਤੇ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।ਉਹਨਾਂ ਨੇ ਐਨ.ਐਸ.ਐਸ. ਦੇ ਕੋਆਰਡੀਨੇਟਰ ਪ੍ਰੋ.ਏ.ਐਸ.ਚਾਹਲ ਦੁਆਰਾ ਕੀਤੇ ਗਏ ਯਤਨਾਂ ਦੀ ਵੀ ਸ਼ਲਾਘਾ ਕੀਤੀ।

# 18 ਸਤੰਬਰ ਦੀ ਰੈਲੀ 'ਚ ਪੈਨਸ਼ਨਰ ਹੋਣਗੇ ਸ਼ਾਮਲ : ਕੌੜਾ



**ਫ਼ਗਵਾੜਾ (ਡਾ. ਰਮਨ)** ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਫ਼ਗਵਾੜਾ ਵਿਖੇ ਕੀਤੀ ਗਈ। ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ 10 ਅਗਸਤ ਦੀ ਮੀਟਿੰਗ ਦੇ ਫੈਸਲਿਆਂ ਅਨੁਸਾਰ 18 ਅਗਸਤ ਨੂੰ ਚੱਬੇਵਾਲ ਅਤੇ ਬਰਨਾਲਾ, 08 ਸਤੰਬਰ ਨੂੰ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਦੀਆਂ ਜ਼ਿਮਨੀ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰੈਲੀਆਂ ਕੀਤੀਆਂ ਜਾ ਰਹੀਆਂ ਹਨ।ਜੇ ਮੁੱਖ ਮੰਤਰੀ 22 ਅਗਸਤ ਨੂੰ ਪਹਿਲਾਂ ਵਾਂਗ ਹੀ ਮੀਟਿੰਗ ਕਰਨ ਤੋਂ ਭੱਜਦੇ ਹਨ ਤਾਂ 22-23 ਅਗਸਤ ਨੂੰ ਸਮੁੱਚੇ ਪੰਜਾਬ ਵਿੱਚ ਪੰਜਾਬ ਸਰਕਾਰ ਦੇ ਝੂਠ ਦੀਆਂ ਪੰਡਾਂ ਫੂਕ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਵੇਗਾ।ਸਾਥੀ ਕੌੜਾ ਨੇ ਕਿਹਾ ਕਿ 18 ਅਗਸਤ ਦੀ ਚੱਬੇਵਾਲ ਰੈਲੀ ਵਿੱਚ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਤਲ ਰਾਮ ਬੰਗਾ,,ਗੁਰਦੀਪ ਕੁਮਾਰ ਜੱਸੀ,ਕੇ ਕੇ ਪਾਂਡੇ,ਕ੍ਰਿਸ਼ਨ ਗੋਪਾਲ ਚੋਪੜਾ, ਪਿਆਰਾ ਰਾਮ ਪਲਾਹੀ,ਬਲਵੀਰ ਸਿੰਘ ਭੁਲਾਰਾਈ, ਹਰਭਜਨ ਲਾਲ ਕੌਲ ਆਦਿ ਹਾਜ਼ਰ ਸਨ

# ਮਜ਼ਬੂਤ ਜਥੇਬੰਦੀ ਨਾਲ ਹੀ ਲੋਕਾਂ ਦੇ ਮਸਲਿਆਂ ਲਈ ਲੜਿਆ ਜਾ ਸਕਦੈ : ਬਲਦੇਵ ਨੂਰਪੁਰੀ

## ਗਰੀਬ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ ਮਾਨ ਸਰਕਾਰ : ਦਰਸ਼ਨ ਨਾਹਰ





**ਸ਼ਾਹਕੋਟ (ਗਿਆਨ ਸੈਦਪੁਰੀ)**—ਦਿਹਾਤੀ ਮਜ਼ਦੂਰ ਸਭਾ ਤਹਿਸੀਲ ਨਕੋਦਰ ਦੀ ਜਥੇਬੰਦਕ ਕਾਨਫਰੰਸ ਪਿੰਡ ਮਾਹੂੰਵਾਲ ਸਾਥੀ ਬਲਵੀਰ ਸਿੰਘ ਰਸੂਲਪੁਰ ਦੀ ਪ੍ਰਧਾਨਗੀ ਹੇਠ ਹੋਈ। ਕਾਨਫਰੰਸ ਦਾ ਉਦਘਾਟਨ ਕਰਦਿਆਂ ਜਥੇਬੰਦੀ ਦੇ ਸੂਬਾ ਜੁਆਇੰਟ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੇਸ਼ ਦੀ ਆਜ਼ਾਦੀ ਲਈ ਦੇਸ਼ ਭਗਤਾਂ, ਗ਼ਦਰੀ ਬਾਬਿਆਂ, ਬੱਬਰ ਅਕਾਲੀਆਂ ਅਤੇ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕੁਰਬਾਨੀਆਂ ਕੀਤੀਆਂ। ਉਨ੍ਹਾਂ ਚਿਤਵਿਆ ਸੀ ਕਿ ਆਜ਼ਾਦੀ ਤੋਂ ਬਾਅਦ ਲੋਕਾਂ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ ਦੀਆਂ ਪੂਰੀਆਂ ਹੋਣਗੀਆਂ। ਪਰ ਰਾਜਸਤਾ 'ਤੇ ਕਾਬਜ਼ ਹਾਕਮਾਂ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਕਾਰਨ ਦੇਸ਼ ਵਿੱਚ ਗਰੀਬੀ , ਬੇਕਾਰੀ ਅਤੇ ਮਹਿੰਗਾਈ ਵਧਦੀ ਗਈ ਲੋਕ ਦੋ ਡੰਗ ਦੀ ਰੋਟੀ ਤੋਂ ਆਤਰ ਹੋ ਗਏ। ਇਨ੍ਹਾਂ ਹਾਲਾਤਾਂ ਵਿੱਚ ਦਿਹਾਤੀ ਮਜ਼ਦੂਰ ਸਭਾ ਦਾ ਗਠਨ ਕੀਤਾ ਗਿਆ ਸੀ । ਜਥੇਬੰਦੀ ਨੇ ਮਜ਼ਦੂਰਾਂ ਦੀਆਂ ਮੰਗਾਂ ਤੇ ਮਸਲਿਆਂ ਦੀ ਨਿਸ਼ਾਨਦੇਹੀ ਕਰਕੇ ਤਿੱਖੇ ਸੰਘਰਸ਼ ਕੀਤੇ ਤੇ ਕੁਝ ਪ੍ਰਾਪਤੀਆਂ ਵੀ ਕੀਤੀਆਂ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਮਨਰੇਗਾ ਦੇ ਬਜਟ ਵਿੱਚ ਹਰ ਸਾਲ ਕਟੌਤੀ ਕਰਕੇ ਰੁਜ਼ਗਾਰ ਤੋਂ ਵਾਂਝੇ ਕੀਤਾ ਜਾ ਰਿਹਾ ਹੈ, ਕੀਤੇ ਕੰਮਾਂ ਦੇ ਪੈਸੇ ਨਹੀਂ ਮਿਲ ਰਹੇ ਹਨ ।ਮਿਹਨਤੀ ਲੋਕਾਂ ਨੇ ਸੰਘਰਸ਼ਾਂ ਰਾਹੀਂ ਬਣਵਾਏ ਕਿਰਤ ਕਾਨੂੰਨਾਂ ਵਿੱਚ ਸੋਧਾਂ ਦੇ ਨਾਂਅ 'ਤੇ 44 ਕਿਰਤ ਕਾਨੂੰਨਾਂ ਨੂੰ ਤੋੜ ਕੇ 4 ਕੋਡ ਬਣਾ ਕੇ ਅਜਾਰੇਦਾਰਾਂ ਨੂੰ ਲੁੱਟ ਕਰਨ ਦੀਆਂ ਖੁੱਲਾਂ ਦੇ ਦਿੱਤੀਆਂ ਗਈਆਂ ਹਨ ਤੇ ਕਾਰਪੋਰੇਟ ਘਰਾਣਿਆਂ ਨੂੰ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਵੇਚ ਦਿੱਤੇ ਹਨ। ਜਥੇਬੰਦੀ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਂਅ 'ਤੇ ਆਈ ਭਗਵੰਤ ਮਾਨ ਸਰਕਾਰ ਨੇ ਮਜ਼ਦੂਰਾਂ ਨੂੰ ਕਈ ਗਰੰਟੀਆਂ ਦਿੱਤੀਆਂ ਪਰ ਪੂਰੀਆਂ ਨਹੀਂ ਕੀਤੀਆਂ ਗਈਆਂ। ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਵਾਲੀ ਗਰੰਟੀ ਮਜ਼ਾਕ ਬਣ ਕੇ ਰਹਿ ਗਈ ਹੈ । ਬੁਢਾਪਾ ਵਿਧਵਾ ਅੰਗਹੀਣਾਂ ਤੇ ਆਸ਼ਰਿਤਾਂ ਦੀਆਂ ਪੈਨਸ਼ਨਾਂ ਵਿੱਚ ਵਾਧਾ ਨਹੀਂ ਕੀਤਾ ਜਾ ਰਿਹਾ। ਗਰੀਬ ਲੋਕਾਂ ਦੇ ਕੱਟੇ ਹੋਏ ਨੀਲੇ ਕਾਰਡ ਬਹਾਲ ਨਹੀਂ ਕੀਤੇ ਜਾ ਰਹੇ ਤੇ ਨਾ ਹੀ ਰਹਿੰਦੇ ਨਵੇਂ ਕਾਰਡ ਬਣਾਏ ਜਾ ਰਹੇ ਹਨ, ਬੇਘਰਿਆਂ ਨੂੰ ਰਿਹਾਇਸ਼ੀ ਪਲਾਟ ਨਹੀਂ ਦਿੱਤੇ ਜਾ ਰਹੇ । ਸਭਾ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਮਲਸੀਆਂ ਅਤੇ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਮਨੋਹਰ ਸਿੰਘ ਗਿੱਲ ਅਤੇ ਦਲਵਿੰਦਰ ਸਿੰਘ ਕੁਲਾਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕਾਨਫਰੰਸ ਸ਼ਾਮਲ ਡੈਲੀਗੇਟਾਂ ਨੇ ਉਸਾਰੂ ਬਹਿਸ ਕਰਕੇ ਭਰਪੂਰ ਹਿੱਸਾ ਪਾਇਆ। ਤਹਿਸੀਲ ਸਕੱਤਰ ਵਲੋਂ ਪੇਸ਼ ਰਿਪੋਰਟ ਸਰਵਸੰਮਤੀ ਨਾਲ ਪਾਸ ਕੀਤੀ ਗਈ। ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ ਨੇ 21 ਮੈਂਬਰੀ ਨਵੀਂ ਤਹਿਸੀਲ ਕਮੇਟੀ ਦਾ ਪੈਨਲ ਪੇਸ਼ ਕੀਤਾ 20 ਸੀਟਾਂ ਪੁਰ ਕਰ ਲਈਆਂ ਗਈਆਂ ਇੱਕ ਸੀਟ ਖਾਲੀ ਰੱਖੀ ਗਈ ਜਿਸ ਵਿਚ ਸਤਪਾਲ ਸਹੋਤਾ ਪ੍ਰਧਾਨ, ਬਲਕਾਰ ਸਿੰਘ ਨੂਰਪੁਰ ਸੀਨੀਅਰ ਮੀਤ ਪ੍ਰਧਾਨ, ਦੇਵ ਮੱਲੀਆਂ , ਨਛੱਤਰ ਨਾਹਰ ਸਰਬਜੀਤ ਢੇਰੀਆਂ ਮੀਤ ਪ੍ਰਧਾਨ, ਬਲਵੀਰ ਕਾਲਾ ਰਸੂਲਪੁਰ ਸਕੱਤਰ, ਦਲਵੀਰ ਸਹੋਤਾ, ਗੁਰਪ੍ਰੀਤ ਗੋਰਾ, ਹਰਜਿੰਦਰ ਬਜੂਹਾ ਜੁਆਇੰਟ ਸਕੱਤਰ ਅਤੇ ਬਖਸ਼ੀ ਪੰਡੋਰੀ ਖਜਾਨਚੀ ਚੁਣੇ ਗਏ। ਨਵੇਂ ਚੁਣੇ ਪ੍ਰਧਾਨ ਨੇ ਆਏ ਡੈਲੀਗੇਟਾਂ ਅਤੇ ਨਗਰ ਨਿਵਾਸੀ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਨੰਬਰਦਾਰ ਯੂਨੀਅਨ ਦੇ ਵਿਹੜੇ ਓਲੰਪੀਅਨ ਪਰਗਟ ਸਿੰਘ ਲਹਿਰਾਉਣਗੇ ਤਿਰੰਗਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਜਾਣਕਾਰੀ ਦਿੱਤੀ ਕਿ ਓਲੰਪੀਅਨ, ਪਦਮਸ਼੍ਰੀ ਅਤੇ ਅਰਜੁਨ ਐਵਾਰਡੀ, ਹਾਕੀ ਦੇ ਸਾਬਕਾ ਕਪਤਾਨ, ਸਾਬਕਾ ਮੰਤਰੀ ਅਤੇ ਜਲੰਧਰ ਕੈਂਟ ਤੋਂ ਕਾਂਗਰਸ ਪਾਰਟੀ ਦੇ ਮੌਜੂਦਾ ਵਿਧਾਇਕ ਪਰਗਟ ਸਿੰਘ ਬਤੌਰ ਮੁੱਖ ਮਹਿਮਾਨ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ 15 ਅਗਸਤ ਨੂੰ ਦੇਸ਼ ਦਾ ਰਾਸ਼ਟਰੀ ਝੰਡਾ ਲਹਿਰਾਉਣਗੇ। ਜਥੇਬੰਦੀ ਦੇ ਡਾਇਰੈਕਟਰ ਨੰਬਰਦਾਰ ਅਵਤਾਰ ਸਿੰਘ ਸ਼ਮਸ਼ਾਬਾਦ, ਨੰਬਰਦਾਰ ਚਰਣ ਸਿੰਘ ਰਾਜੋਵਾਲ, ਸੀਨੀਅਰ ਮੀਤ ਪ੍ਰਧਾਨ ਪਰਗਟ ਸਿੰਘ ਸਰਹਾਲੀ, ਸਕੱਤਰ ਜਨਰਲ ਸੁਰਿੰਦਰ ਪਾਲ ਬੁਰਜ ਕੇਲਾ, ਕੈਸ਼ੀਅਰ ਰਾਮ ਦਾਸ ਬਾਲੂ, ਪੀ.ਆਰ.ਓ ਜਗਨ ਨਾਥ ਚਾਹਲ, ਪ੍ਰੈਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ ਨੇ ਦੱਸਿਆ ਕਿ ਜਸ਼ਨ-ਏ-ਆਜ਼ਾਦੀ ਸਮਾਗਮ ਲਈ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਮੁਕੰਮਲ ਹੋ ਰਹੀਆਂ ਹਨ। ਦੇਸ਼ ਭਗਤੀ ਦੇ ਇਸ ਕਾਰਜ ਨਾਲ ਨੰਬਰਦਾਰ ਯੂਨੀਅਨ ਆਪਣਾ 28ਵਾਂ ਰਾਸ਼ਟਰੀ ਸਮਾਗਮ ਮੁਕੰਮਲ ਕਰਨ ਮਾਣ ਹਾਸਲ ਕਰ ਲਵੇਗੀ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਇਸ ਸਮਾਗਮ ਦੇ ਸਟਾਰ ਗੈਸਟ, ਡਾਕਟਰ ਨਵਜੋਤ ਸਿੰਘ ਦਾਹੀਆ ਵਿਸ਼ੇਸ਼ ਮਹਿਮਾਨ ਹੋਣਗੇ। ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ ਸਮਾਗਮ ਦੀ ਪ੍ਰਧਾਨਗੀ ਕਰਨਗੇ। ਕਲੱਬ ਦੇ ਸੈਕਟਰੀ ਲਾਇਨ ਰਣਜੀਤ ਸਿੰਘ, ਕੈਸ਼ੀਅਰ ਲਾਇਨ ਦਿਨਕਰ ਸੰਧੂ, ਪੀ.ਆਰ.ਓ ਲਾਇਨ ਜਸਪ੍ਰੀਤ ਕੌਰ ਸੰਧੂ, ਡਾਇਰੈਕਟਰ ਲਾਇਨ ਬਬਿਤਾ ਸੰਧੂ ਅਤੇ ਲਾਇਨ ਯੋਗੇਸ਼ ਗੁਪਤਾ ਐਡਵੋਕੇਟ ਨੇ ਕਿਹਾ ਇਸ ਵਾਰ ਚੋਣਵੀਆਂ ਸ਼ਖਸ਼ੀਅਤਾਂ ਨੂੰ ਖੂਬਸੂਰਤ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਜਾਵੇਗਾ। 10ਵੀਂ ਅਤੇ 12ਵੀਂ ਕਲਾਸ ਵਿੱਚੋਂ ਫਸਟ ਆਉਣ ਵਾਲੇ ਬੱਚਿਆਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਆਏ ਹੋਏ ਦੇਸ਼ ਭਗਤਾਂ ਲਈ ਖਾਣ ਪਾਣ ਦੇ ਉਚੇਚੇ ਪ੍ਰਬੰਧ ਕੀਤੇ ਜਾਣਗੇ। ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਵੱਲੋਂ ਵੀ ਆਪਣੀਆਂ ਸੇਵਾਵਾਂ ਨਿਭਾਈਆਂ ਜਾਣਗੀਆਂ। ਥਾਣਾ ਮੁਖੀ ਨੂਰਮਹਿਲ ਵੱਲੋਂ ਸੁਰੱਖਿਆ ਅਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਦੇ ਯੋਗ ਪ੍ਰਬੰਧ ਕੀਤੇ ਜਾਣਗੇ।

# ਗ਼ਦਰੀ ਬਾਬੇ ਵਿਚਾਰਧਾਰਕ ਮੰਚ ਵੱਲੋਂ ਉਲੰਪੀਅਨ ਵਿਨੇਸ਼ ਫੋਗਾਟ ਵਿਰੁੱਧ ਸਾਜ਼ਿਸ਼ ਦੀ ਨਿੰਦਾ



**ਖਰੜ (ਹਰਨਾਮ ਸਿੰਘ ਡੱਲਾ )**—ਉਲੰਪੀਅਨ ਵਿਨੇਸ਼ ਫੋਗਾਟ ਨਾਲ ਉਲੰਪਿਕ ਵਿੱਚ ਹੋਈ ਕਥਿਤ ਸਾਜ਼ਿਸ਼ ਦੀ ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਜਿੱਤ ਦੇ ਐਨ ਕਰੀਬ ਪਹੁੰਚਣ ਤੋਂ ਬਾਅਦ ਉਸ ਦਾ ਭਾਰ ਵਧ ਜਾਣ ਦੀ ਸਾਜ਼ਿਸ਼ ਨੇ ਪੂਰੇ ਦੇਸ਼ ਦੇ ਸੁਪਨਿਆਂ ਉੱਤੇ ਪਾਣੀ ਫੇਰ ਦਿੱਤਾ ਹੈ। ਜਿਸ ਨਾਲ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਸੰਜੇ ਸਿੰਘ ਅਤੇ ਬੀ ਜੇ ਪੀ ਦੇ ਸਾਬਕਾ ਸੰਸਦ ਤੇ ਕੁਸ਼ਤੀ ਫੈਡਰੇਸਨ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਨ ਸ਼ਰਨ ਸਿੰਘ ਦਾ ਦੇਸ਼ ਪ੍ਰੇਮ ਜੱਗ ਜ਼ਾਹਰ ਹੋ ਚੁੱਕਾ ਹੈ।ਜਿਸ ਉੱਤੇ ਵਿਨੇਸ਼ ਫੋਗਾਟ ਪਹਿਲਾਂ ਹੀ ਸਾਜ਼ਿਸ਼ ਰਚਣ ਦੇ ਗੰਭੀਰ ਦੋਸ਼ ਲਾ ਚੁੱਕੀ ਹੈ। ਦੇਸ਼ ਦੇ ਲੋਕ ਇਸ ਸਾਜ਼ਿਸ਼ ਦੀ ਚੁਫੇਰਿਓਂ ਨਿੰਦਾ ਕਰ ਰਹੇ ਹਨ।ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਵਿੱਚ ਹੋਈ ਇਸ ਇਕੱਤਰਤਾ ਵਿੱਚ ਖੱਬੀ ਲਹਿਰ ਦੇ ਮਹਾਨ ਆਗੂ ਅਤੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਬੁੱਧ ਦੇਵ ਭੱਟਾਚਾਰੀਆ ਦੀ ਮੌਤ ਉੱਤੇ ਦੁੱਖ ਪ੍ਰਗਟ ਕੀਤਾ ਗਿਆ। ਇਸ ਸਮੇਂ ਸੁਖਵਿੰਦਰ ਸਿੰਘ ਦੁੱਮਣਾ,ਪ੍ਰਕਾਸ਼ ਸਿੰਘ ਰੰਗੀ, ਸਤਨਾਮ ਸਿੰਘ, ਕਾਮਰੇਡ ਯੋਗਰਾਜ, ਬਲਜਿੰਦਰ ਸਿੰਘ, ਭੁਪਿੰਦਰ ਮਦਨਹੇੜੀ, ਕਾਮਰੇਡ ਕਾਕਾ ਰਾਮ, ਦਿਨੇਸ਼ ਪ੍ਰਸਾਦ, ਗੁਰਦੀਪ ਸਿੰਘ ਮੋਹਾਲੀ, ਪਰਮਜੀਤ ਸਿੰਘ, ਸੇਵਾ ਸਿੰਘ ਖ਼ਾਨਪੁਰ, ਸੁਰਿੰਦਰ ਸਿੰਘ ਬਡਾਲਾ ਅਤੇ ਡਾਕਟਰ ਤੇਜਪਾਲ ਸਿੰਘ ਕੰਗ ਵੀ ਮੌਜੂਦ ਸਨ। ਹਾਜ਼ਰ ਮੈਂਬਰਾਂ ਨੇ 17 ਅਗਸਤ ਨੂੰ ਮੋਰਿੰਡਾ ਵਿਖੇ 'ਨਵੇਂ ਅਪਰਾਧਕ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦਾ ਮਸਲਾ' ਵਿਸ਼ੇ ਉੱਤੇ ਕੀਤੇ ਜਾ ਰਹੇ ਸੈਮੀਨਾਰ ਦੀ ਸਫਲਤਾ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸੀਨੀਅਰ ਐਡਵੋਕੇਟ ਤਾਰਾ ਸਿੰਘ ਚਾਹਲ ਕਰਨਗੇ। ਇਸ ਸਮਾਗਮ ਵਿੱਚ ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ ਵਿਸ਼ੇਸ਼ ਮਹਿਮਾਨ ਹੋਣਗੇ ਅਤੇ ਵਿਸ਼ੇ ਉੱਤੇ ਗੱਲ ਕਰਨ ਲਈ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਸਮਰਾਲਾ ਅਤੇ ਐਡਵੋਕੇਟ ਅਮਨ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਪਹੁੰਚਣਗੇ।

# ਕੇਂਦਰੀ ਬਜਟ 2024-25... (ਸਫ਼ਾ 4 ਦੀ ਬਾਕੀ)

(ਸਫ਼ਾ 4 ਦੀ ਬਾਕੀ)

ਬੇਰੁਜ਼ਗਾਰੀ ਦਰ ਦੇ ਸੰਬੰਧ ਵਿੱਚ ਸੀ ਐਮ ਆਈ ਈ ਦੇ 9.2% ਦੇ ਅੰਕੜੇ ਦੇ ਬਰ ਅਕਸ ਆਰਥਿਕ ਸਰਵੇ 2023-24 (ਜਿਸ ਨੂੰ ਵਿੱਤ ਮੰਤਰੀ ਦੁਆਰਾ ਬਜਟ ਪੇਸ਼ ਕੀਤੇ ਜਾਣ ਤੋਂ ਇੱਕ ਦਿਨ ਪਹਿਲਾਂ ਸੰਸਦ ਵਿੱਚ ਪੇਸ਼ ਕੀਤਾ ਗਿਆ ਸੀ) ਵਿੱਚ ਦਾਅਵਾ ਕੀਤਾ ਗਿਆ ਕਿ ਪਿਛਲੇ 6 ਸਾਲਾਂ ਵਿੱਚ ਬੇਰੁਜ਼ਗਾਰੀ ਘੱਟ ਹੋਈ ਹੈ ਅਤੇ 2022-23 ਵਿੱਚ ਬੇਰੁਜ਼ਗਾਰੀ ਦੀ ਦਰ ਡਿੱਗ ਕੇ 3.2% 'ਤੇ ਆ ਗਈ। ਦੇਸ਼ ਵਿੱਚ ਬੇਰੁਜ਼ਗਾਰੀ ਦਾ ਜੋ ਆਲਮ ਹੈ, ਉਸ ਨੂੰ ਵੇਖਦੇ ਹੋਏ ਆਰਥਿਕ ਸਰਵੇ ਦੇ ਇਸ ਦਾਅਵੇ ਨੂੰ ਸਰਾਸਰ ਝੂਠਾ ਮੰਨਣ ਦੇ ਇਲਾਵਾ ਹੋਰ ਕੋਈ ਵਿਕਲਪ ਨਹੀਂ ।

ਸਾਡਾ ਆਰਥਿਕ ਸਰਵੇਖਣ ਵਿੱਤ ਮੰਤਰੀ ਦੇ ਇਸ ਤਰ੍ਹਾਂ ਦੇ ਦਾਅਵੇ ਨੂੰ ਝੁਠਲਾਉਂਦਾ ਹੈ। ਆਰਥਿਕ ਸਰਵੇਖਣ ਦੇ ਅੰਕੜੇ ਦੱਸਦੇ ਹਨ ਕਿ 2015-16 ਤੋਂ 2022-23 ਦੇ ਸਾਲਾਂ ਦੌਰਾਨ ਮੈਨੂਫੈਕਚਰਿੰਗ ਅਤੇ ਸੇਵਾ ਖੇਤਰ ਵਿੱਚ ਅਣਗਿਣਤ ਸੰਸਥਾਵਾਂ ਵਿੱਚੋਂ ਕੁੱਲ ਰੁਜ਼ਗਾਰ ਵਿੱਚ 16.45 ਲੱਖ ਦੀ ਕਮੀ ਆਈ।

ਆਰਥਿਕ ਸਰਵੇਖਣ 2023-24 ਅਨੁਸਾਰ 2022-23 ਵਿੱਚ ਭਾਰਤ ਦੀ ਕੁੱਲ ਕਿਰਤ ਸ਼ਕਤੀ (ਵਰਕ ਫੋਰਸ) 56.52 ਕਰੋੜ ਸੀ। ਇਸ ਵਿੱਚ 57% ਤੋਂ ਜ਼ਿਆਦਾ ਕਿਰਤ ਸ਼ਕਤੀ ਸਵੈਰੁਜ਼ਗਾਰ ਵਿੱਚ ਲੱਗੀ ਸੀ, ਜਿਨ੍ਹਾਂ ਦੀ ਔਸਤ ਮਾਸਕ ਆਮਦਨੀ ਲੱਗਭੱਗ 13347 ਰੁਪਏ ਸੀ । ਲੱਗਭੱਗ 18% ਕਿਰਤ ਸ਼ਕਤੀ ਪ੍ਰਵਾਰਕ ਉਦਮੋਂ ਵਿੱਚ ਕੰਮ ਕਰਦੀ ਸੀ । 2017-18 ਵਿੱਚ ਲੱਗਭੱਗ 44% ਕਿਰਤ ਸ਼ਕਤੀ ਖੇਤੀ ਵਿੱਚ ਕੰਮ ਕਰਦੀ ਸੀ, ਜੋ 2022-23 ਵਿੱਚ ਵਧ ਕੇ 46% ਹੋ ਗਈ । ਇਸ ਪਿੱਠ ਭੂਮੀ ਵਿੱਚ ਸਰਵੇਖਣ ਦਾ ਅਨੁਮਾਨ ਹੈ ਕਿ ਵਧਦੀ ਕਿਰਤ ਸ਼ਕਤੀ ਨੂੰ ਕੰਮ ਦੇਣ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ 2030 ਤੱਕ ਲੱਗਭੱਗ 78.5 ਲੱਖ ਗੈਰ ਖੇਤੀ ਰੁਜ਼ਗਾਰਾਂ ਨੂੰ ਸਿਰਜਨ ਦੀ ਜ਼ਰੂਰਤ ਹੈ।

ਬੱਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਨੇ ਕਿਹਾ ਕਿ ਸਰਕਾਰ ਤਿੰਨ ਰੁਜ਼ਗਾਰ ਸੰਬੰਧਤ ਉਤਸ਼ਾਹ ਵਧਾਉਣ ਵਾਲੀਆਂ (ਇੰਪਲਾਈਮੈਂਟ ਲਿੰਕਡ ਇੰਸੈਂਟਿਵ -ਆਈ ਐੱਲ ਆਈ) ਯੋਜਨਾਵਾਂ ਸ਼ੁਰੂ ਕਰੇਗੀ, ਜੋ ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ ਪੀ ਐਫ ਓ) ਵਿੱਚ ਨਾਂਅ ਅੰਕਿਤ ਕਰਨ ਦੇ ਅਧਾਰਤ ਹੋਵੇਗੀ । ਪਹਿਲੀ ਯੋਜਨਾ ਤਹਿਤ ਸਾਰੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਵਿੱਚ ਪ੍ਰਵੇਸ਼ ਕਰਨ ਵਾਲਿਆਂ ਨੂੰ ਇੱਕ ਮਹੀਨੇ ਦੀ ਤਨਖਾਹ ਪ੍ਰਦਾਨ ਕੀਤੀ ਜਾਵੇਗੀ । ਦੂਸਰੀ ਯੋਜਨਾ ਵਿੱਚ ਪਹਿਲੀ ਵਾਰ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਰੁਜ਼ਗਾਰ ਨਾਲ ਜੁੜੇ ਧੰਦੇ ਕੱਚੇ ਮਾਲ ਨੂੰ ਤਿਆਰ ਮਾਲ ਵਿੱਚ ਬਦਲਣਾ ਖੇਤਰ ਵਿੱਚ ਜ਼ਿਆਦਾ ਰੁਜ਼ਗਾਰ ਦਿੱਤਾ ਜਾਵੇਗਾ ।ਵਿੱਤ ਮੰਤਰੀ ਨੇ ਕਿਹਾ ਕਿ ਰੁਜ਼ਗਾਰ ਦੇ ਪਹਿਲੇ ਚਾਰ ਸਾਲਾਂ ਵਿੱਚ ਈ ਪੀ ਐਫ ਓ ਵਿੱਚ ਥੋੜ੍ਹਾ ਯੋਗਦਾਨ ਦੇ ਸੰਬੰਧ ਵਿੱਚ ਕਰਮਚਾਰੀ ਅਤੇ ਰੁਜ਼ਗਾਰ ਦੇਣ ਵਾਲੇ ਨੂੰ ਥੋੜ੍ਹਾ ਜਿਹਾ ਹਿੱਸਾ ਪਾਉਣ ਲਈ ਉਤਸ਼ਾਹ ਦਿੱਤਾ ਜਾਵੇਗਾ । ਤੀਸਰੀ ਯੋਜਨਾ ਤਹਿਤ ਸਾਰੇ ਖੇਤਰਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਰੁਜ਼ਗਾਰ ਨੂੰ ਲਿਆ ਜਾਵੇਗਾ ।

ਉਨ੍ਹਾ ਨੇ ਕਿਹਾ, ਇੱਕ ਲੱਖ ਰੁਪਏ ਤੱਕ ਮਾਸਿਕ ਤਨਖਾਹ ਦੇ ਅੰਦਰ-ਅੰਦਰ ਵਾਲੇ ਤਨਖਾਹ ਲੈਣ ਵਾਲੇ ਸਾਰੇ ਰੁਜ਼ਗਾਰ ਨੂੰ ਗਿਣਿਆ ਜਾਵੇਗਾ । ਸੀਤਾ ਰਮਨ ਨੇ ਕਿਹਾ ਕਿ ਸਰਕਾਰ ਹਰੇਕ ਤਹਿ ਸੀਮਾਂ ਤੋਂ ਜ਼ਿਆਦਾ ਕਰਮਚਾਰੀ ਦੇ ਲਈ ਈ ਪੀ ਐੱਫ ਓ ਥੋੜ੍ਹਾ ਜਿਹਾ ਯੋਗਦਾਨ ਦੇ ਰੂਪ ਵਿੱਚ ਨਿਯੁਕਤ ਹੋਇਆਂ ਨੂੰ ਦੋ ਸਾਲ ਤੱਕ ਤਿੰਨ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੱਕ ਦੀ ਰਾਸ਼ੀ ਜ਼ਰੂਰੀ ਦੇਣਾ ਯਕੀਨੀ ਬਣਾਏਗੀ ।

ਰੁਜ਼ਗਾਰ ਨੂੰ ਉਤਸ਼ਾਹ ਦੇਣ ਲਈ ਨਿਯੁਕਤ ਹੋਇਆਂ ਨੂੰ ਨਵੇਂ ਕਰਮਚਾਰੀ ਰੱਖਣ 'ਤੇ ਸਰਕਾਰ ਦੋ ਸਾਲ ਤੱਕ ਉਨ੍ਹਾਂ ਦੇ (ਯਾਨੀ ਨਿਯੁਕਤ ਕਰਤਾ ਦੁਆਰਾ ਦਿੱਤੇ ਜਾਣ ਵਾਲੇ) ਈ ਪੀ ਐੱਫ ਓ ਕੰਟਰੀਬਿਊਸ਼ਨ (ਤਿੰਨ ਹਜ਼ਾਰ ਪ੍ਰਤੀ ਕਰਮਚਾਰੀ ਪ੍ਰਤੀ ਮਹੀਨੇ ਤੱਕ) ਦਾ ਰੀਇੰਬਰਸਮੈਂਟ ਕਰੇਗੀ (ਯਾਨੀ ਨਿਯੁਕਤ ਹੋਏ ਦੁਆਰਾ ਦਿੱਤੇ ਜਾਣ ਵਾਲੇ ਈ ਪੀ ਐੱਫ ਓ ਕੰਟਰੀਬਿਊਸ਼ਨ ਨੂੰ ਸਰਕਾਰ ਭਰੇਗੀ)। ਕੀ ਇਸ ਸਕੀਮ ਵਿੱਚ ਇਹ ਸ਼ੱਕ ਨਹੀਂ ਕਿ ਰੁਜ਼ਗਾਰ ਦੇਣ ਵਾਲਾ ਨਵੇਂ ਕਰਮਚਾਰੀ ਰੱਖੇ ਬਗੈਰ ਹੀ ਨਵੇਂ ਕਰਮਚਾਰੀ ਰੱਖਣ ਦਾ ਦਾਅਵਾ ਕਰਨਗੇ ਅਤੇ ਇਹ ਸਰਕਾਰੀ ਪੈਸੇ ਨੂੰ ਨਿੱਜੀ ਹੱਥਾਂ ਵਿੱਚ ਟਰਾਂਸਫਰ ਕਰਨ ਦਾ ਤਰੀਕਾ ਬਣ ਜਾਵੇਗਾ?

ਸਰਕਾਰ ਦੀਆਂ ਰੁਜ਼ਗਾਰ ਸੰਬੰਧੀ ਇਨ੍ਹਾਂ ਯੋਜਨਾਵਾਂ 'ਤੇ ਟਿੱਪਣੀ ਕਰਦੇ ਹੋਏ ਇੰਡੀਅਨ ਐਕਸਪ੍ਰੈਸ (24 ਜੁਲਾਈ 2024) ਲਿਖਦੀ ਹੈ, ਆਰਥਿਕ ਸਰਵੇਖਣ ਨੇ ਦੇਸ਼ ਦੇ ਸਾਹਮਣੇ ਮੌਜੂਦ ਸਮੇਂ ਹੋਣ ਵਾਲੀਆਂ ਚੁਣੌਤੀਆਂ -ਸਾਲਾਨਾ ਅਨੁਮਾਨਤ 70.5 ਲੱਖ ਨੌਕਰੀਆਂ ਪੈਦਾ ਕਰਨ ਦੀ ਜ਼ਰੂਰਤ ਅਤੇ ਨਿੱਜੀ ਖੇਤਰ ਦੁਆਰਾ ਇਸ ਨੂੰ ਸਮਰੱਥ ਕਰਨ ਲਈ ਕਾਫੀ ਲਾਭ ਲਈ ਲੱਗਣ ਵਾਲਾ ਨਿਵੇਸ਼ ਨਾ ਕਰਨ ਨੂੰ ਨਿਸ਼ਾਨਦੇਹੀ ਕੀਤਾ ਹੈ । ਸਰਕਾਰ ਨੇ ਪੂੰਜੀਗਤ ਖਰਚ ਵਿੱਚ ਆਪਣਾ ਯੋਗਦਾਨ ਦਿੱਤਾ ਹੋ ਸਕਦਾ ਹੈ, ਜਿਸ ਦਾ ਬਜਟ 2024-25 ਵਿੱਚ 11.11 ਲੱਖ ਕਰੋੜ ਰੁਪਏ ਜਾਂ ਜੀ ਡੀ ਪੀ ਓ ਦਾ 3.4% ਦੀ ਅਵਸਥਾ ਹੈ, ਪਰੰਤੂ ਵਧੇ ਹੋਏ ਸਾਰਿਆਂ ਨਾਲ ਸੰਬੰਧਤ ਲਾਭ ਲਈ ਨਿਵੇਸ਼ ਦੇ ਬਾਵਜੂਦ ਨਿੱਜੀ ਖੇਤਰ ਲਾਭ ਲਈ ਨਿਵੇਸ਼ ਕਰਨ ਦੀ ਦਿਸ਼ਾ ਵੱਲ ਖਿੱਚਿਆ ਹੋਇਆ ਨਜ਼ਰ ਨਹੀਂ ਆਉਂਦਾ। ਨਿੱਜੀ ਖੇਤਰ ਨੇ ਹੁਣ ਤੱਕ ਉਹ ਜ਼ਿੰਮੇਵਾਰੀ ਨਹੀਂ ਨਿਭਾਈ, ਜੋ ਇਕੱਲੇ ਲਾਭ ਲਈ ਨਿਵੇਸ਼, ਰੁਜ਼ਗਾਰ ਪੈਦਾ ਕਰਨ, ਕਿਰਤ ਸਿਰਜਨ ਅਤੇ ਵਸਤੂਆਂ ਦੇ ਉਪਯੋਗ ਦੇ ਇੱਕ ਚੰਗੇ ਚੱਕਰ ਨੂੰ ਬਣਾਈ ਰੱਖ ਸਕਦੀ ਹੋਵੇ । ਬਜਟ ਵਿੱਚ ਇਸ ਉਲਝਣ ਤੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਦਿੱਤਾ ਗਿਆ। ਇਸ ਵਿੱਚ ਕਈ ਸਕੀਮਾਂ ਦਿੱਤੀਆਂ ਗਈਆਂ ਹਨ ਜਿਵੇਂ ਪਰੰਪਰਾਗਤ ਕਾਰਜ ਸ਼ਕਤੀ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਇੱਕ ਮਹੀਨੇ ਦਾ ਵੇਤਨ ਦੇਣਾ (15000 ਰੁਪਏ ਤੱਕ); ਰੁਜ਼ਗਾਰ ਦੇਣ ਵਾਲਿਆਂ ਨੂੰ ਕਰਮਚਾਰੀ ਭਵਿੱਖ ਨਿਧੀ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਦੋ ਸਾਲ ਤੱਕ 3000 ਰੁਪਏ ਪ੍ਰਤੀ ਮਹੀਨਾ ਤੱਕ ਦੀ ਸ਼ਕਤੀ ਪੂਰਤੀ ਕਰਨਾ ਅਤੇ ਸਿਰੇ ਦੀਆਂ ਉੱਨਤ 500 ਕੰਪਨੀਆਂ ਵਿੱਚ ਇੱਕ ਸਾਲ ਦੀ ਇੰਟਰਨਸ਼ਿਪ ਕਰਨ ਵਾਲਿਆਂ ਨੂੰ 5000 ਰੁਪਏ ਦਾ ਮਾਸਿਕ ਭੱਤਾ ਦੇਣਾ, ਪਰੰਤੂ ਇਹ ਸਕੀਮਾਂ ਇਸ ਬੁਨਿਆਦੀ ਸਮੱਸਿਆ ਦਾ ਅੰਤ ਨਹੀਂ ਕਰਦੀਆਂ ਕਿ ਕਾਰਪੋਰੇਟ ਤਬਕਾ ਲਾਭ ਲਈ ਨਿਵੇਸ਼ ਕਿਉਂ ਨਹੀਂ ਕਰ ਰਿਹਾ? ਇਹ ਵਿਸ਼ਵਾਸ ਕਰਨਾ ਕਠਿਨ ਹੈ ਕਿ ਜਿਨ੍ਹਾਂ ਲੋਕਾਂ ਨੂੰ ਨੌਕਰੀ ਮਿਲ ਗਈ ਹੈ, ਉਨ੍ਹਾਂ ਵੱਲੋਂ ਵਿੱਤ ਸੰਬੰਧ ਵਾਲੀ ਵਸਤੂ ਦੂਸਰੇ ਨੂੰ ਦੇਣ ਨਾਲ ਰੁਜ਼ਗਾਰ ਪੈਦਾ ਹੋ ਰਿਹਾ ਹੈ।

ਵਿੱਤ ਸਾਲ 2023-24 ਵਿੱਚ ਭਲੇ ਹੀ ਆਰਥਿਕ ਹਾਲਤ ਦੀ 8.2% ਦੀ ਜੀ ਡੀ ਪੀ ਵਾਧਾ ਦਰ ਦਰਜ ਕੀਤੀ ਹੈ, ਪਰੰਤੂ ਖੇਤੀ ਖੇਤਰ ਵਿੱਚ ਵਾਧਾ ਦਰ ਵਿੱਤ ਸਾਲ 2022-23 ਦੀ 4.7% ਤੋਂ ਘਟ ਕੇ 1.4% ਰਹਿ ਗਈ । ਅਜਿਹੀ ਸਥਿਤੀ ਵਿੱਚ ਖੇਤੀ 'ਤੇ ਵੱਧ ਧਿਆਨ ਦੇਣ ਦੀ ਜ਼ਰੂਰਤ ਸੀ, ਪਰੰਤੂ ਬਜਟ ਵਿੱਚ ਖੇਤੀ ਖੇਤਰ ਦੀ ਰੱਖੀ ਰਕਮ ਨੇ ਬਹੁਤ ਜ਼ਿਆਦਾ ਉਦਾਸ ਕੀਤਾ ਹੈ । ਕਿਸਾਨ ਲਗਾਤਾਰ ਮੰਗ ਕਰਦੇ ਆ ਰਹੇ ਹਨ ਕਿ ਖੇਤੀ ਫ਼ਸਲਾਂ ਦੇ ਲਈ ਕਾਨੂੰਨੀ ਗਾਰੰਟੀ ਦੇ ਨਾਲ ਘੱਟੋ-ਘੱਟ ਸਮਰਥਨ ਮੁੱਲ ਪ੍ਰਦਾਨ ਕੀਤਾ ਜਾਏ । ਬਜਟ ਵਿੱਚ ਇਸ ਦਾ ਜ਼ਿਕਰ ਤੱਕ ਨਹੀਂ। ਫ਼ਸਲਾਂ ਦੀ ਉਤਪਾਦਕਤਾ ਵਧਾਉਣ ਲਈ ਜਿਹੜੇ ਪਦਾਰਥਾਂ ਦਾ ਉਪਯੋਗ ਕੀਤਾ ਜਾਂਦਾ ਹੈ, ਉਨ੍ਹਾਂ ਦੀ ਸਬਸਿਡੀ ਦੇ ਵੰਡਣ ਵਿੱਚ 34.7% ਦੀ ਕਟੌਤੀ ਕਰ ਦਿੱਤੀ ਗਈ ਹੈ, ਜਿਸਦਾ ਨਤੀਜਾ ਖੇਤੀ ਦੀ ਲਾਗਤ ਵਿੱਚ ਵਾਧੇ ਦੇ ਰੂਪ ਵਿੱਚ ਨਿਕਲੇਗਾ। ਖੇਤੀ ਪਹਿਲਾਂ ਤੋਂ ਹੀ ਇੱਕ ਬਿਨਾਂ ਲਾਭ ਵਾਲਾ ਧੰਦਾ ਬਣ ਚੁੱਕੀ ਹੈ, ਫ਼ਸਲਾਂ ਦੀ ਉਤਪਾਦਕਤਾ ਵਧਾਉਣ ਵਾਲੇ ਪਦਾਰਥ ਮਹਿੰਗੇ ਮੁੱਲ ਮਿਲਣਗੇ। ਇਸ ਨਾਲ ਖੇਤੀ ਹੋਰ ਵੀ ਜ਼ਿਆਦਾ ਨਾਫਾਇਦੇਮੰਦ ਹੋ ਜਾਵੇਗੀ।

ਮਨਰੇਗਾ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਮਨਰੇਗਾ ਕਾਨੂੰਨ ਅਧੀਨ ਕੰਮ 100 ਦਿਨ ਤੋਂ ਵਧਾ ਕੇ 200 ਦਿਨ ਅਤੇ ਮਜ਼ਦੂਰੀ ਵਧਾਉਣ ਦੀ ਮੰਗ ਕਰਦੇ ਆ ਰਹੇ ਹਨ। ਉਨ੍ਹਾਂ ਦੀ ਇਸ ਮੰਗ ਵੱਲ ਧਿਆਨ ਦੇਣ ਦੀ ਬਜਾਏ ਬਜਟ ਵਿੱਚ ਕੇਵਲ 86000 ਕਰੋੜ ਰੁਪਏ ਦਾ ਵੰਡਣ ਕੀਤਾ ਗਿਆ ਹੈ, ਜਦੋਂ ਕਿ 2023-24 ਵਿੱਚ ਨਰੇਗਾ ਸਕੀਮ ਅਧੀਨ 1.05 ਲੱਖ ਕਰੋੜ ਰੁਪਏ ਦਾ ਖਰਚ ਆਇਆ ਸੀ ।

*# ਸੰਪਰਕ : 98760-78731*

# ਬੱਬਰਾਂ ਦੇ ਸ਼ਹੀਦੀ ਸਮਾਗਮ ਸੰਬੰਧੀ ਪੋਸਟਰ ਰਿਲੀਜ਼

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਬੱਬਰ ਕਰਮ ਸਿੰਘ ਮੈਮੋਰੀਅਲ ਟਰੱਸਟ ਦੌਲਤਪੁਰ ਵਲੋਂ ਨਗਰ ਅਤੇ ਇਲਾਕੇ ਦੇ ਸਹਿਯੋਗ ਨਾਲ, ਬਬੇਲੀ ਸਾਕੇ ਦੇ ਸ਼ਹੀਦ ਬੱਬਰ ਕਰਮ ਸਿੰਘ ਐਡੀਟਰ ਦੌਲਤਪੁਰੀ ਅਤੇ ਉਨ੍ਹਾਂ ਦੇ ਸਾਥੀ ਬੱਬਰ ਉਦੇ ਸਿੰਘ ਰਾਮਗੜ੍ਹ ਝੁੱਗੀਆਂ, ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਬੱਬਰ ਬਿਸ਼ਨ ਸਿੰਘ ਮਾਂਗਟ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਮਾਗਮ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ 30 ਅਗਸਤ ਨੂੰ ਅਰੰਭ ਸ਼੍ਰੀ ਅਖੰਡ ਪਾਠ, 31 ਅਗਸਤ ਬੱਚਿਆਂ ਦੇ ਧਾਰਮਿਕ ਵਿਦਿਅਕ ਮਕਾਬਲੇ ਮੁਖ ਸਮਾਗਮ 1 ਸਤੰਬਰ ਨੂੰ ਹੋਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਜਥੇ ਅਤੇ ਪੰਥਕ ਸ਼ਖਸ਼ੀਅਤਾਂ ਵੀ ਹਾਜਰੀ ਭਰਨਗੀਆਂ। ਇਨਾਂ ਸਮਾਗਮਾਂ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਇਸ ਮੌਕੇ ਟਰੱਸਟ ਦੇ ਮੀਤ ਪ੍ਰਧਾਨ ਤਰਨਜੀਤ ਸਿੰਘ ਥਾਂਦੀ, ਡਾਇਰੈਕਟਰ ਕਿਰਪਾਲ ਸਿੰਘ ਖਾਬੜਾ,ਪ੍ਰਿੰਸੀਪਲ ਮੈਡਮ ਰਾਜ ਰਾਣੀ, ਰੇਨੂੰ ਬਾਲਾ,ਗੁਰਮੀਤ ਸਿੰਘ ਬਿੱਟੂ, ਠੇਕੇਦਾਰ ਗੁਰਜਿੰਦਰ ਸਿੰਘ,ਗੁਰਲਾਲ ਸਿੰਘ,ਹਰਜਸਵਿੰਦਰਪਾਲ ਸਿੰਘ ਸੋਢੀ, ਸੁਰਿੰਦਰਜੀਤ ਸਿੰਘ,ਜਸਵੀਰ ਸਿੰਘ,ਜਸਕਰਨ ਸਿੰਘ,ਹਰਕੀਰਤ ਸਿੰਘ,ਗੁਰਚਰਨ ਸਿੰਘ ਟੌਹੜਾ,ਸੁਖਦੇਵ ਸਿੰਘ, ਠੇਕੇਦਾਰ ਦੇਸ ਰਾਜ,ਕਰਨੈਲ ਸਿੰਘ,ਰਣਜੀਤ ਸਿੰਘ ਮਾਨ,ਗੁਰਮੁਖ ਸਿੰਘ,ਹਰਦੀਪ ਸਿੰਘ,ਪਾਲ ਸਿੰਘ, ਕਮਲਦੇਵ, ਹਰਦੀਪ ਕੁਮਾਰ ਅਤੇ ਸਮੁੱਚਾ ਸਟਾਫ ਹਾਜ਼ਰ ਸੀ।



# ਮਾਤਾ ਗੰਗਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਖੇ ਤੀਆਂ ਦਾ ਤਿਉਹਾਰ ਮਨਾਇਆ





**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਮਾਤਾ ਗੰਗਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਚ ਹਰਿਆਲੀ ਤੀਜ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਨਰਸਰੀ ਤੋਂ ਬਾਰਵੀਂ ਜਮਾਤ ਦੀਆਂ ਕੁੜੀਆਂ ਅਤੇ ਮੁੰਡਿਆਂ ਨੇ ਗਿੱਧਾ , ਭੰਗੜਾ ਅਤੇ ਹੋਰ ਸੱਭਿਆਚਾਰਿਕ ਪ੍ਰੋਗਰਾਮ ਪੇਸ਼ ਕੀਤੇ।ਕੁੜੀਆਂ ਪੰਜਾਬੀ ਸੂਟ ਪਰਾਂਦੇ, ਟਿੱਕੇ, ਸੱਗੀ ਫੁੱਲ, ਚੂੜੀਆਂ, ਫੁਲਕਾਰੀਆਂ ਅਤੇ ਮੁੰਡੇ ਕੁੜਤੇ ਪਜਾਮੇ ਅਤੇ ਰੰਗ ਬਿਰੰਗੀਆਂ ਪੱਗਾਂ ਵਿੱਚ ਬਹੁਤ ਸੋਹਣੇ ਲੱਗ ਰਹੇ ਸਨ ਅਤੇ ਇਸ ਪ੍ਰੋਗਰਾਮ ਦੀ ਸਜਾਵਟ ਮੈਡਮ ਰਸ਼ਪਿੰਦਰ ਕੌਰ ਅਤੇ ਮੈਡਮ ਸ਼ੀਤਲ ਕੌਰ ਨੇ ਸੰਭਾਲੀ ।ਜੂਨੀਅਰ ਵਿੰਗ ਦਾ ਗਿੱਧਾ ਸ਼੍ਰੀਮਤੀ ਸੁਦੇਸ਼ , ਚਰਨਜੀਤ ਕੌਰ, ਕਮਲਜੀਤ ਕੌਰ ਅਤੇ ਸੁਮਨ ਮੈਡਮ ਦੀ ਅਗਵਾਈ ਹੇਠ ਕੀਤਾ ਗਿਆ।

ਸੀਨੀਅਰ ਵਿੰਗ ਦਾ ਗਿੱਧਾ ਮੈਡਮ ਗੁਰਦੇਵ ਕੌਰ ਅਤੇ ਪ੍ਰੀਆ ਮੈਡਮ ਦੀ ਅਗਵਾਈ ਹੇਠ ਕਰਵਾਇਆ ਗਿਆ। ਮੁੱਖ ਮਹਿਮਾਨ ਵਜੋਂ ਐਡਵੋਕੇਟ ਗੌਰਵ ਨਾਗਰਾਜ ਵਾਈਸ ਪ੍ਰੈਜ਼ੀਡੈਂਟ ਬਾਰ ਐਸੋਸੀਏਸ਼ਨ ਨਕੋਦਰ, ਐਡਵੋਕੇਟ ਕੁਲਦੀਪ ਚੰਦ (ਚੇਅਰਮੈਨ ਆਫ਼ ਨਿਊ ਜਨਤਾ ਮਾਡਲ ਸਕੂਲ) ਅਤੇ ਡਾਕਟਰ ਮਦਨ ਗਿੱਲ ਅਤੇ ਝਲਮਣ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਸਕੂਲ ਪੁੱਜੇ । ਐਡਵੋਕੇਟ ਗੌਰਵ ਨਾਗਰਾਜ ਅਤੇ ਐਡਵੋਕੇਟ ਕੁਲਦੀਪ ਚੰਦ ਨੇ ਹਰਿਆਲੀ ਤੀਜ ਦੀ ਮਹੱਤਤਾ ਦੱਸਦੇ ਹੋਏ ਬੱਚਿਆਂ ਨੂੰ ਬਦਲਦੇ ਵਾਤਾਵਰਨ ਬਾਰੇ ਜਾਗਰੂਕ ਬਣਨ ਤੇ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਪੇੜ ਪੌਦੇ ਲਗਾਉਣ ਦਾ ਸੰਦੇਸ਼ ਦਿੱਤਾ । ਸਕੂਲ ਪ੍ਰਿੰਸੀਪਲ ਹਰਨਾਮ ਸਿੰਘ ਬੋਲੀਨਾ ਅਤੇ ਸਮੂਹ ਸਟਾਫ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਧੰਨਵਾਦ ਵਜੋਂ ਸਨਮਾਨਿਤ ਚਿੰਨ੍ਹ ਭੇਟ ਕੀਤੇ ਗਏ। ਸਾਰੇ ਬੱਚਿਆਂ ਨੇ ਤੀਜ ਦੇ ਤਿਉਹਾਰ ਦਾ ਬਹੁਤ ਆਨੰਦ ਮਾਣਿਆ ।

# ਬੇਟੀਆਂ ਦੀ ਸਿੱਖਿਆ ਲਈ ਸਰਕਾਰ ਨੇ ਖੋਲ੍ਹੇ ਹਰ 20 ਕਿਲੋਮੀਟਰ 'ਤੇ ਕਾਲਜ : ਸੈਨੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਸੂਬੇ 'ਚ ਸਿੱਖਿਆ ਦੇ ਵਿਸਥਾਰ ਦੇ ਲਈ ਨਵੀਂ-ਨਵੀਂ ਕਾਰਜ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ।ਅੱਜ 20 ਕਿਲੋਮੀਟਰ ਦੇ ਘੇਰੇ ਵਿੱਚ ਇੱਕ ਕਾਲਜ ਖੋਲ੍ਹਿਆ ਗਿਆ ਹੈ, ਜਿਸ ਤੋਂ ਸੂਬੇ ਦੀ ਬੇਟੀਆਂ ਨੂੰ ਉੱਚੇਰੀ ਸਿਖਿਆ ਲਈ ਦੂਰ-ਦਰਾਜ ਦੇ ਖੇਤਰ ਵਿੱਚ ਜਾਣ ਤੋਂ ਰਾਹਤ ਮਿਲੀ ਹੈ।ਮੁੱਖ ਮੰਤਰੀ ਐਤਵਾਰ ਨੂੰ ਪਲਵਲ 'ਚ ਮੰਦਰ ਸ੍ਰੀ ਸੀਤਾਰਾਮ ਜੀ ਸੇਵਾ ਸਮਿਤੀ ਵੱਲੋਂ ਬਣਾਏ ਜਾ ਰਹੇ ਮਹਾਰਾਣੀ ਪਦਮਾਵਤੀ ਕੰਨਿਆ ਕਾਲਜ ਦਾ ਨੀਂਹ ਪੱਥਰ ਕਰਨ ਦੇ ਬਾਅਦ ਪ੍ਰਬੰਧਿਤ ਜਨਸਭਾ ਨੂੰ ਸੰਬੋਧਿਤ ਕਰ ਰਹੇ ਸਨ।ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪਲਵਲ ਦੇ ਨੇਤਾਜੀ ਸੁਭਾਸ਼ ਚੰਦਰ ਬੋਸ ਸਟੇਡੀਅਮ ਵਿਚ ਕਰੀਬ 14 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਇੰਡੋਰ ਸਟੇਡੀਅਮ ਦਾ ਉਦਘਾਟਨ ਵੀ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਪਲਵਲ ਵਿਚ ਮਹਾਰਾਣੀ ਪਦਮਾਵਤੀ ਕੰਨਿਆ ਕਾਲਜ ਦੇ ਬਨਣ ਨਾਲ ਇਸ ਖੇਤਰ ਦੀ ਬੇਟੀਆਂ ਨੂੰ ਪੜ੍ਹਨ ਲਈ ਦੂਰ-ਦਰਾਜ ਦੇ ਖੇਤਰਾਂ ਵਿਚ ਨਹੀਂ ਜਾਣਾ ਪਵੇਗਾ। ਪੂਰੇ ਸੂਬੇ ਵਿਚ 20 ਕਿਲੋਮੀਟਰ ਦੀ ਦੂਰੀ 'ਤੇ ਇਕ ਕਾਲਜ ਦੀ ਸਥਾਪਨਾ ਕਰਵਾਈ ਗਈ ਹੈ।ਉਨ੍ਹਾਂ ਨੇ ਕਿਹਾ ਕਿ ਮਹਾਰਾਣੀ ਪਦਮਾਵਤੀ ਦਾ ਬਹੁਤ ਹੀ ਗੌਰਵਮਈ ਇਤਿਹਾਸ ਰਿਹਾ ਹੈ।ਇਸ ਨਾਂਅ ਨਾਲ ਬਨਣ ਵਾਲੇ ਕਾਲਜ ਵਿਚ ਪੜ੍ਹਨ ਵਾਲੀਆਂ ਕੁੜੀਆਂ ਵਿੱਚ ਵੀ ਚੰਗੇ ਸੰਸਕਾਰ ਆਉਣਗੇ।ਇਸ ਦੇ ਨਾਲ ਹੀ ਉਨ੍ਹਾਂ ਨੇ ਕਾਲਜ ਦੇ ਨਿਰਮਾਣ ਲਈ 31 ਲੱਖ ਰੁਪਏ ਦੇਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਭਵਿੱਖ ਵਿਚ ਵੀ ਇਸ ਕਾਲਜ ਦੇ ਨਿਰਮਾਣ ਦੇ ਲਈ ਸੂਬਾ ਸਰਕਾਰ ਵੱਲੋਂ ਪੂਰਾ ਸਹਿਯੋਗ ਕੀਤਾ ਜਾਵੇਗਾ। ਕੇਂਦਰੀ ਸਹਿਕਾਰਤਾ ਰਾਜ ਮੰਤਰੀ ਕ੍ਰਿਸ਼ਣ ਪਾਲ ਗੁਰਜਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੀ ਅਗਵਾਈ ਹੇਠ ਦੇਸ਼-ਸੂਬਾ ਵਿਚ ਚਹੁਮੁਖੀ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨੇ ਅਪੀਲ 'ਤੇ ਦੇਸ਼ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ ਦੇ ਖੇਤਰ ਵਿੱਚ ਵਰਨਣਯੋਗ ਕੰਮ ਹੋ ਰਹੇ ਹੈ।ਪਿਛਲੇ 10 ਸਾਲਾਂ ਵਿੱਚ ਸੂਬੇ ਵਿਚ 31 ਨਵੇਂ ਕਾਲਜ ਖੋਲੇ ਗਏ, ਜਿਸ ਵਿੱਚੋਂ ਚਾਰ ਕਾਲਜਾਂ ਦੀ ਸੌਗਾਤ ਜ਼ਿਲ੍ਹਾ ਪਲਵਲ ਨੂੰ ਵੀ ਮਿਲੀ। ਉਨ੍ਹਾਂ ਨੇ ਕਾਲਜ ਦੇ ਨਿਰਮਾਣ ਦੇ ਲਈ ਆਪਣੇ ਖਜਾਨੇ ਤੋਂ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਕੀਤਾ।

# ਇੰਡੀਅਨ ਆਇਲ ਜ਼ਿਲ੍ਹਾ ਬੈਡਮਿੰਟਨ ਚੈਂਪੀਅਨਸ਼ਿਪ : ਸਮ੍ਰਿਧੀ ਭਾਰਦਵਾਜ ਤੇ ਮਾਧਵ ਕਨੌਜੀਆ ਨੇ ਜਿੱਤਿਆ ਖਿਤਾਬ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ, ਸੁਰਿੰਦਰ ਕੁਮਾਰ)**- ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿਖੇ ਕਰਵਾਈ ਜਾ ਰਹੀ ਇੰਡੀਅਨ ਆਇਲ ਜ਼ਿਲ੍ਹਾ ਬੈਡਮਿੰਟਨ ਚੈਂਪੀਅਨਸ਼ਿਪ ਐਤਵਾਰ ਨੂੰ ਸਮਾਪਤ ਹੋ ਗਈ। ਇਸ ਸਬੰਧੀ ਡੀ ਬੀ ਏ ਦੇ ਸਕੱਤਰ ਅਤੇ ਸਾਬਕਾ ਕੌਮੀ ਖਿਡਾਰੀ ਰਿਤਿਨ ਖੰਨਾ ਨੇ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ 35 ਮੁਕਾਬਲਿਆਂ ਵਿੱਚ 600 ਖਿਡਾਰੀਆਂ ਨੇ ਭਾਗ ਲਿਆ। ਅੱਜ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਇੰਡੀਅਨ ਆਇਲ ਦੇ ਜਲੰਧਰ ਡਿਵੀਜ਼ਨ ਦੇ ਮੁਖੀ ਰਾਜਨ ਬੇਰੀ ਨੇ ਜੇਤੂਆਂ ਨੂੰ ਸਨਮਾਨਤ ਕੀਤਾ। ਡੀ ਬੀ ਏ ਦੇ 50 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਜੇਤੂਆਂ ਨੂੰ 5 ਲੱਖ ਰੁਪਏ ਦੇ ਆਕਰਸ਼ਕ ਨਕਦ ਇਨਾਮ ਦਿੱਤੇ ਗਏ। ਇਸ ਮੌਕੇ ਅੰਤ੍ਰਿੰਗ ਕਮੇਟੀ ਪ੍ਰਧਾਨ ਡਾ. ਜੈ ਇੰਦਰ ਸਿੰਘ, ਖ਼ਜ਼ਾਨਚੀ ਪਲਵਿੰਦਰ ਜੁਨੇਜਾ, ਰਾਕੇਸ਼ ਖੰਨਾ, ਮੁਕੁਲ ਵਰਮਾ, ਅਮਨ ਮਿੱਤਲ, ਰਵਨੀਤ ਤੱਖਰ, ਕੁਸੁਮ ਕੇਪੀ, ਨਰੇਸ਼ ਬੁਧੀਆ ਅਤੇ ਧੀਰਜ ਸ਼ਰਮਾ ਹਾਜ਼ਰ ਸਨ।ਅੱਜ ਆਖ਼ਰੀ ਦਿਨ ਚੈਂਪੀਅਨਸ਼ਿਪ ਦੇ ਫਾਈਨਲ ਮੈਚ ਕਰਵਾਏ ਗਏ, ਜਿਸ ਵਿਚ ਲੜਕੀਆਂ ਦੇ ਸਿੰਗਲਜ਼ (ਅੰਡਰ 19) ਵਿੱਚ ਸਮਰਿਧੀ ਭਾਰਦਵਾਜ ਪਹਿਲੇ, ਸਿਮਰਨ ਗਿਲਹੋਤਰਾ ਦੂਜੇ ਅਤੇ ਸਾਨੀਆ ਅਤੇ ਅਕਸ਼ਿਤਾ ਸ਼ਰਮਾ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਡਬਲਜ਼ ਵਰਗ (ਅੰਡਰ 17) ਵਿੱਚ ਮਾਨਿਆ ਰੱਤੀ ਅਤੇ ਸਾਨਿਆ ਦੀ ਜੋੜੀ ਪਹਿਲੇ, ਜਾਨੀਆ ਕੋਚਰ ਅਤੇ ਤਨੀਕਸ਼ਾ ਚੌਹਾਨ ਦੂਜੇ, ਪ੍ਰਗਤੀ ਗੋਇਲ ਅਤੇ ਸਾਨਵੀ ਰਲਹਨ ਅਤੇ ਅਕਸ਼ਿਤਾ ਸ਼ਰਮਾ ਅਤੇ ਲਵਲੀਨ ਸ਼ਰਮਾ ਤੀਜੇ ਸਥਾਨ 'ਤੇ ਰਹੀਆਂ। ਲੜਕਿਆਂ ਦੇ ਡਬਲਜ਼ ਵਰਗ (ਅੰਡਰ 17) ਵਿੱਚ ਆਦਿਲ ਗੋਇਲ ਅਤੇ ਵੰਸ਼ ਬੱਤਰਾ ਪਹਿਲੇ, ਗੀਤਾਂਸ਼ ਸ਼ਰਮਾ ਅਤੇ ਪ੍ਰਥਮਨੂਰ ਸਿੰਘ ਦੂਜੇ, ਪ੍ਰੀਤਮ ਅਦਿਤ ਸਿੰਘ ਅਤੇ ਤੋਸ਼ੀਨ ਅਗਰਵਾਲ ਅਤੇ ਅਚਯੁਤ ਸ਼ਰਮਾ ਅਤੇ ਸ਼ਿਵਾਂਸ਼ ਪੁਰੀ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਸਿੰਗਲ ਵਰਗ (ਅੰਡਰ 17) ਵਿੱਚ ਇਨਾਇਤ ਗੁਲਾਟੀ ਪਹਿਲੇ, ਸਿਮਰਨਪ੍ਰੀਤ ਕੌਰ ਦੂਜੇ, ਲਵਲੀਨ ਸ਼ਰਮਾ ਅਤੇ ਸਾਨੀਆ ਤੀਜੇ ਸਥਾਨ 'ਤੇ ਰਹੇ। ਲੜਕਿਆਂ ਦੇ ਸਿੰਗਲ ਵਰਗ (ਅੰਡਰ 17) ਵਿੱਚ ਵੀਰੇਨ ਸੇਠ ਪਹਿਲੇ, ਦਾਨਿਸ਼ ਭਨੋਟ ਦੂਜੇ, ਸਮਰਥ ਭਾਰਦਵਾਜ ਅਤੇ ਗੀਤਾਂਸ਼ ਸ਼ਰਮਾ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਸਿੰਗਲ ਵਰਗ (ਅੰਡਰ 15) ਵਿੱਚ ਇਨਾਇਤ ਗੁਲਾਟੀ ਪਹਿਲੇ, ਸਾਨਵੀ ਰਲਹਨ ਦੂਜੇ, ਸ਼ਿਵਾਲੀ ਸ਼ਰਮਾ ਅਤੇ ਮਾਨਿਆ ਰੱਤੀ ਤੀਜੇ ਸਥਾਨ 'ਤੇ ਰਹੇ। ਲੜਕਿਆਂ ਦੇ ਸਿੰਗਲ ਵਰਗ (ਅੰਡਰ 15) ਵਿੱਚ ਵੀਰੇਨ ਸੇਠ ਪਹਿਲੇ, ਜ਼ੋਰਾਵਰ ਸਿੰਘ ਦੂਜੇ, ਅਯਾਨ ਜੈਨ ਅਤੇ ਮੰਥਨ ਡੋਗਰਾ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਡਬਲਜ਼ ਵਰਗ (ਅੰਡਰ 13) ਵਿੱਚ ਮਨਸੀਰਤ ਕੌਰ ਤੇ ਸੁਰਵੀਨ ਕੌਰ ਦੀ ਜੋੜੀ ਪਹਿਲੇ, ਮਾਈਰਾ ਤੇ ਮਾਈਰਾ ਚੋਪੜਾ ਦੂਜੇ, ਅਨਾਇਆ ਗੁਪਤਾ ਤੇ ਸਾਇਨਾ ਗਰਗ ਤੇ ਹਰਗੁਣ ਕੌਰ ਤੇ ਨਵਰੀਤ ਕੌਰ ਦੀ ਜੋੜੀ ਤੀਜੇ ਸਥਾਨ 'ਤੇ ਰਹੀ। ਲੜਕਿਆਂ ਦੇ ਡਬਲਜ਼ ਵਰਗ (ਅੰਡਰ 13) ਵਿੱਚ ਇਸ਼ਾਨ ਸ਼ਰਮਾ ਤੇ ਜ਼ੋਰਾਵਰ ਸਿੰਘ ਲੁਬਾਣਾ ਦੀ ਜੋੜੀ ਪਹਿਲੇ, ਦੀਪਾਂਸ਼ ਕੁੰਦਰਾ ਤੇ ਵਿਆਨ ਜੈਨ ਦੂਜੇ, ਮੌਲਿਕ ਵਿਗ ਤੇ ਵਰਿਣਯਮ ਸ਼ਰਮਾ ਤੇ ਈਸ਼ਾਨ ਸਚਦੇਵਾ ਤੇ ਰੇਵਨ ਸਹਿਗਲ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਸਿੰਗਲ ਵਰਗ (ਅੰਡਰ 13) ਵਿੱਚ ਇਨਾਇਤ ਗੁਲਾਟੀ ਪਹਿਲੇ, ਮਨਸੀਰਤ ਕੌਰ ਦੂਜੇ, ਸੁਰਵੀਨ ਕੌਰ ਅਤੇ ਇਨਾਜ਼ ਜੈਨ ਤੀਜੇ ਸਥਾਨ 'ਤੇ ਰਹੇ।ਲੜਕਿਆਂ ਦੇ ਸਿੰਗਲ ਵਰਗ (ਅੰਡਰ 13) ਵਿੱਚ ਦੀਪਾਂਸ਼ ਕੁੰਦਰਾ ਪਹਿਲੇ, ਜ਼ੋਰਾਵਰ ਸਿੰਘ ਲੁਬਾਣਾ ਦੂਜੇ, ਅੰਸ਼ ਸ਼ਰਮਾ ਅਤੇ ਈਸ਼ਾਨ ਸ਼ਰਮਾ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਡਬਲਜ਼ ਵਰਗ (ਅੰਡਰ 11) ਵਿੱਚ ਆਇਨਾ ਚੋਪੜਾ ਅਤੇ ਵਆਆਂ ਸੋਨੀ ਦੀ ਜੋੜੀ ਪਹਿਲੇ, ਹਰਗੁਣ ਕੌਰ ਅਤੇ ਤਨਵੀ ਬਾਂਸਲ ਦੂਜੇ, ਅਦਿਤੀ ਅਤੇ ਵੇਦਿਕਾ ਰਾਣੀ ਅਤੇ ਦੇਵੀਨਾ ਪੁਰੀ ਅਤੇ ਪਾਵਿਕਾ ਸ਼ਰਮਾ ਦੀ ਜੋੜੀ ਤੀਜੇ ਸਥਾਨ 'ਤੇ ਰਹੀ। ਲੜਕਿਆਂ ਦੇ ਡਬਲਜ਼ ਵਰਗ (ਅੰਡਰ 11) ਵਿੱਚ ਹਿਤਾਰਥ ਭਾਰਦਵਾਜ ਅਤੇ ਜਪਮਨਜੋਤ ਸਿੰਘ ਧਾਮੀ ਪਹਿਲੇ, ਆਰੀਅਨਸ਼ ਸ਼ਿਵਕਰ ਅਤੇ ਉੱਜਵਲ ਭਾਰਤੀ ਦੂਜੇ, ਅਗਮਜੋਤ ਸਿੰਘ ਅਤੇ ਵੰਸ਼ ਸ਼ਰਮਾ ਅਤੇ ਅਯਾਨ ਅਰੋੜਾ ਅਤੇ ਸ਼ਿਵੇਨ ਪੁਰੀ ਦੀ ਜੋੜੀ ਤੀਜੇ ਸਥਾਨ 'ਤੇ ਰਹੀ।ਲੜਕੀਆਂ ਦੇ ਸਿੰਗਲ ਵਰਗ (ਅੰਡਰ 11) ਵਿੱਚ ਹਰਗੁਣ ਕੌਰ ਪਹਿਲੇ, ਵਰਿਆਣਾ ਸੋਨੀ ਦੂਜੇ, ਨਿਮਰਤ ਕੌਰ ਮਾਨ ਅਤੇ ਆਇਨਾ ਚੋਪੜਾ ਤੀਜੇ ਸਥਾਨ 'ਤੇ ਰਹੀਆਂ। ਲੜਕਿਆਂ ਦੇ ਸਿੰਗਲ ਵਰਗ (ਅੰਡਰ 11) ਵਿੱਚ ਅਗਮਜੋਤ ਸਿੰਘ ਪਹਿਲੇ, ਜਪਮਨਜੋਤ ਸਿੰਘ ਧਾਮੀ ਦੂਜੇ, ਵੰਸ਼ ਸ਼ਰਮਾ ਅਤੇ ਹਿਤਾਰਥ ਭਾਰਦਵਾਜ ਤੀਜੇ ਸਥਾਨ 'ਤੇ ਰਹੇ। ਲੜਕੀਆਂ ਦੇ ਡਬਲਜ਼ ਵਰਗ (ਅੰਡਰ 19) ਵਿੱਚ ਮਾਨਿਆ ਰਲਹਨ ਅਤੇ ਸਾਨਵੀ ਰਲਹਨ ਦੀ ਜੋੜੀ ਪਹਿਲੇ, ਸਾਨੀਆ ਅਤੇ ਸਿਮਰਨ ਗਿਲਹੋਤਰਾ ਦੂਜੇ, ਗੁਰਲੀਨ ਮਰਵਾਹਾ ਅਤੇ ਮੌਗੀਨ ਜੈਨ ਅਤੇ ਅਕਸ਼ਿਤਾ ਸ਼ਰਮਾ ਅਤੇ ਲਵਲੀਨ ਸ਼ਰਮਾ ਦੀ ਜੋੜੀ ਤੀਜੇ ਸਥਾਨ 'ਤੇ ਰਹੀ। ਮਿਕਸਡ ਡਬਲਜ਼ ਵਰਗ ਵਿੱਚ ਮਨਮੋਹਿਤ ਸੰਧੂ ਅਤੇ ਮਾਨਿਆ ਰਲਹਨ ਪਹਿਲੇ, ਆਸ਼ੂ ਕੁਮਾਰ ਅਤੇ ਸਮ੍ਰਿਧੀ ਚੋਪੜਾ ਦੂਜੇ, ਰਿਸ਼ਾਂਤ ਸਿੱਧੂ ਅਤੇ ਸਿਮਰਨ ਗਿਲਹੋਤਰਾ ਅਤੇ ਰੁਬਲ ਸ਼ਰਮਾ ਅਤੇ ਉਨਤੀ ਦੀ ਜੋੜੀ ਤੀਜੇ ਸਥਾਨ 'ਤੇ ਰਹੀ। ਮਹਿਲਾ ਸਿੰਗਲ ਵਰਗ ਵਿੱਚ ਸਮਰਿਧੀ ਭਾਰਦਵਾਜ ਪਹਿਲੇ, ਜੈਸਮੀਨ ਮੱਲ੍ਹੀ ਦੂਜੇ, ਸਿਮਰਨ ਗਿਲਹੋਤਰਾ ਅਤੇ ਰਿਤਿਕਾ ਸ਼ਰਮਾ ਤੀਜੇ ਸਥਾਨ 'ਤੇ ਰਹੇ। ਮਾਧਵ ਕਨੌਜੀਆ ਨੇ ਪੁਰਸ਼ ਸਿੰਗਲ ਦਾ ਖਿਤਾਬ ਜਿੱਤਿਆ। ਦਿਵਯਮ ਸਚਦੇਵਾ ਦੂਜੇ, ਅਨੀਸ਼ ਭਾਰਦਵਾਜ ਅਤੇ ਆਸ਼ੂ ਕੁਮਾਰ ਤੀਜੇ ਸਥਾਨ 'ਤੇ ਰਹੇ।




# ਡਾ. ਰਾਜ ਕੁਮਾਰ ਵੋਟਰਾਂ ਦਾ ਧੰਨਵਾਦ ਕਰਨ ਲਈ ਪੱਟੀ ਪਹੁੰਚੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਪਹਿਲੀ ਵਾਰ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਵਿਧਾਨ ਸਭਾ ਹਲਕੇ ਚੱਬੇਵਾਲ ਦੇ ਪਿੰਡ ਪੱਟੀ ਵਿਚ ਵੋਟਰਾਂ ਦਾ ਧੰਨਵਾਦ ਕਰਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਹੁੰਚੇ, ਜਿਥੇ ਉਨ੍ਹਾਂ ਦਾ ਪਿੰਡ ਵਾਸੀਆਂ ਵੱਲੋਂ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੇ ਜੋ ਮੇਰੇ 'ਤੇ ਭਰੋਸਾ ਦਿਖਾ ਕੇ ਮੈਨੂੰ ਭਾਰੀ ਬਹੁਮਤ ਨਾਲ ਲੋਕ ਸਭਾ ਦੀ ਚੋਣ ਜਿਤਾਈ ਹੈ, ਮੈਂ ਉਨ੍ਹਾਂ ਦਾ ਹਮੇਸ਼ਾ ਰਿਣੀ ਰਹਾਂਗਾ।ਸਰਪੰਚ ਸ਼ਿੰਦਰਪਾਲ ਨੇ ਸਭ ਤੋਂ ਪਹਿਲਾਂ ਲੋਕ ਸਭਾ ਮੈਂਬਰ ਦਾ ਪਿੰਡ ਪਹੁੰਚਣ 'ਤੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਵੱਲੋਂ ਪਿੰਡ ਵਿਚ ਹੁਣ ਤੱਕ 4 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਨਾਲ ਕਰਵਾਏ ਗਏ ਵਿਕਾਸ ਕਾਰਜਾਂ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪਿੰਡ ਵਿਚ ਹੋਰ ਜੋ ਵਿਕਾਸ ਕਾਰਜ ਰਹਿੰਦੇ ਹਨ, ਉਨ੍ਹਾਂ ਨੂੰ ਜਲਦ ਪੂਰਾ ਕਰਵਾਉਣ ਲਈ ਬੇਨਤੀ ਕੀਤੀ।ਇਸ ਉਪਰੰਤ ਕੈਪਟਨ (ਰਿਟਾ:) ਸੋਹਣ ਲਾਲ ਨੇ ਵਾਲਮੀਕਿ ਧਰਮਸ਼ਾਲਾ ਲਈ ਪਖਾਨੇ, ਚਾਰਦੀਵਾਰੀ ਤੇ ਲੰਗਰ ਹਾਲ ਲਈ ਗ੍ਰਾਂਟ ਲਈ ਕਮੇਟੀ ਮੈਂਬਰਾਂ ਨਾਲ ਡਾ. ਰਾਜ ਕੁਮਾਰ ਨੂੰ ਮੰਗ ਪੱਤਰ ਵੀ ਦਿੱਤਾ। ਡਾ. ਰਾਜ ਕੁਮਾਰ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿਚ ਪਿੰਡ ਦੀਆਂ ਜੋ ਵੀ ਸਾਂਝੀਆਂ ਮੰਗਾਂ ਹਨ, ਉਨ੍ਹਾਂ ਨੂੰ ਜਲਦ ਪੂਰਾ ਕਰਵਾਇਆ ਜਾਵੇਗਾ।ਇਸ ਮੌਕੇ ਦੀਪਕ, ਨਿਸ਼ਾਂਤ, ਰਾਜੇਸ਼ ਕੁਮਾਰ, ਦਮਨ ਸਹੋਤਾ, ਨੰਬਰਦਾਰ ਸਤੀਸ਼ , ਪ੍ਰਧਾਨ ਬਲਵੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਗਿੰਡਾ, ਦੇਵ ਰਾਜ, ਬਲਵੀਰ ਰਾਜ, ਪਵਨਵੀਰ, ਉਪਕਾਰ ਪੱਟੀ, ਧਰਮ ਪਾਲ, ਰਣਜੀਤ ਸਿੰਘ, ਅਮਰਜੀਤ ਗਿੱਲ, ਮਨਜਿੰਦਰ ਸਿੰਘ, ਰਵਿੰਦਰਪਾਲ, ਦੀਦਾਰ ਸਿੰਘ , ਜਗਜੀਤ ਸਿੰਘ, ਸੋਢੀ ਰਾਮ, ਅਵਸ਼ਵਨੀ ਕੁਮਾਰ, ਅਸ਼ੋਕ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਬੱਚੇ, ਬੀਬੀਆਂ ਤੇ ਬਜ਼ੁਰਗ ਮੌਜੂਦ ਸਨ।

# 69 ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ ਮੈਂਬਰ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਦੇ ਉੱਦਮ ਸਦਕਾ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾ ਗੁਰਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ 450 ਸਾਲਾ ਜੋਤੀ ਜੋਤ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਸਮਾਗਮ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ/ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥਾ ਭਾਈ ਪਲਵਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਰਾਹੀ ਸੰਗਤਾ ਨੂੰ ਨਿਹਾਲ ਕੀਤਾ। ਢਾਡੀ ਜਥਾ ਭਾਈ ਲੱਖਾ ਸਿੰਘ ਮਾਨੇਪੁਰ, ਪ੍ਰਚਾਰਕ ਭਾਈ ਜਗਰੂਪ ਸਿੰਘ ਕਲਿਆਣਪੁਰ, ਭਾਈ ਗੁਰਵਿੰਦਰ ਸਿੰਘ ਵੜੈਚ, ਬੀਬੀ ਰਾਜਬੀਰ ਕੌਰ ਨੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਏ ਪੰਜ ਪਿਆਰਿਆਂ ਦੁਆਰਾ ਤਿਆਰ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ 69 ਪ੍ਰਾਣੀ ਗੁਰੂ ਵਾਲੇ ਬਣੇ। ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਧਰਮ ਪ੍ਰਚਾਰ ਕਮੇਟੀ ਵਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਬੀਬੀ ਜਸਬੀਰ ਕੌਰ ਜਫਰਵਾਲ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਹੈੱਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਤੇ ਗ੍ਰੰਥੀ ਭਾਈ ਗੁਰਦੇਵ ਸਿੰਘ ਵਲੋਂ ਪੰਜ ਪਿਆਰਿਆਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਮਨਦੀਪ ਸਿੰਘ ਅਕਾਊਂਟੈਂਟ, ਡਾ. ਰਣਜੀਤ ਸਿੰਘ ਬੇਦੀ ਕਲੋਨੀ, ਸੰਦੀਪ ਸਿੰਘ ਰੀਕਾਰਡਕੀਪਰ, ਭਾਈ ਸਵਰਨਜੀਤ ਸਿੰਘ, ਭਾਈ ਮਨਜੀਤ ਸਿੰਘ ਆਦਿ ਸਮੇਤ ਸਮੂਹ ਸਟਾਫ ਮੈਂਬਰ ਅਤੇ ਇਲਾਗੇ ਦੀਆਂ ਸੰਗਤਾਂ ਹਾਜ਼ਰ ਸਨ।

# ਕਲੀਨ ਸਿਟੀ ਗਰੀਨ ਸਿਟੀ ਸੇਵਾ ਸੁਸਾਇਟੀ ਦੇ ਮੈਂਬਰਾਂ ਵਾਤਾਵਰਣ ਸਬੰਧੀ ਜਾਗਰੂਕਾ ਕੀਤਾ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ. ਇੰਚਾਰਜ ਪ੍ਰੋਫੈਸਰ ਵਿਜੇ ਕੁਮਾਰ ਸਰਕਾਰੀ ਨਿਰਦੇਸ਼ਾਂ ਅਨੁਸਾਰ ਵਾਤਾਵਰਣ ਸਬੰਧੀ ਲਗਾਤਾਰ ਜਾਗਰੂਕਤਾ ਫੈਲਾਉਂਦੇ ਰਹਿੰਦੇ ਹਨ। ਇਸ ਵਾਰ ਵੀ ਹਰ ਸਾਲ ਦੀ ਤਰ੍ਹਾਂ ਮਾਤਾ ਚਿੰਤਪੁਰਨੀ ਦੇ ਮੰਦਰਾਂ ਵਿੱਚ ਜਾਣ ਵਾਲੀਆਂ ਸੰਗਤਾਂ ਨੂੰ ਉਨ੍ਹਾਂ ਨੇ ਆਪਣੀ ਪਤਨੀ ਰੋਮਾ ਦੇਵੀ ਲੈਕਚਰਾਰ ਸ.ਸ.ਸ.ਸ. ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਦੇ ਨਾਲ ਮਿਲ ਕੇ ਨਵਰਾਤਰਿਆਂ ਵਿੱਚ ਜਲ ਨੂੰ ਬਚਾਉਣ, ਉਸ ਨੂੰ ਸਾਫ ਸੁਥਰਾ ਬਣਾਏ ਰੱਖਣ, ਰੁੱਖ ਲਗਾਉਣ, ਉਨ੍ਹਾਂ ਦੀ ਦੇਖਭਾਲ ਕਰਨ, ਕੁਦਰਤੀ ਸਾਧਨਾਂ ਦੀ ਦੇਖਭਾਲ ਕਰਨ, ਵਾਤਾਵਰਣ ਨੂੰ ਸਵੱਛ ਬਣਾਏ ਰੱਖਣ ਲਈ ਪ੍ਰੇਰਿਤ ਕੀਤਾ। ਪ੍ਰੋ. ਵਿਜੇ ਕੁਮਾਰ ਨੇ ਇੱਕ ਦਿਨ ਕਲੀਨ ਸਿਟੀ ਗਰੀਨ ਸਿਟੀ ਸੇਵਾ ਸੋਸਾਇਟੀ ਚੋਹਾਲ, ਜ਼ਿਲ੍ਹਾ ਹੁਸ਼ਿਆਰਪੁਰ ਦੇ ਮੈਂਬਰਾਂ ਨਾਲ ਮਿਲ ਕੇ ਪੋਸਟਰਾਂ ਦੇ ਮਾਧਿਅਮ ਰਾਹੀਂ ਵੀ ਜਲ ਬਚਾਉਣ, ਇਸ ਨੂੰ ਸਾਫ ਸੁਥਰਾ ਬਣਾਏ ਰੱਖਣ, ਰੁੱਖ ਲਗਾਉਣ, ਸਵੱਛਤਾ ਬਣਾਏ ਰੱਖਣ ਲਈ ਭਗਤਾਂ ਨੂੰ ਪ੍ਰੇਰਿਤ ਕੀਤਾ।ਇਸ ਸਮੇਂ ਪ੍ਰੋਫੈਸਰ ਵਿਜੇ ਕੁਮਾਰ, ਲੈਕਚਰਾਰ ਰੋਮਾ ਦੇਵੀ, ਕ੍ਰਿਸ਼ਨ ਗੋਪਾਲ, ਰਿਟਾਇਰਡ ਲੈਕਚਰਾਰ ਮਨੋਜ ਦੱਤਾ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਸੁਖਮੰਦਰ ਸਿੰਘ, ਬਲਵਿੰਦਰ ਰਾਣਾ, ਮਨਦੀਪ ਸ਼ਰਮਾ, ਅਭਿਨੰਦਨ ਸ਼ਰਮਾ, ਬੱਚਾ ਪ੍ਰਸ਼ਾਦ, ਬਜਰੰਗੀ ਪਾਂਡੇ, ਪ੍ਰਮੋਦ ਸ਼ਰਮਾ, ਸੁਰਿੰਦਰ ਸ਼ਰਮਾ, ਜਸਵੀਰ ਸਿੰਘ, ਦੁਰਗਾ ਸਿੰਘ, ਅਸ਼ਵਨੀ ਥਾਣਾ, ਗੁਰਜੀਤ ਸਿੰਘ, ਸੌਰਵ ਮਹਿਤਾ, ਵਿਕਾਸ ਸ਼ਰਮਾ ਅੰਕਿਤ ਮੇਹਤਾ, ਜੋਲੀ ਸ਼ਰਮਾ ਵੀ ਹਾਜ਼ਰ ਸਨ।

# ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਸੂਬਾ ਕਮੇਟੀ ਦੀ ਮੀਟਿੰਗ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ. 100 ਦੀ ਸੂਬਾ ਕਮੇਟੀ ਦੀ ਮੀਟਿੰਗ ਪਿੰਡ ਲੰਗੜੋਆ ਮੱਲ ਹੈਲਥ ਕੇਅਰ ਸੈਂਟਰ ਸੂਟਬਾ ਪ੍ਰਧਾਨ ਤੇਜਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ।

ਇਹ ਮੀਟਿੰਗ 'ਚ ਸੂਬਾ ਜਨਰਲ ਸਕੱਤਰ ਡਾ. ਅਵਤਾਰ ਬਾਲੀ ਨਵਾਂਸ਼ਹਿਰ, ਸੂਬਾ ਖਜ਼ਾਨਚੀ ਡਾ. ਮਾਘ ਸਿੰਘ ਮਾਣਕੀ, ਚੇਅਰਮੈਨ ਡਾ. ਮਹਿੰਦਰ ਸਿੰਘ ਮੋਗਾ, ਸੂਬਾ ਵਾਇਸ ਪ੍ਰਧਾਨ ਮਹਿੰਦਰ ਸਿੰਘ ਸੋਹਲ ਅਜਨਾਲਾ, ਵਾਇਸ ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਹਰਭਜਨ ਸਿੰਘ ਮੱਲ ਨਵਾਂਸ਼ਹਿਰ, ਡਾ. ਪਲਵਿੰਦਰ ਸਿੰਘ ਮੈਂਬਰ, ਡਾ. ਸ਼ਾਮ ਲਾਲ ਅੰਮ੍ਰਿਤਸਰ, ਡਾ. ਰੋਹਿਤ ਬਾਲੀ ਜਾਡਲਾ ਬਲਾਕ ਨੇ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਜਿਹੜੇ ਕਾਲੇ ਕਾਨੂੰਨ ਲੈ ਕੇ ਆ ਰਹੀ ਜਿਵੇਂ ਧਰਨਾ ਨਾ ਲਾਉਣ ਦੇਣਾ ਅਤੇ ਹੋਰ ਉਨ੍ਹਾਂ ਦਾ ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ.100 ਵਿਰੋਧ ਕਰਦੇ ਹਾਂ। ਉਨ੍ਹਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੀ ਰਾਖੀ ਕਰਦੇ ਹੋਏ ਸਾਨੂੰ ਭਾਜਪਾ ਦੇ ਇਨ੍ਹਾਂ ਮਨਸੂਬਿਆਂ ਤੋਂ ਲੋਕਾਂ ਨੂੰ ਜਾਣੂ ਕਰਾਉਣ ਲਈ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ। ਇਸ ਤੋਂ ਬਾਅਦ ਡਾ. ਮਾਘ ਸਿੰਘ ਮਾਣਕੀ ਦੇ ਭਰਾ ਦੀ ਹੋਈ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।

# ਪੰਜਾਬ ਸਟੇਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ



**ਜਲੰਧਰ: (ਰਾਜੇਸ਼ ਥਾਪਾ)**-ਪੰਜਾਬ ਸਟੇਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਜਲੰਧਰ ਦੀ ਮਹੀਨਾਵਾਰ ਮੀਟਿੰਗ ਪਿਆਰਾ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਪਹਿਲਾਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਉੱਘੇ ਟ੍ਰੇਡ ਯੂਨੀਅਨ ਆਗੂ ਸਾਥੀ ਰਣਬੀਰ ਸਿੰਘ ਢਿੱਲੋਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਮੀਟਿੰਗ ਵਿੱਚ ਬੁਲਾਰਿਆਂ ਵਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਆਪਣੇ ਵਿਚਾਰ ਪੇਸ਼ ਕੀਤੇ ਗਏ।ਜਿਵੇਂ ਕਿ ਸਭ ਨੂੰ ਪਤਾ ਹੈ ਕਿ ਪੈਨਸ਼ਨਰਜ਼ ਦੀਆਂ ਬਹੁਤ ਸਾਰੀਆਂ ਮੰਗਾਂ ਜਿਵੇਂ ਕਿ 2.59 ਦਾ ਫੈਕਟਰ ਲੈਣਾ, ਡੀ ਏ ਦੀਆਂ ਬਕਾਇਆ ਕਿਸ਼ਤਾਂ, ਬਕਾਇਆ ਰਹਿੰਦਾ ਏਰੀਅਰ ਜਾਰੀ ਕਰਨਾ, ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਜਾਰੀ ਕਰਨਾ, ਮੈਡੀਕਲ ਭੱਤਾ 2000 ਰੁਪਏ ਮਹੀਨਾ ਕਰਨਾ, ਕੈਸ਼ਲੈੱਸ ਹੈਲਥ ਸਕੀਮ ਲਾਗੂ ਕਰਵਾਉਣਾ ਆਦਿ ਹੋਰ ਵੀ ਬਹੁਤ ਸਾਰੀਆਂ ਮੰਗਾਂ ਪੈਂਡਿੰਗ ਹਨ। ਇਨ੍ਹਾਂ ਮੰਗਾਂ ਸਬੰਧੀ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਦਿੱਤੇ ਗਏ ਸੱਦੇ ਅਨੁਸਾਰ ਮੁੱਖ ਮੰਤਰੀ ਪੰਜਾਬ ਦੇ ਝੂਠੇ ਲਾਰਿਆਂ ਦੀ ਪੰਡ ਵੀ ਫੂਕੀ ਗਈ ਸੀ। ਮੀਟਿੰਗ ਵਿਚ ਵੱਖ ਵੱਖ ਬੁਲਾਰਿਆਂ ਵਲੋਂ ਆਪਣੇ ਵਿਚਾਰ ਰੱਖੇ ਗਏ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਮਨੋਹਰ ਲਾਲ ਸਕੱਤਰ, ਜਸਪਾਲ ਸਿੰਘ, ਜੋਗਿੰਦਰ ਸਿੰਘ, ਗੁਲਸ਼ਨ ਸਿੰਘ, ਦੌਲਤ ਰਾਮ, ਜੋਗਿੰਦਰ ਸਿੰਘ ਮਕਸੂਦਾਂ, ਬਲਵਿੰਦਰ ਕੁਮਾਰ ਪ੍ਰਧਾਨ ਫਿਲੌਰ, ਮਸੀਹ ਚਰਨ ਅਤੇ ਹੋਰ ਵੱਡੀ ਗਿਣਤੀ ਵਿੱਚ ਮੈਂਬਰਾਂ ਵਲੋਂ ਸ਼ਮੂਲੀਅਤ ਕੀਤੀ ਗਈ।

# ਕੀਰਤਨ ਢਾਡੀ ਦਰਬਾਰ ਕਰਵਾਏ

**ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ)** ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਰਮਦਾਸਪੁਰ ਅਤੇ ਸੰਤ ਬਾਬਾ ਹਰਚਰਨ ਸਿੰਘ ਖਾਲਸਾ ਰਮਦਾਸਪੁਰ ਵਾਲਿਆਂ ਵੱਲੋਂ ਗੁਰਦੁਆਰਾ ਭਾਈ ਬੱਚਿਤਰ ਸਿੰਘ ਪਿੰਡ ਅੱਜੋਵਾਲ ਹੁਸ਼ਿਆਰਪੁਰ ਵਿਖੇ ਧੰਨ ਧੰਨ ਬਾਬਾ ਸ਼ੇਖ ਫਰੀਦ ਦੇ 850 ਸਾਲਾ ਆਗਮਨ ਪੁਰਬ ਸ਼ਤਾਬਦੀ ਨੂੰ ਸਮਰਪਿਤ ਅਤੇ ਸਿੰਘ ਸਭਾ ਲਹਿਰ ਦੇ 150 ਸਾਲਾ ਸਥਾਪਨਾ ਦਿਵਸ ਸ਼ਤਾਬਦੀ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤ ਪੁਰਬ ਸ਼ਤਾਬਦੀ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਢਾਡੀ ਦਰਬਾਰ ਸਮਾਗਮ ਸਜਾਇਆ ਗਿਆ ਜਿਸ ਵਿੱਚ ਗੁਰੂ ਕੇ ਮਹਾਨ ਕੀਰਤਨੀਏ ਭਾਈ ਸਰਬਜੀਤ ਸਿੰਘ, ਸੰਦੀਪ ਸਿੰਘ ਨੂਰਪੁਰੀ ਕਪੂਰਥਲੇ ਵਾਲੇ, ਭਾਈ ਸਤਿੰਦਰ ਸਿੰਘ ਆਲਮ ਹੁਸ਼ਿਆਰਪੁਰ ਵਾਲੇ, ਭਾਈ ਡਾਕਟਰ ਅਜੇ ਵੀਰ ਸਿੰਘ ਹੁਸ਼ਿਆਰਪੁਰ, ਕੌਮ ਦੇ ਵਿਦਵਾਨ ਢਾਡੀ ਭਾਈ ਸਾਹਿਬ ਗਿਆਨੀ ਕਸ਼ਮੀਰ ਸਿੰਘ ਕਾਦਰ, ਭਾਈ ਸਾਹਿਬ ਗਿਆਨੀ ਸੁਖਬੀਰ ਸਿੰਘ ਚੌਹਾਨ ਬੁੱਢੀ ਪਿੰਡ ਵਾਲਿਆਂ ਦੇ ਜਥੇ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਮੰਚ ਸੰਚਾਲਣ ਭਾਈ ਜਸਵਿੰਦਰ ਸਿੰਘ ਧੁੱਗਾ ਨੇ ਕੀਤਾ। ਇਸ ਮੌਕੇ ਸੰਗਤਾਂ ਵਿੱਚ ਡਾਕਟਰ ਹਰਮਿੰਦਰ ਸਿੰਘ ਸਹਿਜ, ਡਾਕਟਰ ਹਰਜਿੰਦਰ ਸਿੰਘ ਉਬਰਾਏ, ਭਾਈ ਆਤਮਾ ਸਿੰਘ ਧੂਤ, ਪ੍ਰੋਫੈਸਰ ਬਹਾਦਰ ਸਿੰਘ ਸੁਨੇਤ,



ਭਾਈ ਉਂਕਾਰ ਸਿੰਘ ਧਾਮੀ, ਭਾਈ ਕੁਲਜੀਤ ਸਿੰਘ ਚੌਹਾਨ, ਪ੍ਰਭਦੀਪ ਸਿੰਘ ਸ਼ੇਖੂਪੁਰ, ਭਾਈ ਹਰਜਿੰਦਰ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਅਵਤਾਰ ਸਿੰਘ, ਭਾਈ ਪ੍ਰਭਜੋਤ ਸਿੰਘ, ਭਾਈ ਦਿਲਬਾਗ ਸਿੰਘ ਸਹਿਬਾਜ਼ਪੁਰ, ਭਾਈ ਪ੍ਰਧਾਨ ਸਿੰਘ ਅੱਜੋਵਾਲ ਆਦਿ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਵਾਲਮੀਕਿ ਸਮਾਜ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ : ਸ਼ਰਮਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੀਤੇ ਦਿਨੀ ਸਫਾਈ ਕਰਮਚਾਰੀ ਯੂਨੀਅਨ ਦੇ ਦਫਤਰ ਪੁਰਾਣੇ ਕਮੇਟੀ ਬਜ਼ਾਰ ਵਿਖੇ ਸਮੂਹ ਵਾਲਮੀਕਿਨ ਸਮਾਜ ਦੇ ਆਗੂਆਂ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਵਾਲਮੀਕਿ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਤੌਰ ਤੇ ਆਮ ਆਦਮੀ ਪਾਰਟੀ ਦੇ ਨੇਤਾ ਬਿੰਦੂ ਸ਼ਰਮਾ ਰਾਹੀਂ ਕੈਬਿਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਮੰਗ ਪੱਤਰ ਸੌਂਪਿਆ ਗਿਆ ਅਤੇ ਬਿੰਦੂ ਸ਼ਰਮਾ ਨੇ ਸਮੂਹ ਵਾਲਮੀਕਿ ਭਾਈਚਾਰੇ ਨੂੰ ਇਹ ਵਿਸ਼ਵਾਸ਼ ਦਿਵਾਇਆ ਕਿ ਮੰਤਰੀ ਵਲੋਂ ਅਤੇ ਸਰਕਾਰ ਵੱਲੋਂ ਵਾਲਮੀਕਿ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਇਆ ਜਾਵੇਗਾ।ਇਸ ਮੌਕੇ ਪ੍ਰਧਾਨ ਕਰਨਜੋਤ ਆਦਿਆ, ਸਮੂਹ ਸਫਾਈ ਕਰਮਚਾਰੀ ਯੂਨੀਅਨ, ਜ਼ਿਲ੍ਹਾ ਪ੍ਰਧਾਨ ਵਾਲਮੀਕਿ ਸਮਾਜ ਸਭਾ ਮਨੋਜ ਕੈਨੇਡੀ, ਸੀਨੀਅਰ ਆਗੂ ਲਾਲ ਚੰਦ ਭੱਟੀ, ਦੇਸ ਰਾਜ, ਪ੍ਰਧਾਨ ਵਿੱਕੀ ਗਿਲ, ਪ੍ਰਧਾਨ ਸੁਖਦੇਵ ਆਦਿਆ, ਪ੍ਰਧਾਨ ਐਸ.ਐਮ. ਸਿੱਧੂ, ਭੁਵਨੇਸ਼ਵਰ, ਪਹਿਲਵਾਨ ਅਨਿਲ ਭੱਟੀ, ਪ੍ਰਧਾਨ ਬੰਟੀ ਗਿੱਲ, ਰਵਿੰਦਰ ਕੁਮਾਰ ਆਦਿਆ, ਪ੍ਰਧਾਨ ਏਵਰ ਸਿੱਧੂ, ਆਗੂ ਸੰਨੀ ਲਹੌਰੀਆ, ਅਸ਼ੋਕ ਕੁਮਾਰ, ਪ੍ਰਧਾਨ ਟਿਊਬਵੈਲ ਆਪ੍ਰੇਟਰ ਦਲੀਪ ਕੁਮਾਰ, ਸ਼ਾਲੂ ਪ੍ਰਧਾਨ, ਵਿੱਕੀ, ਅਸ਼ਵਨੀ, ਲੇਖਰਾਜ, ਰਾਜ ਸਿੰਗਰ, ਆਦਿ ਮੌਜੂਦ ਸਨ।

# ਟਰੈਕਟਰ ਮਾਰਚ ਦੀ ਕਾਲ ਦੇ ਮੱਦੇਨਜ਼ਰ ਕਿਸਾਨਾਂ ਦੀ ਮੀਟਿੰਗ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਬਹਿਲਾ ਵਿੱਚ ਜ਼ਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਵੱਲੋਂ ਮੀਟਿੰਗ ਕੀਤੀ ਗਈ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਅਨੁਸਾਰ 15 ਅਗਸਤ ਨੂੰ ਟਰੈਕਟਰ ਮਾਰਚ ਦੇ ਸੰਬੰਧ ਵਿੱਚ ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਆਗੂ ਬਲਜੀਤ ਸਿੰਘ ਰਟੌਲ, ਜ਼ੋਨ ਵਲੰਟੀਅਰ ਸੁਪਰਵਾਈਜ਼ਰ ਦਰਬਾਰਾ ਸਿੰਘ ਗੌਹਲਵੜ ਨੇ ਕਿਹਾ ਕਿ 15 ਅਗਸਤ ਨੂੰ ਜ਼ੋਨ ਦੀਆਂ ਸਾਰੀਆਂ ਇਕਾਈਆਂ ਵਿੱਚੋਂ ਘੱਟੋ-ਘੱਟ 5 ਟਰੈਕਟਰ ਮਾਰਚ ਵਿੱਚ ਸ਼ਾਮਲ ਹੋਣੇ ਜ਼ਰੂਰੀ ਹਨ। ਟਰੈਕਟਰ ਮਾਰਚ ਭਾਰਤ ਸਰਕਾਰ ਦੀਆਂ ਬੰਦ ਅੱਖਾਂ ਖੋਲ੍ਹਣ ਲਈ ਜ਼ਰੂਰੀ ਹੈ ਜੋ ਕਿਸਾਨੀ ਮੰਗਾਂ ਨੂੰ ਹੁਣ ਤੱਕ ਅਣਗੌਲਿਆਂ ਕਰ ਰਹੀ ਹੈ। ਉਨ੍ਹਾਂ ਇਸ ਟਰੈਕਟਰ ਮਾਰਚ ਰੈਲੀ ਦਾ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ। ਇਕਾਈ ਬਹਿਲਾ ਦੇ ਕਿਸਾਨ ਆਗੂ ਜੋਗਿੰਦਰ ਸਿੰਘ ਬਹਿਲਾ ਨੇ ਭਰੋਸਾ ਦਿੱਤਾ ਕਿ ਟਰੈਕਟਰ ਮਾਰਚ ਰੈਲੀ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇਗਾ ਤੇ ਜਥੇਬੰਦੀ ਨਾਲ ਮੋਢੇ ਨਾਲ ਮੋਢਾ ਲਾ ਕੇ ਹਮੇਸ਼ਾ ਤਿਆਰ ਬਰ ਤਿਆਰ ਰਹਾਂਗੇ।



# ਏ ਜੀ ਆਈ ਹ.ਫ਼ਤਾਵਾਰ ਸਬ-ਜੂਨੀਅਰ ਕ੍ਰਿਕਟ ਮੈਚ

## ਜਲੰਧਰ ਹਾਈਟਸ-2 ਨੇ ਜਲੰਧਰ ਹਾਈਟਸ-1 ਨੂੰ ਹਰਾਇਆ



**ਜਲੰਧਰ (ਰਾਜੇਸ਼ ਥਾਪਾ)** ਜਲੰਧਰ ਹਾਈਟਸ-1 ਦੇ ਟੀ ਬਲਾਕ ਕ੍ਰਿਕਟ ਗਰਾਊਂਡ 'ਚ ਖੇਡੇ ਗਏ ਹਫਤਾਵਾਰੀ ਏ ਜੀ ਆਈ ਹਫਤਾਵਾਰੀ ਸਬ ਜੂਨੀਅਰ ਕ੍ਰਿਕਟ ਮੈਚ 'ਚ ਜਲੰਧਰ ਹਾਈਟਸ-2 ਕ੍ਰਿਕਟ ਟੀਮ ਨੇ ਜਲੰਧਰ ਹਾਈਟਸ-1 ਦੀ ਜਿੱਤ ਤੋੜੀ।ਖੇਡੇ ਗਏ ਮੈਚ ਵਿੱਚ ਜਲੰਧਰ ਹਾਈਟਸ 2 ਨੇ 43.1 ਓਵਰਾਂ ਵਿੱਚ 8 ਵਿਕਟਾਂ ਦੇ ਨੁਕਸਾਨ ਨਾਲ 112 ਦੌੜਾਂ ਬਣਾਈਆਂ। ਜਲੰਧਰ ਹਾਈਟਸ 2, ਦੇ ਆਕਰਸ਼ ਗੋਇਲ ਨੇ 76 ਗੇਂਦਾਂ 'ਚ 35 ਦੌੜਾਂ ਬਣਾਈਆਂ ਅਤੇ ਸਿਡਕ ਨੇ 36 ਗੇਂਦਾਂ 'ਚ 24 ਦੌੜਾਂ ਬਣਾਈਆਂ। ਜਲੰਧਰ ਹਾਈਟਸ 2, ਨੂੰ 25 ਵਾਧੂ ਦੌੜਾਂ ਵੀ ਮਿਲੀਆਂ।ਜਲੰਧਰ ਹਾਈਟਸ-1 ਦੇ ਕੇਰਵ ਨੇ ਜਲੰਧਰ ਹਾਈਟਸ-2 ਦੀ ਟੀਮ ਖਿਲਾਫ ਸਿਰਫ 21 ਦੌੜਾਂ ਦੇ ਕੇ 5 ਵਿਕਟਾਂ ਹਾਸਲ ਕੀਤੀਆਂ।

ਜਲੰਧਰ ਹਾਈਟਸ-2 ਦੇ ਜਵਾਬ 'ਚ ਜਲੰਧਰ ਹਾਈਟਸ-1 ਦੀ ਸਬ ਜੂਨੀਅਰ ਟੀਮ ਨੇ ਦਸ ਵਿਕਟਾਂ ਦੇ ਨੁਕਸਾਨ ਨਾਲ 91 ਦੌੜਾਂ ਬਣਾਈਆਂ।ਜਲੰਧਰ ਹਾਈਟਸ-1, ਟੀਮ ਨੂੰ 25.2 ਓਵਰਾਂ ਵਿੱਚ 19 ਵਾਧੂ ਦੌੜਾਂ ਮਿਲੀਆਂ। ਜਲੰਧਰ ਹਾਈਟਸ-1 ਦੇ ਦਿਵਿਤ ਭੰਡਾਰੀ ਨੇ 30 ਗੇਂਦਾਂ 'ਚ ਸਭ ਤੋਂ ਵੱਧ 41 ਦੌੜਾਂ ਬਣਾਈਆਂ ਅਤੇ ਅਵੀਰ ਨੇ 17 ਗੇਂਦਾਂ 'ਚ 8 ਦੌੜਾਂ ਬਣਾਈਆਂ।ਜਲੰਧਰ ਹਾਈਟਸ-2 ਦੇ ਆਕਰਸ਼ ਨੇ 25 ਦੌੜਾਂ ਦੇ ਕੇ 3 ਵਿਕਟਾਂ, ਮਾਨਨ ਨੇ 19 ਦੌੜਾਂ ਦੇ ਕੇ 3 ਵਿਕਟਾਂ ਹਾਸਲ ਕੀਤੀਆਂ।ਜਲੰਧਰ ਹਾਈਟਸ-1 ਦੇ ਦਿਵਿਤ ਭੰਡਾਰੀ ਨੂੰ ਸਰਵੋਤਮ ਬੱਲੇਬਾਜ਼ ਅਤੇ ਕੇਰਵ ਬੇਰੀ ਨੂੰ ਮੈਚ ਦਾ ਸਰਵੋਤਮ ਗੇਂਦਬਾਜ਼ ਐਲਾਨਿਆ ਗਿਆ।

# ਹੜ੍ਹਾਂ ਕਾਰਨ ਨੀਵੇਂ ਇਲਾਕਿਆਂ ਤੋਂ ਦੂਰ ਰਹਿਣ ਲੋਕ : ਡੀ ਸੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਜ਼ਿਲ੍ਹੇ ਦੇ ਨਿਵਾਸੀਆਂ ਨਾਲ ਅਪੀਲ ਕੀਤੀ ਹੈ ਕਿ ਉਹ ਲਗਾਤਾਰ ਹੋ ਰਹੀ ਭਾਰੀ ਬਾਰਸ਼ ਕਰਕੇ ਪੈਦਾ ਹੋਈ ਸੰਭਾਵੀ ਹੜ੍ਹ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਡੈਮ, ਦਰਿਆ, ਨਹਿਰਾਂ, ਖੱਡਾਂ ਅਤੇ ਨੀਚਲੇ ਇਲਾਕਿਆਂ ਤੋਂ ਦੂਰ ਰਹਿਣ।ਉਨ੍ਹਾਂ ਕਿਹਾ ਕਿ ਇਨ੍ਹਾਂ ਖੇਤਰਾਂ ਵਿੱਚ ਪਾਣੀ ਦੇ ਵੱਧਦੇ ਪੱਧਰ ਕਾਰਨ ਖ਼ਤਰੇ ਦੀ ਸੰਭਾਵਨਾ ਬਣੀ ਹੋਈ ਹੈ, ਇਸ ਲਈ ਨਾਗਰਿਕਾਂ ਦੀ ਸੁਰੱਖਿਆ ਲਈ ਇਹ ਲਾਜ਼ਮੀ ਹੈ ਕਿ ਉਹ ਇਨ੍ਹਾਂ ਸਥਾਨਾਂ ਤੋਂ ਦੂਰ ਰਹਿਣ ਅਤੇ ਸਾਵਧਾਨੀ ਵਰਤਣ।ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਭਾਰੀ ਬਾਰਸ਼ ਦੇ ਕਾਰਨ ਜ਼ਿਲ੍ਹੇ ਤੋਂ ਲੰਘਣ ਵਾਲੇ ਦਰਿਆ, ਚੋਅ ਅਤੇ ਖੱਡਾਂ ਵਿੱਚ ਕਾਫੀ ਪਾਣੀ ਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਬਹੁਤ ਹੀ ਜ਼ਰੂਰੀ ਹੋਣ 'ਤੇ ਹੀ ਹਿਮਾਚਲ ਪ੍ਰਦੇਸ਼ ਜਾਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੜ੍ਹ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ 'ਤੇ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ ਕਿ 7 ਦਿਨ, 24 ਘੰਟੇ ਕਾਮ ਕਰ ਰਹੇ ਹਨ।ਜ਼ਿਲ੍ਹਾ ਪੱਧਰ 'ਤੇ ਬਣਾਏ ਗਏ ਇਸ ਕੰਟਰੋਲ ਰੂਮ ਦਾ ਟੈਲੀਫ਼ੋਨ ਨੰਬਰ 01882-220412 ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਪ੍ਰਭਾਵਿਤ ਹੋ ਰਹੇ ਇਲਾਕਿਆਂ 'ਤੇ ਖ਼ਾਸ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਥੇ ਰਾਹਤ ਪਹੁੰਚਾਉਣ ਲਈ ਹਰ ਸੰਭਵ ਕਦਮ ਚੁੱਕੇ ਜਾਣਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨਾਲ ਵੀ ਅਪੀਲ ਕੀਤੀ ਹੈ ਕਿ ਉਹ ਪ੍ਰਸ਼ਾਸਨ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਹੜਤਾਲੀ ਸਥਿਤੀ ਵਿੱਚ ਜ਼ਿਲ੍ਹਾ ਕੰਟਰੋਲ ਰੂਮ ਨਾਲ ਸੰਪਰਕ ਕਰੋ।

# ਬੇਗਮਪੁਰਾ ਟਾਈਗਰ ਫੋਰਸ ਵੱਲੋਂ ਸੁਭਾਸ਼ ਭਗਤ ਦਾ ਸਨਮਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੇਗਮਪੁਰਾ ਟਾਈਗਰ ਫੋਰਸ ਵਲੋਂ ਫੋਰਸ ਦੇ ਸੂਬਾ ਪ੍ਰਧਾਨ ਬੀਰਪਾਲ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੁਲੜਬਾਜੀ ਕਰਨ ਵਾਲਿਆਂ ਨੂੰ ਨੱਥ ਪਾਉਣ ਵਾਲੇ ਪੀ ਸੀ ਆਰ ਇੰਚਾਰਜ ਐਸ ਆਈ ਸੁਭਾਸ਼ ਭਗਤ ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਚੌਂਕ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਬੋਲਦਿਆਂ ਕਿਹਾ ਕਿ ਅੱਜ-ਕੱਲ੍ਹ ਜਿੱਥੇ ਮਾਤਾ ਚਿੰਤਪੁਰਨੀ ਦੇ ਸਾਉਣ ਮਹੀਨੇ ਦੇ ਮੇਲੇ ਦੇ ਨਵਰਾਤਰੇ ਚੱਲ ਰਹੇ ਹਨ ਉੱਥੇ ਹੀ ਮੇਲੇ ਵਿੱਚ ਸ਼ਾਮਲ ਹੋਣ ਲਈ ਰਸਤੇ ਵਿੱਚ ਜਾਂਦੇ ਕੁੱਝ ਗ਼ਲਤ ਨੌਜਵਾਨ ਆਪਣੇ-ਆਪਣੇ ਮੋਟਰਸਾਈਕਲਾਂ, ਟਰੈਕਟਰਾਂ ਅਤੇ ਹੋਰ ਵਹੀਕਲਾਂ 'ਤੇ ਸਟੰਟ ਕਰਕੇ ਹੁਲੜਬਾਜੀ ਕਰਦੇ ਹੋਏ ਮਾਤਾ ਚਿੰਤਪੁਰਨੀ, ਦੇ ਦਰਸ਼ਨ ਕਰਨ ਦੀ ਵਿਖਾਵੇ ਵਾਲੀ ਆਪਣੀ ਸ਼ਰਧਾ ਵਿਖਾਉਂਦੇ ਹਨ। ਉਹਨਾਂ ਕਿਹਾ ਕਿ ਇਹ ਵਿਖਾਵੇ ਵਾਲੀ ਸ਼ਰਧਾ-ਭਾਵਨਾ ਵਾਲੇ ਲੋਕ ਮਾਤਾ ਦੇ ਦਰਸ਼ਨ ਕਰਨ ਜਾਂਦੇ ਸਮੇਂ ਰਾਹ ਵਿੱਚ ਆਪਣੇ ਟਰੈਕਟਰਾਂ, ਮੋਟਰਸਾਈਕਲਾਂ ਦੇ ਮੋਹਰਲੇ ਦੋਵੇਂ ਟਾਇਰਾਂ ਨੂੰ ਉੱਪਰ ਚੁੱਕ ਕੇ ਸਟੰਟ ਕਰਨ ਦੇ ਚੱਕਰ ਵਿੱਚ ਕਈ ਵਾਰ ਆਪਣੀ ਜਾਨ ਤੋਂ ਵੀ ਹੱਥ ਧੋਹ ਬੈਠਦੇ ਹਨ।ਉਹਨਾਂ ਕਿਹਾ ਕਿ ਐਸ ਆਈ ਸੁਭਾਸ਼ ਭਗਤ ਵੱਲੋਂ ਹੁੱਲੜਬਾਜ਼ੀ ਅਤੇ ਸਟੰਟਬਾਜ਼ੀ ਕਰਕੇ ਭੱਜਣ ਵਾਲਿਆਂ ਗੱਡੀਆਂ ਜਾਂ ਮੋਟਰਸਾਈਕਲ ਸਕੂਟਰਾਂ ਦੇ ਨੰਬਰ ਨੋਟ ਕਰਕੇ ਬਾਅਦ ਵਿੱਚ ਆਰ ਟੀ ਓ ਦੇ ਦਫਤਰ ਤੋਂ ਉਕਤ ਨਾਮ ਕਢਵਾ ਕੇ ਉਨ੍ਹਾਂ ਦੇ ਘਰਾਂ ਵਿੱਚ ਜਾਕੇ ਚਲਾਨ ਕੱਟਣੇ ਇੱਕ ਸ਼ਲਾਘਾਯੋਗ ਕਦਮ ਹੈ।ਰਾਜ ਕੁਮਾਰ ਬੱਧਣ, ਅਮਨਦੀਪ, ਮੁਨੀਸ਼, ਗੋਗਾ ਡਾਡਾ, ਹਰੀ ਰਾਮ ਆਦੀਆਂ, ਨਿਤਿਨ ਸੈਣੀ, ਰਾਹੁਲ ਨਾਰਾ ਆਦਿ ਹਾਜ਼ਰ !

# ਡੀ ਸੀ ਵੱਲੋਂ ਭੌਂ ਵਿਕਾਸ ਤੇ ਵਿੱਤ ਨਿਗਮ ਦੀਆਂ ਸਕੀਮਾਂ ਦਾ ਲਾਭ ਲੈਣ ਦਾ ਸੱਦਾ

**ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਸਵੈ ਰੋਜ਼ਗਾਰ ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ ਦੀਆਂ ਵੱਖ-ਵੱਖ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਸੱਦਾ ਦਿੱਤਾ।ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਨਿਗਮ ਵੱਲੋਂ ਸਿੱਧਾ ਕਰਜ਼ਾ ਸਕੀਮ ਅਤੇ ਨੈਸ਼ਨਲ ਸ਼ਡਿਊਲ ਕਾਸਟ ਫਾਇਨਾਂਸ ਡਿਵੈਲਪਮੈਂਟ ਕਾਰਪੋਰੇਸ਼ਨ (ਐਨ ਐਸ ਐਫ ਡੀ ਸੀ) ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਸਵੈ ਰੋਜ਼ਗਾਰ ਲਈ 10 ਲੱਖ ਰੁਪਏ ਤੱਕ ਦਾ ਕਰਜ਼ਾ ਮੁਹੱਈਆ ਕਰਵਾਇਆ ਜਾਂਦਾ ਹੈ। ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਦੀ ਆਮਦਨ 3 ਲੱਖ ਰੁਪਏ ਸਾਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸੇ ਤਰ੍ਹਾਂ ਨੈਸ਼ਨਲ ਹੈਂਡੀਕੈਪਡ ਫਾਈਨਾਂਸ ਡਿਵੈਲਪਮੈਂਟ ਕਾਰਪੋਰੇਸ਼ਨ (ਐਨ ਐਚ ਐਫ ਡੀ ਸੀ) ਦੇ ਸਹਿਯੋਗ ਨਾਲ ਚਲਾਈ ਜਾਂਦੀ ਸਕੀਮ ਤਹਿਤ ਕਿਸੇ ਵੀ ਜਾਤੀ ਨਾਲ ਸਬੰਧਿਤ 40 ਫੀਸਦੀ ਜਾਂ ਇਸ ਤੋਂ ਵੱਧ ਦਿਵਿਆਂਗ ਵਿਅਕਤੀਆਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਕਰਜ਼ ਮੁਹੱਈਆ ਕਰਵਾਇਆ ਜਾਂਦਾ ਹੈ।ਡਾ. ਅਗਰਵਾਲ ਨੇ ਅੱਗੇ ਦੱਸਿਆ ਕਿ ਨੈਸ਼ਨਲ ਸਫ਼ਾਈ ਕਰਮਚਾਰੀ ਫਾਇਨਾਂਸ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਚਲਾਈ ਜਾਂਦੀ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ ਸਫ਼ਾਈ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਸਵੈ ਰੋਜ਼ਗਾਰ ਲਈ ਵੱਧ ਤੋਂ ਵੱਧ 2 ਲੱਖ ਰੁਪਏ ਦਾ ਕਰਜ਼ਾ ਦਿੱਤਾ ਜਾਂਦਾ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਬੈਂਕ ਟਾਈ-ਅਪ ਸਕੀਮ ਅਧੀਨ ਵਿਭਾਗ ਵਲੋਂ ਵੱਖ-ਵੱਖ ਬੈਂਕਾਂ ਨਾਲ ਤਾਲਮੇਲ ਕਰਕੇ ਅਨੁਸੂਚਿਤ ਜਾਤੀ ਦੇ ਗਰੀਬੀ ਰੇਖਾ ਤੋਂ ਹੇਠਾਂ ਆਉਣ ਵਾਲੇ ਵਿਅਕਤੀਆਂ ਨੂੰ 2 ਲੱਖ ਰੁਪਏ ਤੱਕ ਦਾ ਕਰਜ਼ ਸਵੈ ਰੋਜ਼ਗਾਰ ਲਈ ਮੁਹੱਈਆ ਕਰਵਾਇਆ ਜਾਂਦਾ ਹੈ।ਇਸ ਤੋਂ ਇਲਾਵਾ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ 30 ਲੱਖ ਰੁਪਏ ਤੱਕ ਦਾ ਕਰਜ਼ਾ ਦਿੱਤਾ ਜਾ ਸਕਦਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਦਫ਼ਤਰ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ, ਡਾ. ਬੀ ਆਰ ਅੰਬੇਦਕਰ ਭਵਨ, ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ ਵਿਖੇ ਪਹੁੰਚ ਕੀਤੀ ਜਾ ਸਕਦੀ ਹੈ।

# ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੀ ਅਹਿਮ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਦੀ ਅਹਿਮ ਮੀਟਿੰਗ ਮੋਤੀ ਮਹਿਲ ਹੁਸ਼ਿਆਰਪੁਰ ਵਿਖੇ ਕੁਲਦੀਪ ਸਿੰਘ ਖਾਂਬਾ ਚੇਅਰਮੈਨ ਇੰਡੀਆ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਰਬਸੰਮਤੀ ਨਾਲ ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਬ੍ਰਹਮ ਗਿਆਨੀ ਭਾਈ ਲਾਲੋ ਦਾ ਆਗਮਨ ਪੁਰਬ 22 ਸਤੰਬਰ ਦਿਨ ਐਤਵਾਰ ਨੂੰ ਹੁਸ਼ਿਆਰਪੁਰ ਵਿਖੇ ਸੂਬਾ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਕੁਲਦੀਪ ਸਿੰਘ ਖਾਂਬਾ ਨੇ ਆਏ ਸਾਰੇ ਅਹੁਦੇਦਾਰਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਆਰਗੇਨਾਈਜੇਸ਼ਨ ਵਲੋਂ ਸਾਲ 2014 ਤੋਂ ਬ੍ਰਹਮ ਗਿਆਨੀ ਭਾਈ ਲਾਲੋ ਦਾ ਆਗਮਨ ਦਿਵਸ ਮਨਾਇਆ ਜਾਂਦਾ ਹੈ ਇਸ ਵਾਰ ਇਸ ਦਿਹਾੜੇ ਨੂੰ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ ਜਿਸ ਲਈ ਸਾਰੇ ਪੰਜਾਬ ਦੇ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ। ਆਪਣੇ ਸੰਬੋਧਨ ਵਿੱਚ ਪ੍ਰਧਾਨ ਇੰਡੀਆ ਹਰਦੇਵ ਸਿੰਘ ਕੌਂਸਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ 10ਵਾਂ ਬ੍ਰਹਮ ਗਿਆਨੀ ਭਾਈ ਲਾਲੋ ਜੀ ਐਵਾਰਡ 2024 ਅਜਿਹੀ ਯੋਗ ਸਖਸ਼ੀਅਤ ਨੂੰ ਦਿੱਤਾ ਜਾਵੇਗਾ ਜੋ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਅਨੁਸਾਰ ਜੀਵਣ ਬਸਰ ਕਰਦਿਆਂ ਹੋਇਆਂ ਸਮਾਜ ਲਈ ਵਿਸ਼ੇਸ਼ ਸੇਵਾਵਾਂ ਨਿਭਾ ਰਿਹਾ ਹੋਵੇ, ਜਿਸ ਦੀ ਚੋਣ ਵਿਸ਼ੇਸ਼ ਕਮੇਟੀ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਐਵਾਰਡ ਵਿੱਚ 11000/-ਰੁਪਏ ਨਗਦ, ਇੱਕ ਟਰਾਫੀ ਅਤੇ ਸਿਰੋਪਾਓ ਸਨਮਾਨ ਜੈਕਾਰਿਆਂ ਦੀ ਗੂੰਜ ਵਿੱਚ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਪੂਰੇ ਵਿਸ਼ਵ ਵਿੱਚੋਂ ਚੁਣੀ ਸਖਸ਼ੀਅਤ ਨੂੰ ਦਿੱਤਾ ਜਾਵੇਗਾ।ਆਪਣੇ ਸੰਬੋਧਨ ਵਿੱਚ ਕਸ਼ਮੀਰ ਸਿੰਘ ਗੀਗਨੋਵਾਲ ਸਰਪ੍ਰਸਤ ਅਤੇ ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ ਨੇ ਕਿਹਾ ਕਿ ਇਸ ਵਾਰ ਸੂਬਾ ਪੱਧਰੀ ਸਮਾਗਮ ਲਈ ਵਿਸ਼ੇਸ਼ ਉਤਸ਼ਾਹ ਪਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਲਈ 6 ਸਤੰਬਰ ਨੂੰ ਸ਼ਾਮ 6 ਵਜੇ ਮੋਤੀ ਮਹਿਲ ਹੁਸ਼ਿਆਰਪੁਰ ਵਿਖ਼ੇ ਮੀਟਿੰਗ ਕੀਤੀ ਜਾ ਰਹੀ ਹੈ ਜਿਸ ਵਿੱਚ ਆਰ ਐੱਸ ਓ ਦੇ ਸਾਰੇ ਅਹੁਦੇਦਾਰਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ ਗਿਗਨਵਾਲ, ਜਗਦੀਪ ਸਿੰਘ ਸੀਹਰਾ, ਗੁਰਬਿੰਦਰ ਸਿੰਘ ਪਲਾਹਾ, ਜਸਵੰਤ ਸਿੰਘ ਭੋਗਲ, ਭੁਪਿੰਦਰ ਸਿੰਘ ਭਾਰਜ, ਇੰਜ. ਬਲਜੀਤ ਸਿੰਘ ਪਨੇਸਰ, ਜੋਧ ਸਿੰਘ ਭੰਬਰਾ, ਅਮਨਦੀਪ ਸਿੰਘ ਵਿਰਦੀ, ਜੋਗਾ ਸਿੰਘ ਪਲਾਹਾ, ਜਸਵਿੰਦਰ ਸਿੰਘ ਜੇਕੇ ਆਟੋ, ਹਰਜਿੰਦਰ ਸਿੰਘ ਵਿਰਦੀ,ਰਛਪਾਲ ਸਿੰਘ ਆਦਿ ਅਹੁਦੇਦਾਰ ਹਾਜ਼ਰ ਸਨ।

# ਸਹੂਲਤਾਂ ਦੀ ਘਾਟ ਕਾਰਨ ਕਮਿਊਨਿਟੀ ਸੈਂਟਰ ਬਣਿਆ ਚਿੱਟਾ ਹਾਥੀ !


ਕਮਿਊਨਿਟੀ ਸੈਂਟਰ ਦਾ ਬਾਹਰੀ ਦ੍ਰਿਸ਼, ਜਿੱਥੇ ਗੋਡੇ-ਗੋਡੇ ਘਾਹ ਉੱਗ ਚੁੱਕਾ ਹੈ ਤੇ ਅੰਦਰ ਦੀਆਂ ਖਸਤਾ ਹਾਲ ਤਸਵੀਰਾਂ।

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ)**-ਸਥਾਨਕ ਸ਼ਹਿਰ ਦੇ ਬੱਸ ਸਟੈਂਡ ਨਜ਼ਦੀਕ ਬਣਿਆ ਹੋਇਆ ਕਮਿਊਨਿਟੀ ਸੈਂਟਰ ਮਾਛੀਵਾੜਾ ਨਗਰ ਕੌਂਸਲ ਵੱਲੋਂ ਉਸ ਵੱਲ ਧਿਆਨ ਨਾ ਦੇਣ ਕਰਕੇ ਉਹ ਲੋਕਾਂ ਨੂੰ ਦੇਣ ਵਾਲੀਆਂ ਸਾਰੀਆਂ ਸਹੂਲਤਾਂ ਤੋਂ ਵਾਂਝਾ ਹੋ ਚੁੱਕਾ ਹੈ।ਦਰਅਸਲ ਇਹ ਕਮਿਊਨਿਟੀ ਸੈਂਟਰ ਕਾਂਗਰਸ ਸਰਕਾਰ ਮੌਕੇ ਮਾਛੀਵਾੜਾ ਨਗਰ ਕੌਂਸਲ ਦੇ ਪ੍ਰਧਾਨ ਸ੍ਰੀ ਅਨਿਲ ਸੂਦ ਵੱਲੋਂ ਇਸ ਲਈ ਤਿਆਰ ਕੀਤਾ ਗਿਆ ਸੀ ਤਾਂ ਜੋ ਸ਼ਹਿਰ ਦੇ ਲੋਕ ਇਸ ਜਗ੍ਹਾ ਕੋਈ ਵੀ ਆਪਣੇ ਖੁਸ਼ੀ-ਗਮੀ ਦੇ ਪ੍ਰੋਗਰਾਮ ਕਰ ਸਕਣ। ਇਸ ਕਮਿਊਨਿਟੀ ਸੈਂਟਰ ਦਾ ਨੀਂਹ ਪੱਥਰ ਉਸ ਸਮੇਂ ਦੇ ਐਮ.ਐੱਲ.ਏ. ਈਸ਼ਰ ਸਿੰਘ ਮਿਹਰਬਾਨ ਦੇ ਯਤਨਾਂ ਸਦਕਾ ਸ੍ਰੀ ਬਾਲ ਮੁਕੰਦ ਸ਼ਰਮਾ ਦੁਆਰਾ 6.5.1995 ਨੂੰ ਰੱਖਿਆ ਗਿਆ ਸੀ, ਜੋ ਉਸ ਸਮੇਂ ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸਨ।ਇਹ ਕਮਿਊਨਿਟੀ ਸੈਂਟਰ ਬਣਨ ਨਾਲ ਮਾਛੀਵਾੜਾ ਇਲਾਕੇ ਦੇ ਲੋਕਾਂ ਨੂੰ ਤਾਂ ਲਾਭ ਹੋਇਆ ਹੀ, ਉਸਦੇ ਨਾਲ ਨਗਰ ਕੌਂਸਲ ਦੇ ਬਜਟ 'ਚ ਵੀ ਵਾਧਾ ਹੋਇਆ, ਕਿਉਂਕਿ ਹਰ ਖੁਸ਼ੀ ਗਮੀ ਦੇ ਪ੍ਰੋਗਰਾਮ ਲਈ ਨਗਰ ਕੌਂਸਲ ਵੱਲੋਂ ਇੱਕ ਫੀਸ ਪਰਚੀ ਤੈਅ ਕੀਤੀ ਗਈ ਸੀ। ਪਰ ਜੇ ਅੱਜ ਦੀ ਗੱਲ ਕਰੀਏ ਤਾਂ ਕਮਿਊਨਿਟੀ ਸੈਂਟਰ ਦੀ ਨਗਰ ਕੌਂਸਲ ਵੱਲੋਂ ਸਾਂਭ ਸੰਭਾਲ ਨਾ ਹੋਣ ਕਰਕੇ ਪੰਜਾਬ ਸਰਕਾਰ ਵੱਲੋਂ ਖਰਚਿਆ ਕਰੋੜਾਂ ਰੁਪਇਆ ਮਿੱਟੀ ਹੁੰਦਾ ਦਿਖਾਈ ਦੇ ਰਿਹਾ ਹੈ, ਕਿਉਂਕਿ ਨਾ ਤਾਂ ਅੰਦਰ ਏ ਸੀ ਚੱਲਦਾ ਹੈ ਤੇ ਨਾ ਹੀ ਜੈਨਰੇਟਰ, ਲੰਮੇ ਸਮੇਂ ਤੋਂ ਇਲਾਕੇ ਦੇ ਲੋਕ ਨਗਰ ਕੌਂਸਲ ਅਧਿਕਾਰੀਆਂ ਤੋਂ ਇਹੀ ਸੁਣਦੇ ਆ ਰਹੇ ਹਨ ਕਿ ਬਹੁਤ ਜਲਦ ਇਨ੍ਹਾਂ ਨੂੰ ਠੀਕ ਕਰਵਾਇਆ ਜਾਵੇਗਾ, ਪਰ ਇਹ ਸਭ ਕੁਝ ਸੁਣਦਿਆਂ ਨੂੰ ਵੀ ਕਈ ਸਾਲ ਬੀਤ ਚੁੱਕੇ ਹਨ, ਜਿਸ ਕਾਰਨ ਹੁਣ ਤਾਂ ਕਮਿਊਨਿਟੀ ਹਾਲ ਦੀਆਂ ਦੀਵਾਰਾਂ 'ਤੇ ਲੱਗੀ ਹੋਈ ਡੈਕੋਰੇਸ਼ਨ ਵੀ ਕਈ ਜਗ੍ਹਾ ਤੋਂ ਟੁੱਟ ਚੁੱਕੀ ਹੈ।ਕਮਿਊਨਿਟੀ ਸੈਂਟਰ 'ਚ ਪ੍ਰੋਗਰਾਮ ਕਰਵਾਉਣ ਵਾਲਿਆਂ ਨੂੰ ਸਿਰਫ ਸਿਰ ਢਕਣ ਲਈ ਛੱਤ ਤੋਂ ਇਲਾਵਾ ਹੋਰ ਕੁਝ ਨਹੀਂ ਮਿਲਦਾ, ਕਿਉਂਕਿ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਜੈਨਰੇਟਰ ਦਾ ਇੰਤਜ਼ਾਮ ਕਰਨਾ ਪੈਂਦਾ ਹੈ, ਫਿਰ ਪੱਖੇ ਤੇ ਕੂਲਰ ਲੈ ਕੇ ਆਉਣੇ, ਉਸ ਤੋਂ ਬਾਅਦ ਟੁੱਟੀਆਂ ਦੀਵਾਰਾਂ ਨੂੰ ਢਕਣ ਲਈ ਉਨ੍ਹਾਂ 'ਤੇ ਪਰਦੇ ਲਗਾਉਣੇ ਪੈਂਦੇ ਹਨ, ਬਾਥਰੂਮ ਵੀ ਬਹੁਤ ਮਾੜੀ ਕੰਡੀਸ਼ਨ 'ਚ ਹਨ ਤੇ ਬਾਹਰ ਉੱਗਿਆ ਗੋਡੇ-ਗੋਡੇ ਘਾਹ ਮਾਛੀਵਾੜਾ ਨਗਰ ਕੌਂਸਲ ਦੀ ਸਫਾਈ ਮੁਹਿੰਮ ਦੇ ਪਰਦੇ ਖੋਲ੍ਹਦਾ ਹੋਇਆ ਕਮਿਊਨਿਟੀ ਸੈਂਟਰ ਆਪਣੇ ਆਪ ਨੂੰ ਲਵਾਰਿਸ ਹੋਣ ਦਾ ਅਹਿਸਾਸ ਕਰਵਾ ਰਿਹਾ ਹੈ।ਫਿਲਹਾਲ ਜੇ ਵੇਖਿਆ ਜਾਵੇ ਤਾਂ ਮਾਛੀਵਾੜਾ ਨਗਰ ਕੌਂਸਲ 'ਚ ਕਮਿਊਨਿਟੀ ਸੈਂਟਰ 'ਚ ਪ੍ਰੋਗਰਾਮ ਕਰਵਾਉਣ ਵਾਲਿਆਂ ਨੂੰ ਸਿਰਫ ਇਸ ਦੀ ਛੱਤ ਹੀ ਨਸੀਬ ਹੁੰਦੀ ਹੈ, ਬਾਕੀ ਦਾ ਸਾਰਾ ਤਾਮਝਾਮ ਉਨ੍ਹਾਂ ਨੂੰ ਆਪ ਕਰਨਾ ਪੈਂਦਾ ਹੈ, ਜਿਸ ਕਾਰਨ ਸਹੂਲਤਾਂ ਪੱਖੋਂ ਇਹ ਆਮ ਲੋਕਾਂ ਲਈ ਸਿਰਫ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ।ਆਖਰ ਖੰਡਰ ਬਣਦੇ ਜਾ ਰਹੇ ਕਮਿਊਨਿਟੀ ਸੈਂਟਰ ਦੀ ਹਾਲਤ 'ਚ ਕਦੋਂ ਸੁਧਾਰ ਹੋਵੇਗਾ..?

## ਲਾਇਨਜ਼ ਕਲੱਬ ਨਾਭਾ ਨੇ ਮਨਾਇਆ ਤੀਆਂ ਦਾ ਤਿਓਹਾਰ

### ਤੀਆਂ ਨਾਰੀ ਸ਼ਕਤੀ ਦਾ ਪ੍ਰਤੀਕ : ਸੰਨੀ ਸਿੰਗਲਾ



**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਵੱਲੋਂ ਪ੍ਰਧਾਨ ਸੰਨੀ ਸਿੰਗਲਾ ਦੀ ਅਗਵਾਈ ਵਿੱਚ ਤੀਆਂ ਦਾ ਤਿਓਹਾਰ ਮਨਾਇਆ ਗਿਆ।ਪ੍ਰਧਾਨ ਸੰਨੀ ਸਿੰਗਲਾ ਨੇ ਤੀਆਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਭਾਰਤੀ ਸੱਭਿਆਚਾਰ ਤੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ ਤੀਆਂ ਨਾਰੀ ਸ਼ਕਤੀ ਦਾ ਪ੍ਰਤੀਕ ਹੈ ਤੇ ਸਾਨੂੰ ਇਸ ਨੂੰ ਸੰਭਾਲਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ।ਉਨ੍ਹਾ ਕਿਹਾ ਕਿ ਤੀਆਂ ਦਾ ਤਿਉਹਾਰ ਸੱਭਿਆਚਾਰ ਤੇ ਵਿਰਸੇ ਤੋਂ ਜਾਣੂ ਹੋਣ ਦਾ ਮੌਕਾ ਵੀ ਪ੍ਰਦਾਨ ਕੀਤਾ ਹੈ।ਇਸ ਮੌਕੇ ਲਾਈਨ ਲੇਡੀਜ਼ ਲਈ ਤੀਆਂ ਦੇ ਤਿਓਹਾਰ ਦਾ ਖਾਸ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਕਿ ਉਨ੍ਹਾਂ ਦੇ ਝੂਲਣ ਲਈ ਪੀਂਗਾਂ ਲਾਈਆਂ ਗਈਆਂ ਤੇ ਉਨ੍ਹਾਂ ਦੇ ਖਾਣ-ਪੀਣ ਲਈ ਬਹੁਤ ਹੀ ਖ਼ੂਬਸੂਰਤ ਸਟਾਲਾਂ ਦਾ ਪ੍ਰਬੰਧ ਕੀਤਾ ਗਿਆ।ਬੱਚਿਆਂ ਲਈ ਝੂਟੇ ਲੈਣ ਲਈ ਮਿੱਕੀ ਡੋਨਲਜ਼ ਦੇ ਹਵਾ ਝੂਲੇ ਲਗਾਏ ਗਏ ਤੇ ਬੱਚਿਆਂ ਨੂੰ ਟਾਫੀਆਂ ਵੰਡਣ ਲਈ ਦੋ ਕਾਰਟੂਨ ਦਾ ਵੀ ਪ੍ਰਬੰਧ ਕੀਤਾ ਗਿਆ।ਇਸ ਮੌਕੇ ਤੀਆਂ ਦੇ ਪ੍ਰੋਗਰਾਮ ਵਿੱਚ ਬੱਚਿਆਂ ਵੱਲੋਂ ਵੀ ਬਹੁਤ ਹੀ ਸੋਹਣੀਆਂ ਸੌਂਗ ਆਈਟਮ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਛੋਟੇ ਬੱਚਿਆਂ ਨੇ ਪ੍ਰੋਗਰਾਮ ਵਿੱਚ ਇੱਕ ਅਲੱਗ ਹੀ ਰੰਗ ਬੰਨ੍ਹ ਦਿੱਤਾ, ਲਾਇਨ ਲੇਡੀਜ਼ ਵੱਲੋਂ ਸੰਮੀ ਗਾਣੇ 'ਤੇ ਡਾਂਸ ਦੀ ਬਹੁਤ ਹੀ ਵਧੀਆ ਪ੍ਰਫੋਰਮੈਂਸ ਪੇਸ਼ ਕੀਤੀ ਗਈ। ਅੰਤ ਵਿੱਚ ਜੋ ਗਿੱਧਾ ਲੇਡੀਜ਼ ਨੇ ਪੇਸ਼ ਕੀਤਾ, ਉਹ ਪ੍ਰੋਗਰਾਮ ਦਾ ਪੂਰਾ ਸਿਖਰ ਹੋ ਨਿੱਬੜਿਆ। ਗਿੱਧੇ ਵਿੱਚ ਕੁਸਮ ਮਿੱਤਲ, ਡੋਲੀ ਅਨਮੋਲ, ਸੰਗੀਤਾ ਬਾਂਸਲ, ਕਮਲੇਸ਼ ਸਿੰਗਲਾ, ਰਸ਼ਮੀ ਸਿੰਗਲਾ, ਵੀਨਾ ਬਾਂਸਲ, ਜਯੋਤੀ ਸਹਿਗਲ, ਕਮਲਪ੍ਰੀਤ ਤੇ ਨਰਪਿੰਦਰ ਕੌਰ ਨੇ ਭਾਗ ਲਿਆ।ਇਸ ਵਿੱਚ ਸਾਰੀਆਂ ਲਾਇਨ ਫੈਮਲੀਜ਼ ਹਾਜ਼ਰ ਰਹੀਆਂ।

## ਸਹਾਇਕ ਧੰਦਿਆ ਨੂੰ ਅਪਨਾਉਣ ਨਾਲ ਕਿਸਾਨ ਆਮਦਨ ਵਧਾ ਸਕਦੇ ਹਨ : ਡਾ. ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਚੰਗੀ ਕੁਆਲਟੀ ਦੀਆਂ ਸਬਜ਼ੀਆਂ ਤੇ ਫ਼ਸਲਾਂ ਪੈਦਾ ਕਰਨ ਦੇ ਨਾਲ-ਨਾਲ ਸਵੈ ਰੁਜ਼ਗਾਰ ਕਿੱਤਾ ਮੁਖੀ ਧੰਦਿਆਂ ਦੀ ਟ੍ਰੇਨਿੰਗ ਪ੍ਰਾਪਤ ਕਰਕੇ ਸਹਾਇਕ ਧੰਦਿਆਂ ਨੂੰ ਅਪਨਾਉਣ ਨਾਲ ਕਿਸਾਨ ਬੀਬੀਆਂ ਤੇ ਵੀਰ ਆਪਣੀ ਆਮਦਨ ਵਧਾ ਸਕਦੇ ਹਨ, ਜ਼ਹਿਰ ਮੁਕਤ ਸਬਜ਼ੀਆਂ ਤੇ ਅਨਾਜ ਵਾਲੀਆਂ ਫ਼ਸਲਾਂ ਵਿਸ਼ੇਸ਼ ਤੌਰ 'ਤੇ ਬਾਸਮਤੀ ਚੌਲਾਂ ਦੀ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ ਸਮੇਤ ਸਾਰੇ ਬਾਹਰਲੇ ਮੁਲਕਾਂ ਵਿਚ ਬਹੁਤ ਮੰਗ ਹੈ, ਜਿਸਦੇ ਸੰਦਰਭ ਵਿਚ ਪੰਜਾਬ ਸਰਕਾਰ ਵੱਲੋਂ ਕਿਸਾਨ ਹਿੱਤ ਵਿੱਚ ਦਸ ਕੀਟਨਾਸ਼ਕ ਤੇ ਉੱਲੀ ਨਾਸ਼ਕ ਜ਼ਹਿਰਾਂ ਤੇ ਬਾਸਮਤੀ ਦੀ ਫ਼ਸਲ ਉਪਰ ਸਪਰੇਅ ਕਰਨ 'ਤੇ ਪੂਰਨ ਪਾਬੰਦੀ ਲਾਈ ਹੈ। ਇਹ ਵਿਚਾਰ ਸਟੇਟ ਐਵਾਰਡੀ ਡਾ. ਜਸਵਿੰਦਰ ਸਿੰਘ ਬਰਾੜ ਮੁੱਖ ਖੇਤੀਬਾੜੀ ਅਫ਼ਸਰ ਮੋਗਾ ਨੇ ਪਿੰਡ ਦੌਲਤਪੁਰਾ ਵਿਖੇ ਅਗਾਂਹਵਧੂ ਕਿਸਾਨਾਂ ਨਾਲ ਸਾਂਝੇ ਕੀਤੇ। ਇਸ ਮੌਕੇ ਡਾ. ਬਰਾੜ ਨੇ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਰੱਖਣਾ ਤੇ ਜ਼ਹਿਰ ਮੁਕਤ ਵਸਤਾਂ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਵਾਤਾਵਰਣ ਨੂੰ ਸਾਫ਼ ਰੱਖਣ ਲਈ ਦਰੱਖਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਹੁਣ ਦਰੱਖਤਾਂ ਨੂੰ ਲਾਉਣ ਦਾ ਢੁਕਵਾ ਮੌਸਮ ਹੈ। ਦਰੱਖਤ ਜਿਥੇ ਸਾਨੂੰ ਸ਼ੁੱਧ ਆਕਸੀਜਨ ਪ੍ਰਦਾਨ ਕਰਦੇ ਹਨ, ਉਥੇ ਆਮਦਨ ਦਾ ਜਰੀਆਂ ਵੀ ਬਣਦੇ ਹਨ।

## ਜ਼ਿਲ੍ਹਾ ਪੱਧਰੀ ਫੈਂਸਿੰਗ ਖੇਡਾਂ 'ਚ ਅਕੈਡੀਆ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-68ਵੀਆਂ ਪੰਜਾਬ ਸਕੂਲ ਜ਼ਿਲ੍ਹਾ ਪੱਧਰੀ ਫੈਂਸਿੰਗ ਟੂਰਨਾਮੈਂਟ ਸਪਰਿੰਗ ਡੇਲਸ ਪਬਲਿਕ ਸਕੂਲ ਸੰਗਰੂਰ ਵਿੱਚ ਕਰਾਇਆ ਗਿਆ।ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦੌਰਾਨ ਅਕੈਡੀਆ ਵਰਲਡ ਸਕੂਲ ਦੇ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ ਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ।ਪ੍ਰਿੰਸੀਪਲ ਰਣਜੀਤ ਕੌਰ ਤੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਨੇ ਦੱਸਿਆ ਕਿ ਤਲਵਾਰਬਾਜ਼ੀ ਮੁਕਾਬਲੇ (ਫੈਂਸਿੰਗ) 'ਚ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਅਕੈਡੀਆ ਵਰਲਡ ਸਕੂਲ ਸੁਨਾਮ ਦੇ 23 ਵਿਦਿਆਰਥੀਆਂ ਨੂੰ ਅੰਤਰ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਚੁਣਿਆ ਗਿਆ।ਇਹ ਮੁਕਾਬਲਾ 9 ਅਗਸਤ 2024 ਨੂੰ ਸਪਰਿੰਗ ਡੇਲਸ ਪਬਲਿਕ ਸਕੂਲ ਸੰਗਰੂਰ ਵਿਖੇ ਵੱਖ-ਵੱਖ ਟੀਮਾਂ ਵਿਚਕਾਰ ਹੋਇਆ।ਇਸ ਮੌਕੇ ਡੀਪੀਈ ਸਤਵਿੰਦਰ ਕੌਰ ਸਰਕਾਰੀ ਹਾਈ ਸਕੂਲ ਕਿਲ੍ਹਾ ਭਰਿਆ, ਸੰਜੀਵ ਸ਼ਰਮਾ ਡੀ ਪੀ ਈ ਸਪਰਿੰਗ ਡੇਲ ਪਬਲਿਕ ਸਕੂਲ ਸੰਗਰੂਰ, ਅਮਰੀਕ ਸਿੰਘ ਪੀਟੀਆਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਰੋ ਮੌਜੂਦ ਸਨ।ਇਸ ਖੇਡ ਉਪਲੱਬਧੀ 'ਤੇ ਪ੍ਰਿੰਸੀਪਲ ਰਣਜੀਤ ਕੌਰ ਨੇ ਵਿਦਿਆਰਥੀਆਂ ਤੇ ਸਟਾਫ਼ ਨੂੰ ਵਧਾਈ ਦਿੰਦਿਆਂ ਇਸ ਦਾ ਸਿਹਰਾ ਡੀ. ਪੀ. ਪੰਕਜ ਕੁਮਾਰ ਸਿਰ ਬੰਨ੍ਹਿਆ ਤੇ ਨਾਲ ਹੀ ਸਟੇਟ ਪੱਧਰੀ ਮੁਕਾਬਲਿਆਂ ਲਈ ਬੱਚਿਆਂ ਨੂੰ ਚੰਗਾ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਮਗਨਰੇਗਾ ਮੇਟ ਦੀ ਨਿਯੁਕਤੀ ਰੱਦ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਮਗਨਰੇਗਾ ਤਹਿਤ ਕੰਮ ਕਰਦੇ ਮੇਟ ਚਰਨਜੀਤ ਸਿੰਘ ਪਿੰਡ ਦੋਦਾ ਬਲਾਕ ਗਿੱਦੜਬਾਹਾ ਦੀ ਨਿਯੁਕਤੀ ਰੱਦ ਕੀਤੀ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਬਲਵੰਤ ਸਿੰਘ ਲੋਕਪਾਲ ਮਗਨਰੇਗਾ ਨੇ ਦੱਸਿਆ ਕਿ ਮੇਟ ਚਰਨਜੀਤ ਸਿੰਘ ਖਿਲਾਫ ਗੁਰਤੇਜ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਦੋਦਾ ਨੇ ਲਿਖਤੀ ਸ਼ਿਕਾਇਤ ਦਿੱਤੀ ਕਿ ਉਹ ਤੇ ਉਸ ਦੀ ਘਰਵਾਲੀ ਕੁਲਦੀਪ ਕੌਰ ਜੌਬ ਕਾਰਡ ਨੰਬਰ 762 'ਤੇ 2 ਜਨਵਰੀ 2024 ਤੋਂ 8 ਜਨਵਰੀ 2024 ਤੱਕ 6 ਦਿਨ ਕੰਮ ਕੀਤਾ, ਉਨ੍ਹਾਂ ਦੀ ਹਾਜ਼ਰੀ ਐਨ ਐਮ ਐਮ ਐਸ ਤੇ ਫੋਟੋਆਂ ਵੀ ਹੋਈਆਂ। ਇਹ ਫੋਟੋਆਂ ਲਖਵਿੰਦਰ ਕੌਰ ਵੱਲੋਂ ਕੀਤੀਆਂ ਗਈਆਂ।ਇਸ ਸ਼ਿਕਾਇਤ 'ਤੇ ਗ੍ਰਾਮ ਰੋਜ਼ਗਾਰ ਸਹਾਇਕ ਗੁਰਪ੍ਰੀਤ ਸਿੰਘ, ਗੁਰਤੇਜ ਸਿੰਘ ਤੇ ਮੇਟ ਚਰਨਜੀਤ ਸਿੰਘ ਨੂੰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਗਿੱਦੜਬਾਹਾ ਰਾਹੀਂ ਆਪਣਾ ਪੱਖ ਰੱਖਣ ਲਈ ਗਵਾਹਾਂ ਤੇ ਰਿਕਾਰਡ ਸਮੇਤ ਬੁਲਾਇਆ ਗਿਆ।ਸਬੰਧਤ ਮੇਟ ਨੂੰ ਪੜਤਾਲ ਵਿੱਚ ਹਾਜ਼ਰ ਹੋਣ ਲਈ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਗਿੱਦੜਬਾਹਾ ਰਾਹੀਂ ਤਿੰਨ ਵਾਰੀ ਨੋਟਿਸ ਭੇਜਿਆ ਗਿਆ, ਪ੍ਰੰਤੂ ਉਹ ਹਾਜ਼ਰ ਨਹੀਂ ਹੋਇਆ।ਰਿਕਾਰਡ ਦੀ ਪੜਤਾਲ ਤੇ ਗਵਾਹਾਂ ਦੇ ਬਿਆਨਾਂ ਨੂੰ ਬਰੀਕੀ ਨਾਲ ਵਾਚਿਆ ਗਿਆ ਅਤੇ ਲੋਕਪਾਲ ਮਗਨਰੇਗਾ ਤੇ ਪੀ ਐਮ ਏ ਵਾਈ (ਜੀ) ਸ੍ਰੀ ਮੁਕਤਸਰ ਸਾਹਿਬ ਵੱਲੋਂ ਮੇਟ ਨੂੰ ਆਪਣੀ ਡਿਊਟੀ ਵਿੱਚ ਕੁਤਾਹੀ ਤੇ ਅਣਗਹਿਲੀ ਵਰਤਣ ਦੇ ਦੋਸ਼ ਵਿੱਚ ਉਸ ਦੀ ਨਿਯੁਕਤੀ ਨੂੰ ਰੱਦ ਕਰ ਦਿੱਤਾ ਗਿਆ।

## ਵੱਟੂ 'ਚ ਅਕਾਲੀ ਦਲ ਨੂੰ ਝਟਕਾ, ਟਕਸਾਲੀ ਪਰਵਾਰ 'ਆਪ' ਚ ਸ਼ਾਮਲ

### ਪਰਚਿਆਂ ਦੀ ਰਾਜਨੀਤੀ ਤੋਂ ਕੋਹਾਂ ਦੂਰ ਹਾਂ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)**-ਨਜ਼ਦੀਕੀ ਪਿੰਡ ਵੱਟੂ ਵਿਖੇ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਕਰੀਬ ਇੱਕ ਦਰਜ਼ਨ ਦੇ ਕਰੀਬ ਪਰਵਾਰਾਂ ਨੇ ਇੱਕ ਵੱਡਾ ਇਕੱਠ ਕਰਕੇ ਹਲਕੇ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਇਸ ਮੌਕੇ ਪਿੰਡ ਵਾਸੀਆਂ ਵੱਲੋਂ ਪ੍ਰੋਗਰਾਮ ਦੌਰਾਨ ਭਰਪੂਰ ਸਾਥ ਨਿਭਾਇਆ।ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਟਕਸਾਲੀ ਅਕਾਲੀ ਪਰਵਾਰਾਂ ਦਾ ਪਾਰਟੀ ਵਿੱਚ ਸ਼ਾਮਲ ਕਰਦਿਆਂ ਆਖਿਆ ਕਿ ਭਗਵੰਤ ਸਿੰਘ ਮਾਨ ਮੁੱਖਮੰਤਰੀ ਪੰਜਾਬ ਵੱਲੋਂ ਲੋਕ ਪੱਖੀ ਫੈਸਲੇ ਲਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਕਰਕੇ ਅੱਜ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਵਿਧਾਇਕ ਨੇ ਕਿਹਾ ਕਿ ਉਨ੍ਹਾ ਨੇ ਹਮੇਸ਼ਾ ਸਾਫ ਸੁਥਰੀ ਰਾਜਨੀਤੀ ਕੀਤੀ ਹੈ।ਉਨ੍ਹਾ ਕਿਹਾ ਕਿ ਦੂਜੀ ਰਿਵਾਇਤੀ ਪਾਰਟੀ ਦੀ ਤਰ੍ਹਾਂ ਅੱਜ ਤੱਕ ਕਿਸੇ 'ਤੇ ਵੀ ਕੋਈ ਝੂਠਾ ਪਰਚਾ ਦਰਜ ਨਹੀਂ ਕਰਵਾਇਆ, ਚਾਹੇ ਉਹ ਕਿਸੇ ਵੀ ਪਾਰਟੀ ਦਾ ਹੋਵੇ।ਉਨ੍ਹਾ ਕਿਹਾ ਕਿ ਉਹ ਪਰਚਿਆਂ ਦੀ ਰਾਜਨੀਤੀ ਤੋਂ ਕੋਹਾਂ ਦੂਰ ਹਨ।ਕਾਕਾ ਬਰਾੜ ਨੇ ਪਿੰਡ ਦੇ ਕੰਮਾਂ ਨੂੰ ਪਹਿਲ ਦਿੰਦਿਆਂ ਆਖਿਆ ਕਿ ਪਿੰਡਾਂ ਦੀਆਂ ਚਾਹੇ ਗਲੀਆਂ, ਨਾਲੀਆਂ ਜਾਂ ਖਾਲੇ ਹੋਣ, ਉਹ ਪਹਿਲ ਦੇ ਅਧਾਰ 'ਤੇ ਬਣਾਏ ਜਾਣਗੇ, ਚਾਹੇ ਉਹ ਖਾਲੇ ਕਿਸੇ ਵੀ ਪਾਰਟੀ ਦੇ ਵਰਕਰਾਂ ਦੇ ਹੋਣ।ਉਨ੍ਹਾਂ ਵੱਲੋਂ ਸਭ ਨੂੰ ਬਰਾਬਰ ਦਾ ਮਾਣ ਸਨਮਾਨ ਦੇਣ ਦੀ ਗੱਲ 'ਤੇ ਜ਼ੋਰ ਦਿੱਤਾ।ਇਸ ਮੌਕੇ ਪਾਰਟੀ ਵਿੱਚ ਆਏ ਜਸਕਰਨ ਸਿੰਘ, ਲਖਵਿੰਦਰ ਸਿੰਘ, ਬਾਬਾ ਸੁੱਖਾ ਸਿੰਘ, ਬਾਬਾ ਰਾਜ ਸਿੰਘ, ਕਿਰਪਾਲ ਸਿੰਘ, ਰਣਜੀਤ ਸਿੰਘ, ਸੁਖਦੇਵ ਸਿੰਘ, ਬਿੰਦਰਪਾਲ ਸਿੰਘ, ਸੁਖਇੰਦਰ ਸਿੰਘ, ਚਮਕੌਰ ਸਿੰਘ, ਅਮਰਿੰਦਰ ਸਿੰਘ, ਬਿੰਦਰ ਸਿੰਘ ਆਦਿ ਪਰਵਾਰਾਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਮਿਹਨਤ ਕਰਨਗੇ।ਅੰਤ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਪਿੰਡ ਵੱਲੋਂ ਸਨਮਾਨ ਕੀਤਾ ਗਿਆ।ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਲੁਬਾਣਿਆਂਵਾਲੀ, ਗੁਰਮੀਤ ਸਿੰਘ, ਜਥੇਦਾਰ ਵਿਕਰਮ ਸਿੰਘ, ਪ੍ਰਿੰਸ ਸਿੰਘ, ਸੂਬਾ ਸਿੰਘ, ਸੰਦੀਪ ਸਿੰਘ, ਹੀਰਾ ਸਿੰਘ, ਗੁਰਪ੍ਰੀਤ ਸਿੰਘ ਭੁੱਲਰ, ਸੋਨੂੰ ਢਾਣੀ ਵਾਲਾ, ਸ਼ਮਸ਼ੇਰ ਸਿੰਘ ਵੜਿੰਗ ਵਾਈਸ ਪ੍ਰਧਾਨ, ਪਰਮਜੀਤ ਸਿੰਘ ਪੰਮਾ ਨੰਬਰਦਾਰ ਬਲਾਕ ਪ੍ਰਧਾਨ, ਯੂਥ ਪ੍ਰਧਾਨ ਰੌਬਿਨ, ਸੁੱਖਾ ਸਿੰਘ ਆਦਿ ਹਾਜ਼ਰ ਸਨ।

## ਰਿਟਾਇਰਡ ਟੀਚਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਰਿਟਾਇਰਡ ਟੀਚਰਜ਼ ਐਸੋਸੀਏਸ਼ਨ ਰਾਮਪੁਰਾ ਫੂਲ ਦੀ ਮਾਸਿਕ ਮੀਟਿੰਗ ਸਸਸ ਸਕੂਲ, ਮੰਡੀ ਫੂਲ ਵਿਖੇ ਕੀਤੀ ਗਈ।ਇਸ ਮੀਟਿੰਗ 'ਚ ਕੁਦਰਤ-ਮਾਨਵ ਕੇਂਦਰਿਤ ਲੋਕ ਲਹਿਰ ਦੇ ਕੌਮੀ ਕੰਪੇਨ ਕਮੇਟੀ ਮੈਂਬਰ ਤੇ ਇੰਡੀਆ ਦੇ ਸਕੱਤਰ ਸੁਖਦੇਵ ਭੁਟਾਲ ਨੇ ਆਪਣੇ ਵਿਸ਼ੇ 'ਤੇ ਬੜੇ ਰੌਚਕ ਢੰਗ ਨਾਲ ਵਿਚਾਰ ਰੱਖੇ।ਹਾਜ਼ਰ ਰਿਟਾਇਰਡ ਅਧਿਆਪਕਾਂ ਨੇ ਇਹ ਵਿਚਾਰ ਬੜੇ ਧਿਆਨ ਨਾਲ ਸੁਣੇ।ਆਪਣੇ ਲੰਬੇ ਭਾਸ਼ਣ ਵਿੱਚ ਉਨ੍ਹਾ ਅੰਕੜੇ ਤੇ ਠੋਸ ਉਦਾਹਰਣਾਂ ਵੀ ਪੇਸ਼ ਕੀਤੀਆਂ।

ਮੀਟਿੰਗ ਵਿੱਚ ਸੰਸਥਾ ਦੇ ਸੰਸਥਾਪਕ ਬੀਰ ਬਹਾਦਰ ਗੁਪਤਾ, ਉਚੇਚੇ ਤੌਰ 'ਤੇ ਮੀਟਿੰਗ ਦੇ ਮੁੱਖ ਮਹਿਮਾਨ ਨੂੰ ਰੂਬਰੂ ਕਰਵਾਉਣ ਵਾਲੇ ਲਾਭ ਸਿੰਘ ਭੁੱਲਰ, ਸੁਰਜੀਤ ਮਾਨ ਪ੍ਰਧਾਨਗੀ ਮੰਡਲ ਵਿੱਚ ਸ਼ਸ਼ੋਭਤ ਸਨ।ਮੀਟਿੰਗ ਦਾ ਸੰਚਾਲਨ ਲੈਕਚਰਾਰ ਜਨਕ ਰਾਜ ਨੇ ਬਾਖੂਬੀ ਕੀਤਾ।ਮੀਟਿੰਗ ਵਿੱਚ ਚਮਨ ਲਾਲ ਗਰਗ, ਭੀਮ ਰਾਜ, ਸੁਰਿੰਦਰ ਮੰਡੀ ਕਲਾਂ, ਅਸ਼ੋਕ ਕੁਮਾਰ, ਸ਼ਹੀਦ ਬੇਰੁਜ਼ਗਾਰ ਅਧਿਆਪਕ ਯਾਦਗਾਰ ਦੇ ਕੈਸ਼ੀਅਰ, ਸੁਖਮੰਦਰ ਸਿੰਘ ਰਿਟਾਇਰਡ ਹੈੱਡਮਾਸਟਰ, ਰਾਮ ਕੁਮਾਰ, ਵਾਸਦੇਵ ਕਾਲੜਾ, ਜਵਾਹਰ ਲਾਲ, ਗੁਲਾਬ ਸਿੰਘ, ਪ੍ਰੀਤਮ ਸਿੰਘ, ਅਮਰਜੀਤ ਸਿੰਘ, ਪਰਦਮਨ ਸਿੰਘ, ਪਵਨ ਬਾਂਸਲ, ਲਹਿਰਾ ਧੂਰਕੋਟ ਤੋਂ ਅਧਿਆਪਕ ਸਮੇਤ ਸੁਰਿੰਦਰ ਗੁਪਤਾ ਹਾਜ਼ਰ ਸਨ।

## ਪ੍ਰਾਇਮਰੀ ਸਕੂਲ 'ਚ ਪਾਣੀ ਦੀ ਟੈਂਕੀ ਰੱਖੀ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸ਼ਹਿਰ ਦੇ ਸ਼ਹੀਦ ਕੈਪਟਨ ਕੇ ਕੇ ਗੌੜ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸਮਾਜਿਕ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਬੱਚਿਆਂ ਦੇ ਪੀਣ ਵਾਲੇ ਪਾਣੀ ਲਈ ਟੈਂਕੀ ਰੱਖੀ ਗਈ।ਸੰਸਥਾ ਦੇ ਆਗੂ ਕੁਲਵੰਤ ਸਿੰਘ ਨੇ ਦੱਸਿਆ ਕਿ ਸਥਾਨਕ ਸ਼ਹਿਰ ਦੇ ਕੇ ਕੇ ਗੌੜ ਪ੍ਰਾਇਮਰੀ ਸਕੂਲ ਵੱਲੋਂ ਪੀਣ ਵਾਲੇ ਪਾਣੀ ਦੀ ਕਿੱਲਤ ਬਾਰੇ ਸੰਸਥਾ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਸੰਸਥਾ ਵੱਲੋਂ ਇਸ ਸਮੱਸਿਆ ਨੂੰ ਦੇਖਦੇ ਹੋਏ ਪਾਣੀ ਦੀ ਟੈਂਕੀ ਰੱਖਣ ਦਾ ਸਮੂਹ ਸਟਾਫ ਨੂੰ ਵਿਸ਼ਵਾਸ ਦਿਵਾਇਆ।ਸੰਸਥਾ ਵੱਲੋਂ ਇਸੇ ਸਕੂਲ ਵਿੱਚੋਂ ਸੇਵਾ ਮੁਕਤ ਮੈਡਮ ਸ਼ੀਲਾ ਦੇਵੀ ਨੂੰ ਪਾਣੀ ਦੀ ਟੈਂਕੀ ਦੀ ਸੇਵਾ ਦਿੱਤੀ ਗਈ ਤਾਂ ਉਨ੍ਹਾਂ ਨੇ ਆਪਣੇ ਬੇਟੇ ਦੇ ਜਨਮ ਦਿਨ ਮੌਕੇ ਟੈਂਕੀ ਦੀ ਸੇਵਾ ਕੀਤੀ।ਸੰਸਥਾ ਤੇ ਸਾਰੇ ਸਟਾਫ਼ ਨੇ ਮੈਡਮ ਸ਼ੀਲਾ ਦੇਵੀ ਦੇ ਪਰਵਾਰ ਦਾ ਧੰਨਵਾਦ ਕੀਤਾ।

## ਆਈ ਐੱਸ ਐੱਫ ਕਾਲਜ ਆਫ਼ ਫਾਰਮੇਸੀ 'ਚ ਮਨਾਇਆ ਤੀਜ ਦਾ ਤਿਉਹਾਰ



**ਮੋਗਾ (ਇਕਬਾਲ ਸਿੰਘ ਖਹਿਰਾ)**

ਆਈ.ਐਸ.ਐਫ ਕਾਲਜ ਆਫ਼ ਫਾਰਮੇਸੀ ਵਿਖੇ ਤੀਜ ਉਤਸਵ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਸਮਾਗਮ ਦਾ ਉਦਘਾਟਨ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ.ਮੁਸਕਾਨ ਗਰਗ, ਡਾਇਰੈਕਟਰ ਡਾ.ਜੀ.ਡੀ.ਗੁਪਤਾ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਕੋਆਰਡੀਨੇਟਰ ਸੀਮਾ ਬਰਾੜ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਸੰਸਥਾ ਦੇ ਡਾਇਰੈਕਟਰ ਡਾ.ਜੀ.ਡੀ.ਗੁਪਤਾ ਨੇ ਸਾਰਿਆਂ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਜੀ ਆਇਆਂ ਕਿਹਾ ਅਤੇ ਕਿਹਾ ਕਿ ਸਾਵਣ ਦੇ ਮਹੀਨੇ ਤੀਜ ਦਾ ਤਿਉਹਾਰ ਔਰਤਾਂ ਵੱਲੋਂ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਿੱਚ ਔਰਤਾਂ ਨੇ ਝੂਲਾ, ਤੀਜ ਗੀਤ, ਗਿੱਧਾ, ਬੋਲੀਆ, ਟੱਪੇ, ਲੋਕ ਨਾਚ ਆਦਿ ਵਿੱਚ ਖੁਸ਼ੀ ਨਾਲ ਭਾਗ ਲਿਆ। ਕੋਆਰਡੀਨੇਟਰ ਸੀਮਾ ਬਰਾੜ ਨੇ ਦੱਸਿਆ ਕਿ ਸੰਸਥਾ ਦੇ 200 ਤੋਂ ਵੱਧ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਤੀਜ ਉਤਸਵ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਤੇ ਅਧਿਆਪਕਾਂ ਨੇ ਲੋਕ ਗੀਤ ਗਾ ਕੇ ਖੂਬ ਮਸਤੀ ਕੀਤੀ। ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵੱਖ-ਵੱਖ ਖੇਡਾਂ ਦੇ ਸਟਾਲਾਂ, ਰੱਸਾਕਸ਼ੀ, ਬੋਲੀ ਅਤੇ ਟੱਪ ਮੁਕਾਬਲੇ, ਤੰਬੋਲਾ, ਮਾਡਲਿੰਗ, ਪ੍ਰਤਿਭਾ ਕਿਰਿਆਵਾਂ ਆਦਿ ਵਿੱਚ ਭਾਗ ਲਿਆ ਅਤੇ ਆਪਣੀ ਕਲਾ ਦਾ ਵਧੀਆ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਸਭ ਨੂੰ ਤੀਜ ਉਤਸਵ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸੰਸਥਾ ਵੱਲੋਂ ਅਜਿਹੇ ਸਮਾਗਮ ਜਾਰੀ ਰੱਖੇ ਜਾਣਗੇ।

## 120 ਗ੍ਰਾਮ ਹੈਰੋਇਨ ਤੇ 1 ਮੋਬਾਇਲ ਫੋਨ ਸਮੇਤ ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਪੁਲਿਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 120 ਗ੍ਰਾਮ ਹੈਰੋਇਨ ਤੇ 1 ਮੋਬਾਇਲ ਫੋਨ ਸਮੇਤ ਗ੍ਰਿਫ਼ਤਾਰ ਕਰਕੇ ਉਸ ਖਿਲਾਫ 21 (ਬੀ) 61/85 ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਬ ਇੰਸਪੈਕਟਰ ਰਵੀ ਸ਼ੰਕਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਗੋਬਿੰਦ ਇਨਕਲੇਵ ਪਾਸ ਪੁੱਜੀ ਤਾਂ ਇਕ ਨੌਜਵਾਨ ਸੰਜੀਵ ਕੁਮਾਰ ਉਰਫ ਬੱਬੂ ਪੁੱਤਰ ਸੰਤਾ ਸਿੰਘ ਵਾਸੀ ਜੱਲੇ ਵਾਲਾ ਖੜ੍ਹਾ ਵਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਮੌਕੇ ਤੋਂ ਭੱਜਣ ਲੱਗਾ, ਜਿਸ ਨੂੰ ਪੁਲਿਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 120 ਗ੍ਰਾਮ ਹੈਰੋਇਨ ਤੇ ਇਕ ਮੋਬਾਇਲ ਫੋਨ ਬਰਾਮਦ ਕੀਤਾ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

## ਵਿਧਾਇਕ ਦਹੀਆ ਵੱਲੋਂ ਪਿੰਡਾਂ ਨੂੰ ਵਿਕਾਸ ਕਾਰਜਾਂ ਦੇ ਚੈੱਕ ਭੇਟ



**ਮਮਦੋਟ (ਹਰਪਾਲ ਸਿੰਘ ਸੋਢੀ)**-ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਵੱਲੋਂ ਬੀਤੇ ਦਿਨ ਮਮਦੋਟ ਬਲਾਕ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਮੌਕੇ 'ਤੇ ਹੱਲ ਕਰਨ ਲਈ ਸੰਬੰਧਤ ਅਫ਼ਸਰਾਂ ਨੂੰ ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਉਨ੍ਹਾ ਪਿੰਡ ਲੱਖਾ ਸਿੰਘ ਵਾਲਾ ਹਿਠਾੜ ਨੂੰ ਵਿਕਾਸ ਕਾਰਜਾਂ ਲਈ 8.75 ਲੱਖ, ਪਿੰਡ ਰਾਊਕੇ ਹਿਠਾੜ ਨੂੰ 7 ਲੱਖ, ਪਿੰਡ ਮਤੜ ਉਤਾੜ ਨੂੰ 6.50 ਲੱਖ, ਪਿੰਡ ਚੱਕ ਘੁਬਾਈ ਉਰਫ ਟਾਂਗਨ ਨੂੰ 7 ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ।

ਇਸ ਮੌਕੇ ਬੋਲਦਿਆਂ ਉਨ੍ਹਾ ਪ੍ਰਬੰਧਕਾਂ ਤੇ ਪਿੰਡ ਵਾਸੀਆਂ ਨੂੰ ਇਹ ਰਾਸ਼ੀ ਇਮਾਨਦਾਰੀ ਨਾਲ ਵਿਕਾਸ ਕਾਰਜਾਂ 'ਤੇ ਖਰਚ ਕਰਨ ਲਈ ਨਿਰਦੇਸ਼ ਦਿੱਤੇ ਅਤੇ ਉਨ੍ਹਾ ਕਿਹਾ ਕਿ ਭਵਿੱਖ ਵਿੱਚ ਵੀ ਉਹ ਪਿੰਡਾਂ ਦੇ ਵਿਕਾਸ ਲਈ ਪੈਸੇ ਦੀ ਕਮੀ ਨਹੀਂ ਆਉਣ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਨ੍ਹਾਂ ਨਾਲ ਪਾਰਟੀ ਦੇ ਸੀਨੀਅਰ ਆਗੂ ਤੇ ਬਲਾਕ ਪ੍ਰਭਾਰੀ ਬਲਰਾਜ ਸਿੰਘ ਸੰਧੂ, ਬਲਵਿੰਦਰ ਸਿੰਘ ਰਾਊਕੇ ਬਲਾਕ ਪ੍ਰਧਾਨ, ਗੁਰਨਾਮ ਸਿੰਘ ਹਜਾਰਾ ਬਲਾਕ ਪ੍ਰਧਾਨ, ਦਲਜੀਤ ਸਿੰਘ ਐਮ ਸੀ, ਸੁਰਿੰਦਰ ਕੁਮਾਰ ਸੋਨੂੰ ਸੇਠੀ ਐਮ ਸੀ, ਡਾਕਟਰ ਦਲਜੀਤ ਸਿੰਘ ਜੋਸਨ ਰਹੀਮੇ ਕੇ, ਬਲਵੀਰ ਸਿੰਘ ਫੱਤੇ ਵਾਲਾ ਬਲਾਕ ਪ੍ਰਧਾਨ, ਤਰਸੇਮ ਸਿੰਘ ਸੋਨੂੰ ਛੱਪੜ ਮਮਦੋਟ, ਹਰਜਿੰਦਰ ਸਿੰਘ ਸਿੱਧੀ, ਸੰਦੀਪ ਕੁਮਾਰ ਸੋਨੀ ਵਾਰਡ ਨੰਬਰ 5, ਪ੍ਰੀਤਮ ਸਿੰਘ ਸੋਢੀ ਰਹੀਮੇ ਕੇ, ਰਜਵੰਤ ਸਿੰਘ ਸੋਢੀ ਰਹੀਮੇ ਕੇ, ਪਰਮਜੀਤ ਸਿੰਘ ਚੱਕ ਘੁਬਾਈ, ਸੁਭਾਸ਼ ਕੁਮਾਰ ਬੱਤਾ ਮਮਦੋਟ, ਗੁਰਪ੍ਰੀਤ ਸਿੰਘ ਗਿੱਲ ਐਡਵੋਕੇਟ ਨਿੱਜੀ ਸਕੱਤਰ ਹਲਕਾ ਵਿਧਾਇਕ ਤੇ ਹੋਰ ਹਾਜ਼ਰ ਸਨ।

## ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ 50 ਪਰਵਾਰਾਂ ਨੂੰ ਰਾਸ਼ਨ ਭੇਟ



**ਜਗਰਾਉਂ (ਅਮਿਤ ਖੰਨਾ)**-ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਐਤਵਾਰ ਨੂੰ ਸਥਾਨਕ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ 50 ਜ਼ਰੂਰਤਮੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਤਕਸੀਮ ਕੀਤਾ ਗਿਆ। ਇਸ ਮੌਕੇ ਕਰ ਭਲਾ ਹੋ ਭਲਾ ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਜਿੱਥੇ ਜ਼ਰੂਰਤਮੰਦ ਵਿਅਕਤੀਆਂ ਲਈ ਚਲਾਈ ਜਾ ਰਹੀ ਰਸੋਈ ਵਿੱਚ 10 ਰੁਪਏ ਵਿੱਚ ਭਰ ਪੇਟ ਭੋਜਨ ਮੁਹੱਈਆ ਕਰਵਾਇਆ ਜਾ ਰਿਹਾ ਹੈ, ਉੱਥੇ ਹੀ ਜ਼ਰੂਰਤਮੰਦ ਪਰਵਾਰਾਂ ਨੂੰ ਹਰੇਕ ਮਹੀਨੇ ਸੁੱਕਾ ਰਾਸ਼ਨ ਦੇਣ ਤੋਂ ਇਲਾਵਾ ਹੋਰ ਵੀ ਕਈ ਸਮਾਜ ਸੇਵਾ ਦੇ ਕੰਮ ਕੀਤੇ ਜਾ ਰਹੇ ਹਨ। ਇਸ ਮੌਕੇ ਬਾਬਾ ਹੀਰਾ ਸਿੰਘ ਗਊਸ਼ਾਲਾ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਯੂ ਐਸ ਏ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਤਾਰੀਫ਼ ਕਰਦਿਆਂ ਸੁਸਾਇਟੀ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸੁਸਾਇਟੀ ਦੇ ਸੈਕਟਰੀ ਨਨੇਸ਼ ਗਾਂਧੀ, ਕੈਸ਼ੀਅਰ ਨੀਰਜ ਕਟਾਰੀਆ, ਵਿਸ਼ਾਲ ਸ਼ਰਮਾ, ਸਾਹਿਲ ਗੁਪਤਾ, ਕਮਲ ਗੁਪਤਾ, ਹੈਪੀ ਮਾਨ, ਕੈਪਟਨ ਨਰੇਸ਼ ਵਰਮਾ, ਭੁਪਿੰਦਰ ਸਿੰਘ ਮੁਰਲੀ ਆਦਿ ਹਾਜ਼ਰ ਸਨ।

## ਨੈਸ਼ਨਲ ਪਬਲਿਕ ਸਕੂਲ ਛਾਜਲੀ 'ਚ ਕਬੱਡੀ ਮੁਕਾਬਲੇ ਕਰਵਾਏ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਥੋੜ੍ਹੀ ਦੂਰ ਨੈਸ਼ਨਲ ਪਬਲਿਕ ਸਕੂਲ ਛਾਜਲੀ ਵਿਖੇ 68ਵੀਆਂ ਪੰਜਾਬ ਸਕੂਲ ਜ਼ੋਨ ਦੀ ਕੱਬਡੀ ਨੈਸ਼ਨਲ ਸਟਾਈਲ ਕਰਾਈ ਗਈ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਲੜਕੇ/ਲੜਕੀਆਂ ਨੇ ਭਾਗ ਲਿਆ।ਖੇਡ ਕਨਵੀਨਰ ਸੰਜੀਵ ਜੋਸ਼ੀ, ਗੁਰਦੇਵ ਸਿੰਘ, ਗੁਰਦਰਸ਼ਨ ਸਿੰਘ, ਹਰਦੀਪ ਸਿੰਘ, ਦਰਸ਼ਨ ਸਿੰਘ, ਵੀਨਾ ਰਾਣੀ, ਸੁਰਜੀਤ ਕੌਰ ਤੇ ਸ਼ਰਨਜੀਤ ਕੌਰ ਦੀ ਦੇਖ-ਰੇਖ ਹੇਠ ਮੁਕਾਬਲੇ ਕਰਾਏ ਗਏ।ਇਸ ਖੇਡ ਮੁਕਾਬਲੇ ਵਿੱਚ 20 ਟੀਮਾਂ ਲੜਕੇ ਤੇ 8 ਟੀਮਾਂ ਲੜਕੀਆਂ ਨੇ ਭਾਗ ਲਿਆ, ਜਿਸ ਵਿੱਚ ਅੰਡਰ-16 ਲੜਕੇ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤੇ ਲੜਕੀਆਂ 'ਚ ਸਰਕਾਰੀ ਮਿਡਲ ਸਕੂਲ ਘਾਸੀਵਾਲ ਫਸਟ।ਅੰਡਰ-17 ਲੜਕੇ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੋਖਰ ਤੇ ਲੜਕੀਆਂ 'ਚ ਬ੍ਰਿਟਿਸ਼ ਪਬਲਿਕ ਸਕੂਲ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ।ਸਕੂਲ ਚੇਅਰਪਰਸਨ ਮੈਡਮ ਪ੍ਰਵੀਨ ਅਖਤਰ ਨੇ ਬੱਚਿਆਂ ਤੇ ਬਾਹਰੋਂ ਆਏ ਅਧਿਆਪਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੱਚਿਆਂ ਲਈ ਪੜ੍ਹਾਈ ਦੇ ਨਾਲ ਖੇਡਾਂ ਵੀ ਜ਼ਰੂਰੀ ਹਨ, ਜਿਸ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਹੁੰਦਾ ਹੈ ਤੇ ਬੱਚੇ ਨਸ਼ਿਆਂ ਤੋਂ ਬਚੇ ਰਹਿੰਦੇ ਹਨ। ਇਸ ਲਈ ਅਜਿਹੇ ਮੁਕਾਬਲੇ ਹੁੰਦੇ ਰਹਿਣੇ ਚਾਹੀਦੇ ਹਨ।ਇਸ ਮੌਕੇ ਉਨ੍ਹਾਂ ਨਾਲ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

## ਪੀ ਐੱਸ ਪੀ ਸੀ ਐੱਲ ਵੱਲੋਂ ਵਿਆਪਕ ਜਾਂਚ ਮੁਹਿੰਮ ਦੌਰਾਨ ਚੋਰੀ ਦੇ 1,108 ਮਾਮਲੇ ਫੜੇ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਦੇ ਊਰਜਾ ਮੰਤਰੀ ਹਰਭਜਨ ਸਿੰਘ ਈਟੀਓ ਦੇ ਨਿਰਦੇਸ਼ਾਂ ਅਧੀਨ, ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ (ਪੀਐਸਪੀਸੀਐਲ) ਦੇ ਪੰਜ ਖੇਤਰਾਂ ਵਿੱਚ ਸ਼ਨੀਵਾਰ ਨੂੰ ਬਿਜਲੀ ਚੋਰੀ, ਬਿਜਲੀ ਦੀ ਅਣਅਧਿਕਾਰਤ ਵਰਤੋਂ (ਯੂਯੂਈ) ਤੇ ਲੋਡ ਦੇ ਅਣਅਧਿਕਾਰਤ ਵਿਸਤਾਰ (ਯੂਈ) ਅਤੇ ਹੋਰ ਮਾਮਲਿਆਂ ਦੀ ਜਾਂਚ ਲਈ ਇੱਕ ਵਿਆਪਕ ਜਾਂਚ ਮੁਹਿੰਮ ਚਲਾਈ ਗਈ।ਵਧੇਰੇ ਜਾਣਕਾਰੀ ਦਿੰਦੇ ਹੋਏ ਪੀਐਸਪੀਸੀਐਲ ਦੇ ਡਾਇਰੈਕਟਰ (ਵੰਡ) ਇੰਜ. ਡੀ ਪੀ ਐਸ ਗਰੇਵਾਲ ਨੇ ਦੱਸਿਆ ਕਿ ਮੁੱਖ ਇੰਜੀਨੀਅਰ, ਐਕਸੀਅਨ ਤੇ ਐਸਡੀਓ ਸਮੇਤ ਸਟਾਫ ਮੈਂਬਰਾਂ ਨੇ ਸਾਰੇ ਪੰਜ ਖੇਤਰਾਂ ਵਿੱਚ ਵੱਖ-ਵੱਖ ਥਾਵਾਂ 'ਤੇ ਅਚਾਨਕ ਜਾਂਚ ਕੀਤੀ, ਜਿਸ ਦੌਰਾਨ ਕੁੱਲ 26,599 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ।ਜਾਂਚ ਦੌਰਾਨ ਕੁੱਲ 1,149 ਚੋਰੀ ਦੇ ਮਾਮਲੇ ਸਾਹਮਣੇ ਆਏ ਤੇ ਡਿਫਾਲਟਰਾਂ ਤੋਂ 437.54 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।

ਯੂਯੂਈ ਦੇ ਕੁੱਲ 219 ਮਾਮਲੇ ਸਾਹਮਣੇ ਆਏ ਤੇ 33.70 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।ਇਸੇ ਤਰ੍ਹਾਂ, ਯੂਈ ਤੇ ਹੋਰ ਮਾਮਲਿਆਂ ਦੇ ਕੁੱਲ 227 ਮਾਮਲੇ ਸਾਹਮਣੇ ਆਏ ਤੇ 12.07 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।ਉਨ੍ਹਾ ਕਿਹਾ ਕਿ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਤੇ ਨਵਾਂਸ਼ਹਿਰ ਦੇ ਸਰਕਲਾਂ ਵਾਲੇ ਉੱਤਰੀ ਖੇਤਰ ਵਿੱਚ ਕੁੱਲ 3,200 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ।ਇਨ੍ਹਾਂ ਮਾਮਲਿਆਂ ਵਿੱਚੋਂ 87 ਮਾਮਲਿਆਂ ਵਿੱਚ ਚੋਰੀ ਦਾ ਪਤਾ ਲੱਗਿਆ।ਇਨ੍ਹਾਂ ਡਿਫਾਲਟਰਾਂ ਤੋਂ 35.59 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।ਯੂਯੂਈ ਦੇ ਕੁੱਲ 50 ਮਾਮਲੇ ਵੀ ਸਾਹਮਣੇ ਆਏ ਤੇ ਡਿਫਾਲਟਰਾਂ ਤੋਂ 4.3 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।ਪਟਿਆਲਾ, ਸੰਗਰੂਰ, ਬਰਨਾਲਾ, ਰੋਪੜ ਤੇ ਮੋਹਾਲੀ ਦੇ ਸਰਕਲਾਂ ਵਾਲੇ ਦੱਖਣੀ ਖੇਤਰ ਵਿੱਚ ਕੁੱਲ 6,913 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ।ਜਾਂਚ ਦੌਰਾਨ ਕੁੱਲ 269 ਚੋਰੀ ਦੇ ਮਾਮਲੇ ਸਾਹਮਣੇ ਆਏ ਤੇ ਡਿਫਾਲਟਰਾਂ ਤੋਂ 90.96 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।

ਅੰਮ੍ਰਿਤਸਰ, ਗੁਰਦਾਸਪੁਰ, ਸਬ-ਅਰਬਨ ਅੰਮ੍ਰਿਤਸਰ ਤੇ ਤਰਨ ਤਾਰਨ ਦੇ ਸਰਕਲਾਂ ਵਾਲੇ ਬਾਰਡਰ ਜ਼ੋਨ ਵਿੱਚ, ਪੀਐਸਪੀਸੀਐਲ ਸਟਾਫ ਨੇ ਕੁੱਲ 9,566 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ, ਜਿਸ ਵਿੱਚ 288 ਚੋਰੀ ਦੇ ਮਾਮਲੇ ਸਾਹਮਣੇ ਆਏ।ਬਿਜਲੀ ਚੋਰੀ ਕਰਨ ਵਾਲਿਆਂ ਤੋਂ 88.93 ਲੱਖ ਰੁਪਏ ਦੀ ਰਾਸ਼ੀ ਵਸੂਲੀ ਗਈ।ਇਸ ਤੋਂ ਇਲਾਵਾ, ਯੂਯੂਈ ਦੇ ਕੁੱਲ 48 ਮਾਮਲੇ ਸਾਹਮਣੇ ਆਏ ਤੇ ਡਿਫਾਲਟਰਾਂ ਤੋਂ 6.34 ਲੱਖ ਰੁਪਏ ਵਸੂਲੇ ਗਏ। ਸੈਂਟਰਲ ਜ਼ੋਨ ਲੁਧਿਆਣਾ ਦੇ ਈਸਟ, ਵੈਸਟ, ਸਬ-ਅਰਬਨ ਤੇ ਖੰਨਾ ਸਰਕਲਾਂ ਵਿੱਚ ਕੁੱਲ 4,036 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ ਗਈ।ਇਨ੍ਹਾਂ ਜਾਂਚ ਕੀਤੇ ਕਨੈਕਸ਼ਨਾਂ ਵਿੱਚੋਂ 173 ਮਾਮਲਿਆਂ ਵਿੱਚ ਚੋਰੀ ਦਾ ਪਤਾ ਲੱਗਿਆ ਤੇ ਡਿਫਾਲਟਰਾਂ ਤੋਂ 86.76 ਲੱਖ ਰੁਪਏ ਦੀ ਰਕਮ ਵਸੂਲੀ ਗਈ। ਪੀਐਸਪੀਸੀਐਲ ਦੇ ਕਰਮਚਾਰੀਆਂ ਨੇ 34 ਯੂਯੂਈ ਮਾਮਲਿਆਂ ਦਾ ਵੀ ਪਤਾ ਲਗਾਇਆ, ਜਿਨ੍ਹਾਂ ਤੋਂ 8.25 ਲੱਖ ਰੁਪਏ ਦੀ ਵਸੂਲੀ ਕੀਤੀ ਗਈ।ਇਸ ਤੋਂ ਇਲਾਵਾ ਕੁੱਲ 114 ਯੂਈ ਤੇ ਹੋਰ ਮਾਮਲਿਆਂ ਦਾ ਵੀ ਪਤਾ ਲੱਗਿਆ ਤੇ ਡਿਫਾਲਟਰਾਂ ਤੋਂ 4.86 ਲੱਖ ਰੁਪਏ ਦੀ ਵਸੂਲੀ ਕੀਤੀ ਗਈ। ਵੈਸਟ ਜ਼ੋਨ ਬਠਿੰਡਾ ਦੇ ਬਠਿੰਡਾ, ਮੁਕਤਸਰ, ਫਰੀਦਕੋਟ ਤੇ ਫਿਰੋਜ਼ਪੁਰ ਸਰਕਲਾਂ ਵਿੱਚ, ਪੀਐਸਪੀਸੀਐਲ ਦੇ ਕਰਮਚਾਰੀਆਂ ਨੇ ਕੁੱਲ 2,884 ਬਿਜਲੀ ਕਨੈਕਸ਼ਨਾਂ ਦੀ ਜਾਂਚ ਕੀਤੀ।ਇਨ੍ਹਾਂ ਮਾਮਲਿਆਂ ਵਿੱਚੋਂ 332 ਮਾਮਲਿਆਂ ਵਿੱਚ ਚੋਰੀ ਦਾ ਪਤਾ ਲੱਗਿਆ, ਜਿਨ੍ਹਾਂ ਤੋਂ 135.3 ਲੱਖ ਰੁਪਏ ਦੀ ਰਕਮ ਵਸੂਲੀ ਗਈ।ਕੁੱਲ 87 ਯੂਯੂਈ ਮਾਮਲਿਆਂ ਦਾ ਪਤਾ ਲੱਗਿਆ।ਡਿਫਾਲਟਰ ਉਪਭੋਗਤਾਵਾਂ ਤੋਂ 14.81 ਰੁਪਏ ਦੀ ਰਕਮ ਵਸੂਲੀ ਗਈ।ਇਸ ਤੋਂ ਇਲਾਵਾ, ਕੁੱਲ 113 ਯੂਈ ਮਾਮਲਿਆਂ ਦਾ ਪਤਾ ਲੱਗਿਆ, ਜਿਨ੍ਹਾਂ ਤੋਂ 7.21 ਲੱਖ ਰੁਪਏ ਦੀ ਵਸੂਲੀ ਕੀਤੀ ਗਈ। ਇੰਜੀਨੀਅਰ ਡੀ.ਪੀ.ਐਸ. ਗਰੇਵਾਲ ਨੇ ਕਿਹਾ ਕਿ ਭਵਿੱਖ ਵਿੱਚ ਵੀ ਵੱਡੇ ਪੱਧਰ 'ਤੇ ਜਾਂਚ ਮੁਹਿੰਮ ਜਾਰੀ ਰਹੇਗੀ।ਉਨ੍ਹਾਂ ਨੇ ਸਾਰੇ ਪੀਐਸਪੀਸੀਐਲ ਉਪਭੋਗਤਾਵਾਂ ਨੂੰ ਆਪਣੇ-ਆਪਣੇ ਇਲਾਕਿਆਂ ਵਿੱਚ ਬਿਜਲੀ ਚੋਰੀ ਬਾਰੇ ਜਾਣਕਾਰੀ ਦੇ ਕੇ ਬਿਜਲੀ ਚੋਰੀ ਦੀ ਬੁਰਾਈ ਨੂੰ ਕਾਬੂ ਕਰਨ ਵਿੱਚ ਮਦਦ ਕਰਨ ਦੀ ਅਪੀਲ ਕੀਤੀ।ਉਨ੍ਹਾਂ ਨੇ ਸਭ ਨੂੰ ਆਪਣੇ ਬਿਜਲੀ ਕਨੈਕਸ਼ਨਾਂ ਨੂੰ ਨਿਯਮਤ ਕਰਨ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਸਟਮ ਦੇ ਅੰਦਰ ਲਿਆਂਦਾ ਜਾ ਸਕੇ।ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਪੀਐਸਪੀਸੀਐਲ ਸਿਸਟਮ ਹੋਰ ਮਜ਼ਬੂਤ ਹੋਵੇਗਾ, ਜੋ ਉਪਭੋਗਤਾਵਾਂ ਦੇ ਵੱਡੇ ਹਿੱਤ ਵਿੱਚ ਹੋਵੇਗਾ।

## ਰੋਟਰੀ ਕਲੱਬ ਨੇ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਸਰਹਿੰਦ ਮੰਡੀ (ਪ੍ਰਮੋਦ ਭਾਰਦਵਾਜ)**-ਰੋਟਰੀ ਕਲੱਬ ਦੀ ਸਰਹਿੰਦ ਸ਼ਾਖਾ ਦੀਆਂ ਮਹਿਲਾ ਮੈਂਬਰਾਂ ਨੇ ਰਿਆਸਤ-ਏ-ਰਾਣਾ ਵਿਖੇ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ।ਤੀਜ ਤਿਉਹਾਰ ਦੇ ਪ੍ਰੋਜੈਕਟ ਇੰਚਾਰਜ ਡਾ: ਦਿਵਿਆ ਢਿੱਲੋਂ ਤੇ ਡਾ: ਨੇਹਾ ਢੰਡ ਨੇ ਸਟੇਜ ਦਾ ਸੰਚਾਲਨ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਅਤੇ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡ ਕੇ ਹਾਜ਼ਰ ਸਮੂਹ ਮੈਂਬਰਾਂ ਦਾ ਮਨੋਰੰਜਨ ਕੀਤਾ। ਜੇਤੂਆਂ ਨੂੰ ਇਨਾਮ ਵੀ ਦਿੱਤੇ ਗਏ। ਇਸ ਮੌਕੇ ਸ੍ਰੀਮਤੀ ਨਿਰਮਲਾ, ਸ੍ਰੀਮਤੀ ਰਜਨੀ ਸੂਦ, ਸ੍ਰੀਮਤੀ ਰਜਨੀ ਵਰਮਾ ਨੇ ਤੀਜ ਨਾਲ ਸਬੰਧਤ ਪੰਜਾਬੀ ਗੀਤ ਗਾਏ।ਡਾ: ਦੀਪਿਕਾ ਸੂਰੀ ਨੇ ਸ੍ਰੀਮਤੀ ਮੋਨਿਕਾ ਸ਼ਰਮਾ ਤੇ ਸ੍ਰੀਮਤੀ ਸੀਮਾ ਬੈਕਟਰ ਦਾ ਸਹਿਯੋਗ ਲਈ ਧੰਨਵਾਦ ਕੀਤਾ।ਸ੍ਰੀਮਤੀ ਸ਼ਿਖਾ ਸ਼ਰਮਾ ਨੂੰ ਤੀਜ ਰਾਣੀ ਦਾ ਖਿਤਾਬ ਦਿੱਤਾ ਗਿਆ।ਆਏ ਹੋਏ ਸਾਰੇ ਮੈਂਬਰਾਂ ਨੂੰ ਵੱਖ-ਵੱਖ ਤੋਹਫੇ ਵੀ ਦਿੱਤੇ ਗਏ।ਸਾਰੇ ਮੈਂਬਰਾਂ ਨੇ ਪੰਜਾਬੀ ਗੀਤਾਂ 'ਤੇ ਜੋਸ਼ ਨਾਲ ਡਾਂਸ ਕੀਤਾ ਤੇ ਅੰਤ 'ਚ ਸੁਆਦੀ ਭੋਜਨ ਦਾ ਆਨੰਦ ਮਾਣਿਆ।ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰ ਸ੍ਰੀਮਤੀ ਕਿਰਨ ਬੈਕਟਰ, ਪ੍ਰਵੇਸ਼ ਸ਼ਰਮਾ, ਨੰਦਿਤਾ, ਸੂਦ, ਸੁਰਿੰਦਰ ਬਿੰਬਰਾ, ਰਸ਼ਮੀ ਬਿੰਬਰਾ, ਕੀਰਤੀ ਬਿੰਬਰਾ, ਨੀਲਮ ਬਿੰਬਰਾ, ਵੀਨੂੰ ਵਰਮਾ, ਬੀ. ਸੋਭਨਾ ਮਲਹੋਤਰਾ ਆਦਿ ਨੇ ਵੀ ਟੀਮ ਮੈਂਬਰਾਂ ਨੂੰ ਵਧਾਈ ਦਿੱਤੀ।

## ਸੰਧਵਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਪੀਕਰ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਲੋਕ ਮਿਲਣੀ ਪ੍ਰੋਗਰਾਮ ਤਹਿਤ ਆਪਣੇ ਗ੍ਰਹਿ ਪਿੰਡ ਸੰਧਵਾਂ ਵਿਖੇ ਲੋਕਾਂ ਦੇ ਰੂਬਰੂ ਹੋਏ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।ਇਸ ਮੌਕੇ ਸਪੀਕਰ ਸ੍ਰ. ਸੰਧਵਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਰ ਹਫ਼ਤੇ ਆਮ ਲੋਕਾਂ ਦੇ ਰੂਬਰੂ ਹੋ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਹੱਲ ਕੱਢਿਆ ਜਾਂਦਾ ਹੈ।ਉਨ੍ਹਾ ਕਿਹਾ ਕਿ ਉਨ੍ਹਾ ਦੀ ਕੋਸ਼ਿਸ਼ ਹੈ ਕਿ ਉਨ੍ਹਾ ਦੇ ਹਲਕੇ ਦੇ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਦੇ ਸਮਾਧਨ ਲਈ ਖੱਜਲ ਖੁਆਰ ਨਾ ਹੋਣਾ ਪਵੇ ਤੇ ਉਨ੍ਹਾਂ ਦਾ ਹਰ ਕੰਮ ਸਮਾਂ ਰਹਿੰਦਿਆਂ ਹੋ ਜਾਵੇ।ਉਨ੍ਹਾਂ ਕਿਹਾ ਕਿ ਅੱਜ ਦੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਵੱਲੋਂ ਦੱਸੀਆਂ ਗਈਆਂ ਸਮੱਸਿਆਵਾਂ ਨੂੰ ਮੌਕੇ 'ਤੇ ਮੌਜੂਦ ਅਧਿਕਾਰੀਆਂ ਵੱਲੋਂ ਜਲਦੀ ਹੱਲ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਦੇ ਰੂਬਰੂ ਹੁੰਦੇ ਹਨ ਤੇ ਅੱਗੇ ਵੀ ਇਹ ਸਿਲਸਿਲਾ ਜਾਰੀ ਰਹੇਗਾ।ਉਨ੍ਹਾ ਕਿਹਾ ਕਿ ਲੋਕ ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਉਨ੍ਹਾਂ ਨੂੰ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਮਿਲ ਸਕਦੇ ਹਨ।

## ਲੋਕ ਬੋਲੀਆਂ 'ਤੇ ਗਿੱਧੇ-ਭੰਗੜੇ ਪਾਉਣਾ ਸਾਡੇ ਅਮੀਰ ਪੰਜਾਬੀ ਵਿਰਸੇ ਦਾ ਹਿੱਸਾ : ਸਮਾਓਂ

### ਆਲਮਪੁਰ ਮੰਦਰਾਂ 'ਚ ਮਨਾਈਆਂ ਤੀਆਂ ਤੀਜ ਦੀਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਗੀਤਾਂ ਤੇ ਡੀਜਿਆਂ 'ਤੇ ਨੱਚਣਾ ਸਾਡਾ ਸੱਭਿਆਚਾਰ ਨਹੀਂ।ਲੋਕ ਬੋਲੀਆਂ ਉੱਤੇ ਗਿੱਧੇ-ਭੰਗੜੇ ਪਾਉਣਾ ਸਾਡੇ ਅਮੀਰ ਪੰਜਾਬੀ ਵਿਰਸੇ ਦਾ ਹਿੱਸਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੰਟਰਨੈਸ਼ਨਲ ਗਿੱਧਾ ਕੋਚ ਪਾਲ ਸਿੰਘ ਸਮਾਓਂ ਨੇ ਅੱਜ ਗੁਆਂਢੀ ਪਿੰਡ ਆਲਮਪੁਰ ਮੰਦਰਾਂ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਵੈੱਲਫੇਅਰ ਕਲੱਬ ਵੱਲੋਂ ਕਰਵਾਏ ਤੀਆਂ ਦੇ ਮੇਲੇ ਦਾ ਉਦਘਾਟਨ ਕਰਦਿਆਂ ਕੀਤਾ।ਉਨ੍ਹਾਂ ਇਹ ਵੀ ਕਿਹਾ ਕਿ ਸਾਰੇ ਗੀਤ ਮਾੜੇ ਨਹੀਂ, ਪਰ ਉਸਾਰੂ ਤੇ ਸੱਭਿਅਕ ਗੀਤ ਦੀ ਚੋਣ ਬੇਹੱਦ ਜ਼ਰੂਰੀ ਹੈ।ਮੁੱਖ ਮਹਿਮਾਨ ਵਜੋਂ ਸ਼ਰੀਕ ਹੋਈ ਬੁਢਲਾਡਾ ਦੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਦੀ ਧੀ ਰੂਬਲ ਬਾਂਸਲ ਨੇ ਕਿਹਾ ਕਿ ਕਰਮਾਂ ਵਾਲੀਆਂ ਹੁੰਦੀਆਂ ਨੇ ਉਹ ਧੀਆਂ ਜਿਨ੍ਹਾਂ ਦੇ ਮਾਪੇ ਸਾਉਣ ਮਹੀਨੇ ਤੀਆਂ ਦਾ 'ਸੰਧਾਰਾ' ਲੈ ਕੇ ਉਨ੍ਹਾਂ ਦੇ ਸਹੁਰੇ ਘਰ ਪੁੱਜਦੇ ਹਨ। ਇਸ ਮੌਕੇ ਕਮਲਜੀਤ ਕੌਰ ਮੋਹਾਲੀ, ਰਜਿੰਦਰ ਕੌਰ ਦਾਨੀ, ਨੈਕਸਟ ਫਿਊਚਰ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਹੈਪੀ ਸਿੰਘ, ਗੁਰਸੇਵਕ ਸਿੰਘ ਚੱਕ ਅਲੀਸ਼ੇਰ ਤੇ ਜਸਵੀਰ ਸਿੰਘ ਰਿਉਂਦ ਕਲਾਂ ਨੇ ਵੀ ਧੀਆਂ ਅਤੇ ਤੀਆਂ ਦੇ ਗੂੜ੍ਹੇ ਰਿਸ਼ਤਿਆਂ ਨੂੰ ਮੇਲਣਾਂ ਦੇ ਭਾਰੀ ਇਕੱਠ ਨੂੰ ਸ਼ਬਦਾਂ 'ਚ ਪਰੋਸਿਆ।ਇਸ ਦੌਰਾਨ ਗਿੱਧਾ ਕੋਚ ਪਾਲ ਸਿੰਘ ਸਮਾਓਂ ਨੇ ਲੋਕ ਬੋਲੀਆਂ ਰਾਹੀਂ ਗਿੱਧੇ ਦਾ ਪਿੜ ਬੰਨ੍ਹਿਆ, ਜਿਸ ਦੌਰਾਨ ਹਾਜ਼ਰ ਮੇਲਣਾਂ ਨੇ ਨੱਚ-ਟੱਪ ਕੇ ਖੁਸ਼ੀਆਂ ਮਨਾਈਆਂ। ਸਮਾਜ ਸੇਵੀ ਤੇ ਸਟੇਟ ਐਵਾਰਡੀ ਅਧਿਆਪਕ ਜੋਗਿੰਦਰ ਸਿੰਘ ਲਾਲੀ ਨੇ ਪਿੰਡ ਦੀਆਂ ਨਵ-ਵਿਆਹੀਆਂ ਲੜਕੀਆਂ ਨੂੰ 'ਸੰਧਾਰੇ' ਦਿੱਤੇ।ਕਲੱਬ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਅਪਣੀ ਅਮੀਰ ਸੱਭਿਆਚਾਰਕ ਵਿਰਾਸਤ ਨਾਲ ਜੋੜੇ ਰੱਖਣ ਲਈ ਕਲੱਬ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਯਤਨਸ਼ੀਲ ਹੈ ਤੇ ਭਵਿੱਖ ਵਿੱਚ ਵੀ ਇਹ ਗਤੀਵਿਧੀਆਂ ਇਸੇ ਤਰ੍ਹਾਂ ਜਾਰੀ ਰਹਿਣਗੀਆਂ।ਮੇਲੇ ਨੂੰ ਸਫਲ ਬਣਾਉਣ ਵਿੱਚ ਗੁਰਪ੍ਰੀਤ ਸਿੰਘ ਕਲੱਬ ਪ੍ਰਧਾਨ, ਮਾ. ਜੋਗਿੰਦਰ ਸਿੰਘ ਲਾਲੀ, ਮਾ. ਕੁਲਦੀਪ ਕੀਪੂ, ਸਿਕੰਦਰ ਸਿੰਘ, ਲਛਮਣ ਸਿੰਘ, ਫੱਗਣ ਸਿੰਘ, ਰਵੀ ਸਿੰਘ, ਜਿਉਣਾ ਸਿੰਘ, ਸੌਨਦੀਪ ਸਿੰਘ, ਸਤਨਾਮ ਸਿੰਘ, ਦਰਸ਼ੀ ਸਿੰਘ, ਅਕਾਸ਼ ਸਿੰਘ, ਕਾਲਾ ਸਿੰਘ, ਹਰਚੇਤ ਸਿੰਘ ਦੀ ਵੱਡੀ ਭੂਮਿਕਾ ਰਹੀ।

## ਬਾਰਿਸ਼ ਨਾਲ ਝੋਨੇ ਦੀ ਹਾਲਤ ਵਧੀਆ, ਕਿਸੇ ਕੀਟਨਾਸ਼ਕ ਦੇ ਛਿੜਕਾਅ ਦੀ ਜ਼ਰੂਰਤ ਨਹੀਂ : ਖੇਤੀਬਾੜੀ ਅਫ਼ਸਰ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਕਿਸਾਨਾਂ ਨੂੰ ਤਕਨੀਕੀ ਤੌਰ 'ਤੇ ਮਜ਼ਬੂਤ ਕਰਨ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਬਲਾਕ ਕੋਟਕਪੂਰਾ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਦੀ ਅਗਵਾਈ ਹੇਠ ਖੇਤੀ ਮਾਹਿਰਾਂ ਦੀ ਟੀਮ ਵੱਲੋਂ ਜਾਇਜ਼ਾ ਲਿਆ ਗਿਆ। ਟੀਮ ਵਿੱਚ ਡਾ. ਗੁਰਪ੍ਰੀਤ ਸਿੰਘ ਖ਼ੇਤੀਬਾੜੀ ਅਫ਼ਸਰ, ਡਾ. ਜਸਵੰਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ, ਡਾ. ਜਗਮੀਤ ਸਿੰਘ ਬਲਾਕ ਤਕਨਾਲੋਜੀ ਪ੍ਰਬੰਧਕ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।ਟੀਮ ਵੱਲੋਂ ਸਵਾਨਾ ਕੰਪਨੀ ਦੇ ਪ੍ਰਬੰਧਕ ਨਿਤੇਸ਼ ਕੁਮਾਰ ਵੱਲੋਂ ਫੁੱਲ ਪੇਜ ਤਕਨਾਲੋਜੀ ਨਾਲ ਲਾਏ ਝੋਨੇ ਦੀ ਸਿੱਧੀ ਬਿਜਾਈ ਦੇ ਤਜਰਬਿਆਂ ਦ ਜਾਇਜ਼ਾ ਵੀ ਲਿਆ ਗਿਆ।ਡਾ. ਅਮਰੀਕ ਸਿੰਘ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਫ਼ਰੀਦਕੋਟ ਵਿੱਚ ਚਾਲੂ ਸੀਜ਼ਨ ਦੌਰਾਨ ਇੱਕ ਲੱਖ 16 ਹਜ਼ਾਰ ਹੈਕਟੇਅਰ ਰਕਬੇ ਵਿੱਚ ਝੋਨਾ ਤੇ ਬਾਸਮਤੀ ਦੀ ਲਵਾਈ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਸਮੇਂ ਝੋਨੇ ਦੀ ਫਸਲ ਬਹੁਤ ਵਧੀਆ ਹੈ ਅਤੇ ਫਸਲ ਉੱਪਰ ਕਿਸੇ ਵੀ ਕੀੜੇ ਜਾਂ ਬਿਮਾਰੀ ਦਾ ਕੋਈ ਹਮਲਾ ਨਹੀਂ ਦੇਖਿਆ ਗਿਆ, ਪਰ ਕਿਸਾਨਾਂ ਵੱਲੋਂ ਝੋਨੇ ਦੀ ਫਸਲ ਵਿੱਚ ਦੁਕਾਨਦਾਰਾਂ ਜਾਂ ਆਂਢੀਆਂ-ਗੁਆਂਢੀਆਂ ਦੇ ਕਹਿਣ 'ਤੇ ਦਾਣੇਦਾਰ ਕੀਟਨਾਸ਼ਕ ਦੀ ਵਰਤੋਂ ਕਰ ਰਹੇ ਹਨ, ਜਿਸ ਦੀ ਇਸ ਸਮੇਂ ਕੋਈ ਜ਼ਰੂਰਤ ਨਹੀਂ ਹੈ।ਉਨ੍ਹਾਂ ਕਿਹਾ ਕਿ ਇਸ ਸਮੇਂ ਕੀਟਨਾਸ਼ਕਾਂ ਦੀ ਵਰਤੋਂ ਕਰਨ ਨਾਲ ਖੇਤੀ ਲਾਗਤ ਖਰਚੇ ਹੀ ਵਧਣਗੇ ਅਤੇ ਫ਼ਾਇਦਾ ਕੋਈ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਮਿਆਰੀ ਬਾਸਮਤੀ ਪੈਦਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਾਸਮਤੀ ਦੀ ਫਸਲ ਵਿੱਚ ਕੀੜਿਆਂ ਅਤੇ ਬਿਮਾਰੀਆ ਦੀ ਰੋਕਥਾਮ ਲਈ 10 ਕੀਟਨਾਸ਼ਕਾਂ ਕਾਰਬੈਂਡਾਜ਼ਿਮ, ਕਲੋਰੋਪਾਈਰੀਫਾਸ, ਟਰਾਈਸਾਈਕਲਾਜ਼ੋਲ, ਥਾਈਮੈਥੋਕਸਮ, ਐਸੀਫੇਟ, ਬੂਫਰੋਜਿਨ, ਇਮਿਡਾਕਲੋਪਰਿਡ, ਪ੍ਰੋਪੀਕੋਨਾਜ਼ੋਲ, ਹੈਕਸਾਕੋਨਾਜ਼ੋਲ ਅਤੇ ਪ੍ਰੋਫਿਨੋਫਾਸ ਦੀ ਵਰਤੋਂ ਤੇ ਪਾਬੰਦੀ ਲਗਾ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਜੇਕਰ ਜ਼ਰੂਰਤ ਪਵੇ ਤਾਂ ਬਾਸਮਤੀ ਦੀ ਫ਼ਸਲ ਉੱਪਰ ਖੇਤੀ ਮਾਹਿਰਾਂ ਦੀ ਸਲਾਹ ਨਾਲ ਬਦਲਵੇਂ ਰਸਾਇਣਾਂ ਦਾ ਛਿੜਕਾਅ ਕਰੋ।ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਧੇਰੇ ਪੈਦਾਵਾਰ ਲੈਣ ਦੀ ਚਾਹਤ ਨਾਲ ਕਿਸਾਨਾਂ ਵੱਲੋਂ ਅੰਨ੍ਹੇਵਾਹ ਤੇ ਬਗੈਰ ਸਿਫਾਰਸ਼ਾਂ ਤੋਂ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਨਾਲ ਖਾਦ ਪਦਾਰਥ, ਵਾਤਾਵਰਣ ਪ੍ਰਦੂਸ਼ਤ ਤਾਂ ਹੋ ਹੀ ਰਿਹਾ ਹੈ ਅਤੇ ਨਾਲ ਹੀ ਖੇਤੀ ਲਾਗਤ ਖਰਚੇ ਵਧਣ ਕਾਰਨ ਸ਼ੁੱਧ ਖੇਤੀ ਆਮਦਨ ਘੱਟ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਆਂਢੀ ਗੁਆਂਢੀਆਂ ਜਾਂ ਦੁਕਾਨਦਾਰਾਂ ਦੇ ਕਹੇ ਤੇ ਦਵਾਈਆਂ ਵਰਤਣ ਦੀ ਬਜਾਏ, ਖੇਤੀ ਮਾਹਿਰਾਂ ਨਾਲ ਰਾਬਤਾ ਕਾਇਮ ਕਰਕੇ ਹੀ ਸਮੱਸਿਆ ਦਾ ਹੱਲ ਕੱਢਿਆ ਜਾਵੇ ਤਾਂ ਬੇਹਤਰ ਰਹੇਗਾ।

## ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਫਲੈਗ ਮਾਰਚ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੁਤੰਤਰਤਾ ਦਿਵਸ ਮੌਕੇ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਐਸ ਐਸ ਪੀ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਬ ਡਵੀਜ਼ਨ ਪਾਤੜਾਂ ਦੀ ਪੁਲਸ ਨੇ ਡੀ ਐਸ ਪੀ ਪਾਤੜਾਂ ਦਲਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਸ਼ਹਿਰ ਵਿੱਚ ਫਲੈਗ ਮਾਰਚ ਕੱਢਿਆ।ਫਲੈਗ ਮਾਰਚ ਥਾਣਾ ਪਾਤੜਾਂ ਤੋਂ ਸ਼ੁਰੂ ਹੋ ਕੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਸ਼ਹਿਰ ਦੇ ਸੰਗਰੂਰ ਰੋਡ, ਨਰਵਾਣਾ ਰੋਡ, ਅਨਾਜ ਮੰਡੀ ਜਾਖਲ ਰੋਡ ਤੋਂ ਹੁੰਦਾ ਹੋਇਆ ਸ਼ਹੀਦ ਭਗਤ ਸਿੰਘ ਚੌਕ ਵਿਖੇ ਸਮਾਪਤ ਹੋਇਆ।ਥਾਣਾ ਇੰਚਾਰਜ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ 15 ਅਗਸਤ ਦੇ ਮੱਦੇਨਜ਼ਰ ਪੁਲਸ ਫੋਰਸ 24 ਘੰਟੇ ਲੋਕਾਂ ਦੀ ਸੁਰੱਖਿਆ ਲਈ ਤਿਆਰ ਹੈ।ਕਿਸੇ ਵੀ ਸਮਾਜ ਵਿਰੋਧੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।ਇਸ ਮੌਕੇ ਥਾਣਾ ਘੱਗਾ ਦੇ ਇੰਚਾਰਜ ਦਰਸ਼ਨ ਸਿੰਘ, ਥਾਣਾ ਸ਼ੁਤਰਾਣਾ ਮੁਖੀ ਗੁਰਮੀਤ ਸਿੰਘ, ਸਿਟੀ ਪੁਲਸ ਚੌਕੀ ਦੇ ਇੰਚਾਰਜ ਕਰਨੈਲ ਸਿੰਘ, ਚੌਕੀ ਠਰੂਆ ਦੇ ਇੰਚਾਰਜ ਬਲਜਿੰਦਰ ਸਿੰਘ ਤੇ ਬਾਦਸ਼ਾਹਪੁਰ ਤੋਂ ਜਸਵਿੰਦਰ ਸਿੰਘ ਹਾਜ਼ਰ ਸਨ।

# ਆਜ਼ਾਦੀ ਦਿਹਾੜੇ 'ਤੇ ਕਿਸਾਨ ਜ਼ਿਲ੍ਹਾ ਗੁਰਦਾਸਪੁਰ 'ਚ ਫੂਕਣਗੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਕਾਪੀਆਂ



**ਗੁਰਦਾਸਪੁਰ (ਜਨਕ ਮਹਾਜਨ)**—ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਜੋਨ ਤੇਜਾ ਸਿੰਘ ਸੁਤੰਤਰ ਵਲੋ ਕਸਬਾ ਦੋਰਾਂਗਲਾ ਵਿੱਚ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਜੋਨ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸਕੱਤਰ ਕਰਨੈਲ ਸਿੰਘ, ਸਤਨਾਮ ਸਿੰਘ ਖਜਾਨਚੀ ਨੇ ਕੀਤੀ ਜਿਸ ਵਿੱਚ ਲਿਖਤੀ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਜ਼ਿਲਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਦੱਸਿਆ ਕਿ 15 ਅਗਸਤ ਨੂੰ ਪੰਜਾਬ ਭਰ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੋਨਾਂ ਫੋਰਮਾਂ ਦੇ ਸੱਦੇ ਉੱਤੇ ਹਜ਼ਾਰਾਂ ਟਰੈਕਟਰ ਜ਼ਿਲਿਆਂ ਤੇ ਤਹਿਸੀਲਾਂ ਵਿੱਚ ਮਾਰਚ ਕਰਨਗੇ ਤੇ ਇਹਨਾਂ ਮਾਰਚਾਂ ਵਿੱਚ ਹਿੱਸਾ ਲੈ ਰਹੇ ਹਜ਼ਾਰਾਂ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੇ ਤਿੰਨ ਅਪਰਾਧਿਕ ਕਾਨੂੰਨਾਂ ਦੀਆਂ ਕਾਪੀਆਂ ਸਾੜਨ ਗੇ।ਹਰਿਆਣੇ ਦੇ ਬਾਰਡਰਾਂ ਉਤੇ ਚੱਲ ਰਹੇ ਮੋਰਚਿਆਂ ਦੇ 31 ਅਗਸਤ ਨੂੰ 200 ਦਿਨ ਪੂਰੇ ਹੋਣ ਤੇ ਲੱਖਾਂ ਕਿਸਾਨਾਂ ਮਜ਼ਦੂਰਾਂ ਬੀਬੀਆਂ ਦੇ ਇਕੱਠ ਕੀਤੇ ਜਾਣਗੇ।15 ਅਗਸਤ 1947 ਨੂੰ ਮਿਲੀ ਆਜ਼ਾਦੀ ਨੂੰ ਮਲਕ ਭਾਗੋਆਂ ਦੀ ਅਜ਼ਾਦੀ ਦੱਸਦਿਆਂ ਕਿਹਾ ਕਿ 77 ਸਾਲਾਂ ਬਾਅਦ ਵੀ ਦੇਸ਼ ਵਿੱਚ ਅਤਿ ਦੀ ਗ਼ਰੀਬੀ ਭੁੱਖ ਮਰੀ ਤੇ ਬੇਰੁਜ਼ਗਾਰੀ ਹੈ। ਦੇਸ਼ ਵਿੱਚ 22 ਘਰਾਣਿਆਂ ਪਾਸ ਦੇਸ਼ ਦੇ 70 ਕਰੋੜ ਲੋਕਾਂ ਜਿੰਨੀ ਦੌਲਤ ਹੈ, ਭੁੱਖਮਰੀ ਵਿੱਚ ਦੇਸ਼ 121 ਦੇਸ਼ਾਂ ਵਿੱਚੋ 107ਵੇ ਸਥਾਨ ਉੱਤੇ ਹੈ।1% ਲੋਕ ਦੇਸ਼ ਵਿੱਚ 40% ਜਾਇਦਾਦ ਤੇ ਜਮੀਨ ਉਤੇ ਕਾਬਜ਼ ਹੋ ਚੁੱਕੇ ਹਨ, 80 ਕਰੋੜ ਤੋਂ ਵੱਧ ਕਿਸਾਨ ਮਜ਼ਦੂਰ ਦੇਸ਼ ਵਿੱਚ 27 ਰੁਪਏ ਤੋਂ ਘੱਟ ਉਤੇ ਰੁਜ਼ਾਨਾ ਗੁਜ਼ਾਰਾ ਕਰ ਰਹੇ ਹਨ, ਦੇਸ਼ ਵਿੱਚ ਇਸ ਵਿਆਪਕ ਆਰਥਿਕ ਪਾੜੇ ਲਈ ਦੇਸ਼ ਦੇ ਹਾਕਮ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਦੇਸ਼ ਵਿੱਚ ਖੇਤੀ ਸੰਕਟ ਚਰਮ ਸੀਮਾ ਉਤੇ ਪਹੁੰਚ ਚੁੱਕਾ ਹੈ,4 ਲੱਖ ਤੋਂ ਉਪਰ ਕਿਸਾਨ ਮਜ਼ਦੂਰ ਕਰਜ਼ੇ ਕਾਰਨ ਖੁਦਕੁਸ਼ੀ ਕਰ ਚੁੱਕੇ ਹਨ।ਕੇਂਦਰ ਸਰਕਾਰ ਸਾਮਰਾਜੀ ਸੰਸਥਾਵਾਂ ਦੇ ਦਬਾਅ ਹੇਠ ਕਿਸਾਨਾਂ ਦੀਆਂ ਹੱਕੀ ਮੰਗਾਂ ਦਾ ਗਰੰਟੀ ਕਾਨੂੰਨ 32 ਧਾਰਾ ਮੁਤਾਬਕ 50% ਮੁਨਾਫ਼ਾ ਜੋੜ ਕੇ ਦੇਣ ਨੂੰ ਤਿਆਰ ਨਹੀਂ ਹੈ, ਕਿਸਾਨਾਂ ਮਜ਼ਦੂਰਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਕਰਨ ਤੋਂ ਹਰਿਆਣਾ ਦੇ ਬਾਰਡਰਾਂ ਉੱਤੇ ਗੈਰ ਕਾਨੂੰਨੀ ਢੰਗ ਨਾਲ ਸੜਕਾਂ ਵਿੱਚ ਕੰਧਾਂ ਕੱਢ ਕੇ ਰੋਕਿਆ ਹੋਇਆ ਹੈ ਤੇ ਕਿਸਾਨਾਂ ਮਜ਼ਦੂਰਾਂ ਉਤੇ ਅੰਨ੍ਹਾ ਤਸ਼ੱਦਦ ਕਰਕੇ 22 ਸਾਲਾਂ ਸੁਭ ਕਰਨ ਸਮੇਤ 25 ਕਿਸਾਨਾਂ ਮਜ਼ਦੂਰਾਂ ਦੀਆਂ ਜਾਨਾਂ ਦੀ ਆਹੂਤੀ ਲਈ ਗਈ ਹੈ ਤੇ 433 ਕਿਸਾਨ ਮਜ਼ਦੂਰ ਸਖ਼ਤ ਫੱਟੜ ਕੀਤੇ ਗਏ ਹਨ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਇਸ ਲਈ ਕਿਸਾਨ ਮਜ਼ਦੂਰ ਦੱਬੇ ਕੁਚਲੇ 140 ਕਰੋੜ ਲੋਕਾਂ ਲਈ ਕੋਈ ਆਜ਼ਾਦੀ ਨਹੀਂ ਹੈ।ਦੇਸ਼ ਭਰ ਦੇ ਲੋਕਾਂ ਨੂੰ ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਬੀਰ ਸਿੰਘ ਡੁਗਰੀ, ਨਿਸ਼ਾਨ ਸਿੰਘ ਬਾਊਪੁਰ, ਹਰਮੀਤ ਸਿੰਘ ਆਦੀ, ਹਰਪਾਲ ਸਿੰਘ ਸਰਾਂਵਾਂ, ਹਰਭਜਨ ਸਿੰਘ ਮੁਕੰਦਪੁਰ, ਕਰਨੈਲ ਸਿੰਘ ਮੱਲ੍ਹੀ, ਦੀਦਾਰ ਸਿੰਘ ਕਾਦੀਆਂ ਵਾਲੀ, ਨਰਿੰਦਰ ਸਿੰਘ ਆਲੀਨੰਗਲ, ਹਰਦੀਪ ਸਿੰਘ ਅਲੂਣਾ,ਪਰਮਜੀਤ ਸਿੰਘ ਆਦੀ, ਕੁਲਵੰਤ ਸਿੰਘ ਨੰਗਲ ਡਾਲਾ, ਅਸ਼ਵਨੀ ਕੁਮਾਰ ਦੋਰਾਗਲਾ, ਦਿਲਬਰ ਸਿੰਘ ਹਰਦੋਛੰਨੀ, ਸੁੱਚਾ ਸਿੰਘ ਬਲੱਗਨ, ਨਿਰਮਲ ਸਿੰਘ ਆਦੀ, ਬੀਬੀ ਮਨਜਿੰਦਰ ਕੌਰ, ਬੀਬੀ ਅਮਰਜੀਤ ਕੌਰ ਆਦਿ ਹਾਜ਼ਰ ਸਨ।

# ਹੱਕੀ ਮੰਗਾਂ ਨੂੰ ਲੈ ਕੇ ਸਾਬਕਾ ਸੈਨਿਕ ਦੀ ਇਕੱਤਰਤਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਹੱਕੀਂ ਮੰਗਾਂ ਨੂੰ ਲੈ ਕੇ ਸਾਬਕਾ ਸੈਨਿਕਾਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਸ਼ਹਿਰ ਦੇ ਗੁਰਦੁਆਰਾ ਬਾਬਾ ਵਿਸ਼ਵਕਰਮਾ ਦੇ ਸਥਾਨ 'ਤੇ ਹੋਈ।ਮੀਟਿੰਗ 'ਚ ਕਿਸਾਨ ਸੰਘਰਸ਼ ਕਮੇਟੀ ਦੇ ਸੁਖਦੇਵ ਸਿੰਘ ਅੰਮ੍ਰਿਤਸਰ, ਜਗਜੀਤ ਸਿੰਘ ਮੋਗਾ, ਧਰਮ ਸਿੰਘ ਹੁਸ਼ਿਆਰਪੁਰ, ਰਾਜਵਿੰਦਰ ਸਿੰਘ ਗੁਰਦਾਸਪੁਰ, ਜਗਸੀਰ ਸਿੰਘ ਮੁਕਤਸਰ ਸਾਹਿਬ, ਅਮਰਜੀਤ ਸਿੰਘ ਕਪੂਰਥਲਾ, ਆਲ ਇੰਡੀਆ ਵਿੰਗ ਦੇ ਯੂਥ ਪ੍ਰਧਾਨ ਸੁਰਜੀਤ ਸਿੰਘ, ਪੰਜਾਬ ਖਜ਼ਾਨਚੀ, ਜਸਪ੍ਰੀਤ ਸਿੰਘ, ਜੁਗਰਾਜ ਸਿੰਘ ਤਰਨਤਾਰਨ ਪੰਜਾਬ ਦੇ ਸਾਰੇ ਪ੍ਰਧਾਨ ਸ਼ਾਮਿਲ ਹੋਏ। ਇਸ ਮੀਟਿੰਗ 'ਚ ਸਾਬਕਾ ਸੈਨਿਕਾਂ ਨਾਲ ਹੋ ਰਹੀ ਧੱਕੇਸ਼ਾਹੀ ਬਾਰੇ ਚਰਚਾ ਹੋਈ।ਸੂਬਾ ਸਰਕਾਰ ਤੇ ਕੇਂਦਰ ਸਰਕਾਰ, ਸਾਬਕਾ ਫੌਜੀਆਂ ਨਾਲ ਧੱਕੇਸ਼ਾਹੀ ਕਰ ਰਹੀ ਹੈ।ਕੇਂਦਰ ਸਰਕਾਰ ਅਗਨੀਵੀਰ 4 ਸਾਲ ਨੌਕਰੀ ਨੂੰ ਰੈਗੂਲਰ ਕਰੇ। ਅਗਨੀਵੀਰ ਫੌਜੀਆਂ ਨੂੰ ਬਣਦੇ ਹੱਕ ਦੂਸਰੇ ਫੌਜੀਆਂ ਵਾਂਗ ਮਿਲਣੇ ਚਾਹੀਦੇ ਹਨ। ਸੂਬਾ ਸਰਕਾਰ ਵੀ ਸਾਬਕਾ ਫੌਜੀਆਂ ਦਾ ਕੋਟਾ ਖਤਮ ਕਰਨ ਤੇ ਲੱਗੀ ਹੈ।ਦਿੱਲੀ ਵਿਖੇ 13 ਮਹੀਨੇ ਅੰਦੋਲਨ ਚੱਲਣ ਤੋਂ ਬਾਅਦ ਵੀ ਕੇਂਦਰ ਸਰਕਾਰ ਸਾਬਕਾ ਫੌਜੀਆਂ ਨੂੰ ਹੱਕ ਦੇਣ ਤੋਂ ਇਨਕਾਰ ਕਰਦੀ ਹੈ।ਇਸ ਕਰਕੇ ਸਾਬਕਾ ਫੌਜੀਆਂ ਨੇ ਇਹ ਫੈਸਲਾ ਲਿਆ ਕਿ ਆਲ ਇੰਡੀਆ ਯੂਥ ਪ੍ਰਧਾਨ ਸੁਰਜੀਤ ਸਿੰਘ ਤੇ ਪੰਜਾਬ ਖਜ਼ਾਨਚੀ ਜਸਪ੍ਰੀਤ ਸਿੰਘ ਹੋਣਗੇ ਤਾਂ ਕਿ ਇਸ ਧੱਕੇਸ਼ਾਹੀ ਖਿਲਾਫ ਕੋਈ ਸਖਤ ਕਦਮ ਚੁੱਕਿਆ ਜਾਵੇ।

# ਮਲੀਨ ਕਿੱਤਾ ਕਰਨ ਵਾਲਿਆਂ ਦਾ ਤੁਰੰਤ ਸਰਵੇ ਕੀਤਾ ਜਾਵੇ : ਡਿਪਟੀ ਕਮਿਸ਼ਨਰ



**ਪਠਾਨਕੋਟ (ਦਵਿੰਦਰ ਸਿੰਘ)**-ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਇਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਆਯੋਜਿਤ ਕੀਤੀ ਗਈ।ਮੀਟਿੰਗ ਦੌਰਾਨ ਆਦੇਸ਼ ਜਾਰੀ ਹੋਇਆ ਕਿ ਮਲੀਨ ਕਿੱਤਾ ਤੇ ਇਨਸੈਨੀਟਰੀ ਲੈਟਰਿਨ ਵਾਲਿਆਂ ਦਾ 13 ਅਗਸਤ ਤੱਕ ਸਰਵੇ ਕੀਤਾ ਜਾਵੇ। ਉਨ੍ਹਾਂ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਕਿਹਾ ਕਿ ਇਸਦੀ ਰਿਪੋਰਟ ਤੁਰੰਤ ਭੇਜੀ ਜਾਵੇ ਤਾਂ ਜੋ ਇਸ ਸਬੰਧੀ ਰਿਪੋਰਟ ਨਮਸਤੇ ਪੋਰਟਲ 'ਤੇ ਅਪਲੋਡ ਕੀਤੀ ਜਾ ਸਕੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਲਾ ਰਾਮ ਕਾਂਸਲ ਐੱਸਡੀਐੱਮ ਧਾਰਕਲਾਂ, ਮੇਜਰ ਡਾ. ਸੁਮਿਤ ਮੁਧ ਐੱਸਡੀਐੱਮ ਪਠਾਨਕੋਟ, ਸੁਖਵਿੰਦਰ ਸਿੰਘ ਘੁੰਮਣ ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਪਠਾਨਕੋਟ, ਰਾਜੇਸ਼ ਗੁਪਤਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ, ਡੀ. ਜੀ. ਸਿੰਘ ਡਿਪਟੀ ਡੀ. ਈ. ਓ. ਪ੍ਰਾਇਮਰੀ, ਰੇਲਵੇ ਅਧਿਕਾਰੀ ਅਤੇ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਬੀਡੀਪੀ ਓਜ਼ ਹਾਜ਼ਰ ਸਨ।ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਜਾਗਰੂਕ ਕਰਦਿਆਂ ਕਿਹਾ ਗਿਆ ਕਿ ਜੇਕਰ ਕੋਈ ਮਲੀਨ ਕਿੱਤਾ ਕਰਦਾ ਹੈ ਜਾਂ ਕਿਸੇ ਦੇ ਘਰ ਇਨਸੈਨੀਟਰੀ ਲੈਟਰਿਨ ਹੈ ਤਾਂ ਆਪਣੇ ਦਸਤਾਵੇਜ਼ ਲੈ ਕੇ ਸਬੰਧਤ ਕਾਰਜਸਾਧਕ ਅਫਸਰ ਦਫਤਰ ਜਾਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨਾਲ ਤੁਰੰਤ ਤਾਲਮੇਲ ਕੀਤਾ ਜਾਵੇ।

# ਇੰਟੈਕ ਵੱਲੋਂ ਅੰਮ੍ਰਿਤਸਰ ਵਿਖੇ ਪਹਿਲੀ ਫਿਲਮ ਇਟ ਵਰਕਸ਼ਾਪ ਆਯੋਜਿਤ



**ਧਾਰੀਵਾਲ/ਅੰਮ੍ਰਿਤਸਰ, (ਮਨਦੀਪ ਸਿੰਘ ਵਿੱਕੀ, ਨਰਿੰਦਰਜੀਤ ਸਿੰਘ)**- ਇੰਟੈਕ ਅੰਮ੍ਰਿਤਸਰ ਅਤੇ ਪੰਜਾਬ ਵੱਲੋਂ ਸਾਂਝੇ ਯਤਨਾਂ ਨਾਲ ਅੰਮ੍ਰਿਤਸਰ ਦੇ ਸਪਰਿੰਗ ਡੇਲ ਸਕੂਲ ਵਿਖੇ ਹੈਰੀਟੇਜ ਐਜੂਕੇਸ਼ਨ ਅਤੇ ਕਮਿਊਨਿਟੀ ਸਰਵਿਸਿਜ਼ ਵੱਲੋਂ ਵਿਦਿਆਰਥੀਆਂ ਦੇ ਲਈ ਫਿਲਮ ਇਟ ਵਰਕਸ਼ਾਪ ਕਰਵਾਈ ਗਈ, ਇੰਟੈਕ ਵੱਲੋਂ ਫਿਲਮ ਇਟ ਦੇ ਨਾਮ ਹੇਠ ਦੇਸ਼ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਇਹ ਵਰਕਸ਼ਾਪ ਆਯੋਜਿਤ ਕੀਤੀ ਜਾ ਰਹੀ ਹੈ।ਪੂਰਨਮਾ ਦੱਤ, ਬਲਵਿੰਦਰ ਸਿੰਘ ਰਿਟ. ਮੇਜਰ ਜਨਰਲ ਕਨਵੀਨਰ ਇੰਟੈਕ ਪੰਜਾਬ, ਗਗਨਦੀਪ ਸਿੰਘ ਵਿਰਕ ਕਨਵੀਨਰ ਇੰਟੈਕ ਅੰਮ੍ਰਿਤਸਰ, ਡਾ. ਬਲਜੀਤ ਕੌਰ ਇੰਟੈਕ ਕੰਨਵੀਨਰ ਤਰਨ ਤਾਰਨ, ਰਾਜੀਵ ਕੁਮਾਰ ਸ਼ਰਮਾ ਪ੍ਰਿੰ. ਸਪਰਿੰਗਡੇਲ ਅਤੇ ਵਾਈਸ ਪ੍ਰਿੰਸੀਪਲ ਗੁਨੀਤ ਅਰੋੜਾ ਵੱਲੋਂ ਦੀਪ ਜਗਾ ਕੇ ਇਸ ਸਮਾਗਮ ਅਤੇ ਇਨ੍ਹਾਂ ਤਿੰਨ ਰੋਜ਼ਾ ਸਮਾਗਮਾਂ ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਪ੍ਰਿੰ. ਰਾਜੀਵ ਕੁਮਾਰ ਸ਼ਰਮਾ ਨੇ ਆਏ ਮਹਿਮਾਨਾਂ ਅਤੇ ਬਾਹਰੋਂ ਆਏ ਸਕੂਲਾਂ ਨੂੰ ਜੀ ਆਇਆਂ ਕਿਹਾ ਅਤੇ ਮਹਿਮਾਨਾਂ ਨੂੰ ਸਨਮਾਨ ਵਜੋਂ ਪੌਦੇ ਵੀ ਭੇਟ ਕੀਤੇ।ਸਪਰਿੰਗ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਮੌਕੇ ਕੱਥਕ ਕਲੀ ਦਾ ਖੂਬਸੂਰਤ ਨਾਚ ਵੀ ਪੇਸ਼ ਕੀਤਾ ਗਿਆ।ਬਲਵਿੰਦਰ ਸਿੰਘ ਰਿਟ. ਮੇਜ ਜਨਰਲ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਵਿਰਸੇ ਅਤੇ ਵਿਰਾਸਤ ਨੂੰ ਬਚਾਉਣਾ ਹਰ ਵਿਦਿਆਰਥੀ ਨੂੰ ਸਕੂਲ ਤੋਂ ਹੀ ਸਿਖਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਅੰਮ੍ਰਿਤਸਰ ਦੇ ਸਮੇਤ, ਕਪੂਰਥਲਾ, ਗੁਰਦਾਸਪੁਰ, ਜਲੰਧਰ, ਤਰਨ ਤਾਰਨ ਅਤੇ ਹੁਸ਼ਿਆਰਪੁਰ ਦੇ ਕਰੀਬ 14 ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨ ਨੇ ਸ਼ਿਰਕਤ ਕੀਤੀ।ਨਾਨਕੀ ਕੌਰ ਪ੍ਰੋਗਰਾਮ ਕੋਆਰਡੀਨੇਟਰ, ਅੰਕਿਤ ਪੋਗੁਲਾ, ਟਿਊਨਿੰਗ ਫੋਰਕ ਫਿਲਮਜ਼ ਇਸ ਮੌਕੇ ਰੀਸੋਰਸ ਸੋਰਸ ਵਜੋਂ ਹਾਜ਼ਰ ਹੋਏ।ਸਮਾਗਮ ਦੇ ਅੰਤ ਵਿੱਚ ਗਗਨਦੀਪ ਸਿੰਘ ਵਿਰਕ ਅਤੇ ਟੀਮ ਵੱਲੋਂ ਜਿਥੇ ਆਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਉਥੇ ਹੀ ਉਨ੍ਹਾਂ ਨੇ ਸਭ ਦਾ ਧੰਨਵਾਦ ਕੀਤਾ ਅਤੇ ਇਸ ਗੱਲ ਦੀ ਖੁਸ਼ੀ ਪ੍ਰਗਟ ਕੀਤੀ ਕਿ ਵਿਦਿਆਰਥੀਆਂ ਦੁਆਰਾ ਇਸ ਮੌਕੇ ਦਿਖਾਈ ਗਈ ਦਿਲਚਸਪੀ ਦਰਸਾਉਂਦੀ ਹੈ ਕਿ ਜਲਦ ਹੀ ਅੰਮ੍ਰਿਤਸਰ ਵਿਰਾਸਤੀ ਫਿਲਮਾਂ ਦੇ ਨਿਰਮਾਣ ਦੇ ਖੇਤਰ ਵਿੱਚ ਅਗਾਹਾਂਵਧੂ ਬਣੇਗਾ।

# ਨਿਰੰਕਾਰੀ ਮਿਸ਼ਨ ਗੁਰਦਾਸਪੁਰ ਨੇ 500 ਬੂਟੇ ਲਗਾਏ

**ਗੁਰਦਾਸਪੁਰ, (ਜਨਕ ਮਹਾਜਨ)**—ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਬ੍ਰਾਂਚ ਗੁਰਦਾਸਪੁਰ ਦੇ ਸੰਯੋਜਕ ਭਾਈ ਸਾਹਿਬ ਬਲਜੀਤ ਸਿੰਘ ਦੀ ਰੇਖ-ਦੇਖ ਵਿਚ ਅਨਾਜ ਮੰਡੀ ਵਿੱਚ ਪ੍ਰੋਗਰਾਮ ਕੀਤਾ ਗਿਆ ਜਿਸ ਵਿਚ ਉਚੇਚੇ ਤੌਰ 'ਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਪੂਰੀ ਟੀਮ ਨਾਲ ਪਹੁੰਚੇ।ਮਿਸ਼ਨ ਦੇ ਲੋਕ ਭਲਾਈ ਦੇ ਕੰਮਾਂ ਦੀ ਪ੍ਰਸ਼ੰਸਾ ਕੀਤੀ।ਭਾਈ ਸਾਹਿਬ ਬਲਜੀਤ ਸਿੰਘ ਨੇ ਆਖਿਆ ਕਿ ਅੱਜ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਇਹੋ ਚਾਹ ਰਹੇ ਹਨ ਕਿ ਮਾਨਵਤਾ ਦਾ ਭਲਾ ਹੋਵੇ। ਉਨ੍ਹਾਂ ਕਿਹਾ ਕਿ ਕਿਸੇ ਨੂੰ ਜ਼ਖ਼ਮ ਤਾਂ ਦਿੱਤਾ ਜਾ ਸਕਦਾਂ ਹੈ ਪਰ ਇਲਾਜ ਡਾਕਟਰ ਹੀ ਕਰ ਸਕਦਾ ।ਇਸ ਲਈ ਯੁਗਾਂ-ਯੁਗਾਂ ਤੋਂ ਸਤਿਗੁਰੂ ਅਤੇ ਇਸਦੇ ਸੰਤ ਹਮੇਸ਼ਾ ਹੀ ਮਾਨਵਤਾ ਦਾ ਭਲਾਂ ਕਰਦੇ ਹਨ।ਇਸ ਮੌਕੇ ਸੇਵਾਦਲ ਦੇ ਜਵਾਨਾਂ ਨੇ ਪੂਰੀ ਬਾਰਸ਼ ਵਿੱਚ 500 ਬੂਟੇ ਲਗਾਏ ਤੇ ਇਨਾਂ ਨੂੰ ਪਾਲਣ ਦਾ ਪ੍ਰਣ ਕੀਤਾ। ਖੇਤਰੀ ਸੰਚਾਲਕ ਡਾ. ਮਨੋਜ਼ ਕੁਮਾਰ ਨੇ ਦੱਸਿਆ ਕਿ ਮਿਸ਼ਨ ਵੱਲੋਂ 600 ਅਲੱਗ ਅਲੱਗ ਸਥਾਨਾਂ 'ਤੇ ਮਿਸ਼ਨ ਦੇ ਸੇਵਾਦਾਰ ਰੁੱਖ ਲਗਾ ਰਹੇ ਹਨ ਤਾਂ ਜੋ ਕਰੋਨਾ ਕਾਲ ਦੇ ਸਮੇਂ ਵਾਂਗ ਆਕਸੀਜਨ ਦੀ ਕਦੀ ਵੀ ਕਮੀ ਨਾ ਆਵੇ।ਭਾਈ ਬਲਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।ਸਤਿਸੰਗ ਵਿਚ ਭਾਈ ਸਾਹਿਬ ਵੈਸ਼ਨੋ ਦਾਸ ਨੇ ਆਖਿਆ ਕਿ ਸਾਨੂੰ ਸਤਿਗੁਰੂ ਦੀ ਹਰ ਗੱਲ ਮੰਨ ਕੇ ਮਾਨਵਤਾ ਦੀ ਸੇਵਾ ਕਰਦੇ ਰਹਿਣਾਂ ਚਾਹੀਦਾ ਹੈ ਤਾਂ ਜੋ ਪੂਰੇ ਸੰਸਾਰ ਦਾ ਭਲਾ ਹੋ ਸਕੇ।

# ਰੈਫਰ ਐੱਨ ਜੀ ਓ ਨੇ ਵਿਦਿਆਰਥੀਆਂ ਨੂੰ ਨਵੇਂ ਕਾਨੂੰਨਾਂ ਬਾਰੇ ਦਿੱਤੀ ਜਾਣਕਾਰੀ



**ਪਠਾਨਕੋਟ (ਦਵਿੰਦਰ ਸਿੰਘ)**-ਰੈਫਰ ਐੱਨਜੀਓ ਨੇ ਐੱਮ. ਡੀ. ਕੇ. ਆਰੀਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਵਿੱਚ ਤਿੰਨ ਨਵੇਂ ਕਾਨੂੰਨਾਂ-BNS-2023, BNSS-2023 ਅਤੇ BSA-2023 ਦੇ ਬਾਰੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਆਰਟਸ ਅਤੇ ਕਾਮਰਸ ਦੇ ਵਿਦਿਆਰਥੀਆਂ ਨੂੰ ਜਾਣਕਾਰੀ ਦੇ ਕੇ ਜਾਗਰੂਕ ਕੀਤਾ।ਰੈਫਰ ਐੱਨਜੀਓ ਦੇ ਪ੍ਰਧਾਨ ਦੀਪਕ ਗੁਪਤਾ ਨੇ ਵਿਦਿਆਰਥੀਆਂ ਨਾਲ ਸਬੰਧਤ ਕਾਨੂੰਨਾਂ ਵਿੱਚ ਹੋਏ ਬਦਲਾਵਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਾਨੂੰਨ ਦੀ ਜਾਣਕਾਰੀ ਹੋਣ ਨਾਲ ਹੀ ਸਮਾਜਿਕ ਵਿਵਸਥਾ ਸੁਚਾਰੂ ਰੂਪ ਨਾਲ ਚੱਲ ਸਕਦੀ ਹੈ।

ਉਨ੍ਹਾਂ ਵੱਲੋਂ ਨਵੇਂ ਮੋਟਰ ਵਹੀਕਲ ਐਕਟ ਦੇ ਬਾਰੇ ਵੀ ਵਿਸਥਾਰ ਪੂਰਵਕ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।ਐੱਨਜੀਓ ਦੇ ਸੈਕਟਰੀ ਐਡਵੋਕੇਟ ਸਵਾਸਤਿਕ ਸ਼ਰਮਾ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਪ੍ਰਕਾਰ ਦੀਆਂ ਕਾਨੂੰਨੀ ਪ੍ਰਕਿਰਿਆਵਾਂ, ਸਾਇਬਰ ਕ੍ਰਾਈਮ ਅਤੇ ਫਰਾਡ ਤੋਂ ਬਚਣ ਲਈ ਜਾਣਕਾਰੀ ਦਿੱਤੀ।ਨਾਗਰਿਕ ਅਧਿਕਾਰਾਂ ਅਤੇ ਸਮਾਜਕ ਫ਼ਰਜ਼ਾਂ ਉੱਤੇ ਵੀ ਪ੍ਰਕਾਸ਼ ਪਾਇਆ ਗਿਆ।ਮੰਚ ਦਾ ਸੰਚਾਲਨ ਭਾਵਯਾ ਕੁਮਾਰੀ ਅਤੇ ਸਿਆ ਕੁਮਾਰੀ ਨੇ ਕੀਤਾ ।ਇਸ ਮੌਕੇ ਐੱਨਜੀਓ ਵੱਲੋਂ ਮੌਜੂਦ ਸਾਰੇ ਅਧਿਆਪਕਾਂ, ਪੂਨਮ ਪਰਾਸ਼ਰ, ਮਨੋਜ ਕੁਮਾਰ, ਸੌਰਵ ਸ਼ਰਮਾ, ਸਵਿਤਾ, ਰੂਹੀ, ਲਵਜੋਤ ਅਤੇ ਵਨੀਤ ਦਾ ਸੈਮੀਨਾਰ ਦੇ ਸਫਲ ਹੋਣ ਤੇ ਧੰਨਵਾਦ ਕੀਤਾ।ਇਸ ਮੌਕੇ ਪ੍ਰਿੰ. ਵੀ. ਕੇ. ਜੀਵਨ ਅਤੇ ਵਾਈਸ ਪ੍ਰਿੰ. ਮੰਜੂ ਸਿੰਘ ਨੇ ਵੀ ਆਪਣੀ ਮੌਜੂਦਗੀ ਦਰਜ ਕਰਵਾਈ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਸ਼੍ਰੀ ਸਾਈ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਦੇ ਵਿਦਿਆਰਥੀ ਬਿਰਧ ਆਸ਼ਰਮ ਪਹੁੰਚੇ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸ਼੍ਰੀ ਸਾਈ ਗਰੁੱਪ ਆਫ ਐਜੂਕੇਸ਼ਨ ਕਾਲਜ ਦੇ ਵਿਦਿਆਰਥੀ ਬਿਰਧ ਆਸ਼ਰਮ ਝਾਖੋਲਾਹੜੀ ਪਹੁੰਚੇ ਅਤੇ ਬਜ਼ੁਰਗਾਂ ਨਾਲ ਦੁੱਖ-ਸੁਖ ਸਾਂਝੇ ਕੀਤੇ। ਸੁਪਰਡੈਂਟ ਅੰਜਲੀ ਸ਼ਰਮਾ ਨੇ ਆਏ ਸਾਰੇ ਵਿਦਿਆਰਥੀਆਂ ਨੂੰ ਕਿਹਾ ਕਿ ਅੱਜ ਸਾਡਾ ਸਮਾਜ ਦਿਨੋ ਦਿਨ ਆਪਣੇ ਪੰਜਾਬੀ ਸੱਭਿਆਚਾਰ ਨੂੰ ਭੁੱਲਦਾ ਜਾ ਰਿਹਾ ਅਤੇ ਵੱਡੇ ਵਡੇਰਿਆਂ ਦਾ ਸਤਿਕਾਰ ਵੀ ਭੁੱਲ ਗਿਆ। ਇੱਕ ਸਮਾਂ ਸੀ ਜਦੋਂ ਪੰਜ ਪੰਜ ਬੱਚਿਆਂ ਨੂੰ ਇੱਕ ਇਕੱਲੇ ਮਾਂ-ਬਾਪ ਸਾਂਭ ਲੈਂਦੇ ਸਨ।ਅੱਜ ਪੰਜ ਪੰਜ ਬੱਚੇ ਇੱਕ ਮਾਂ-ਬਾਪ ਨੂੰ ਨਹੀਂ ਸੰਭਾਲਦੇ। ਸਾਡੇ ਬੱਚਿਆਂ ਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਾਲਜ ਦੇ ਅਧਿਆਪਕਾਂ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਤੁਸੀਂ ਜੋ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਸਭ ਤੋਂ ਵੱਡੀ ਅਤੇ ਉਤਮ ਸੇਵਾ ਹੈ।ਅਸੀਂ ਜਿੱਥੋਂ ਤੱਕ ਵੀ ਹੋਏਗਾ ਤੁਹਾਡਾ ਸਾਥ ਜ਼ਰੂਰ ਦਿਆਂਗੇ।ਅਸੀਂ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਹਮੇਸ਼ਾ ਤੁਹਾਨੂੰ ਸੇਵਾ ਕਰਨ ਲਈ ਬਲ ਬਖਸ਼ੇ।ਇਸ ਮੌਕੇ ਪ੍ਰੋ. ਕੇਵਲ ਕ੍ਰਿਸ਼ਨ, ਅਧਿਆਪਕ ਸਾਥੀ, ਆਸ਼ਰਮ ਚੇਅਰਪਰਸਨ ਗੀਨਾ ਸਰਮਾਲ ਵੀ ਪਹੁੰਚੇ ਸਨ ।ਇਸ ਮੌਕੇ ਆਸ਼ਰਮ ਸਮੂਹ ਸਟਾਫ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਅੰਜੂ ਬਾਲਾ, ਰੂਪ ਰਾਣੀ, ਰੂਬੀ, ਰਾਜਰਾਣੀ, ਤਰਸੇਮ ਲਾਲ, ਰਮੇਸ਼ ਚੰਦਰ ਆਦਿ ਮੌਜੂਦ ਸਨ।

# ਫ੍ਰੀ ਪਰਿਵਾਰ ਪ੍ਰਾਮਰਸ਼ ਕੇਂਦਰ ਤੇ ਜਨ ਕਲਿਆਣ ਸੰਗਠਨ ਨੇ ਮਨਾਇਆ 'ਅਗਸਤ ਕ੍ਰਾਂਤੀ ਦਿਹਾੜਾ'



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**-ਨੌਜਵਾਨ ਪੀੜ੍ਹੀ ਨੂੰ ਰਾਸ਼ਟਰ ਦੇ ਬਹਾਦਰ ਜਾਂਬਾਜ਼ ਸ਼ਹੀਦਾਂ ਦੀ ਰਾਹ 'ਤੇ ਚਲਣ ਦੇ ਉਦੇਸ਼ ਨਾਲ ਫ੍ਰੀ ਪਰਿਵਾਰ ਪ੍ਰਾਮਰਸ਼ ਕੇਂਦਰ (1968 ਤੋਂ) ਅਤੇ ਜਨ ਕਲਿਆਨ ਸੰਗਠਨ ਵੱਲੋਂ 'ਅਗਸਤ ਕ੍ਰਾਂਤੀ ਦਿਹਾੜਾ' ਮਨਾਇਆ ਗਿਆ।ਇਹ ਦਿਹਾੜਾ ਦੋਵਾਂ ਸੰਸਥਾਵਾਂ ਦੀ ਡਾਇਰੈਟਰ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਦੀ ਅਗਵਾਈ ਹੇਠ ਮਨਾਇਆ ਗਿਆ।ਮੁੱਖ ਮਹਿਮਾਨ ਸੁਰਜੀਤ ਕੌਰ ਨੇ ਕਿਹਾ ਕਿ ਭਾਰਤ ਤੋਂ ਅੰਗ੍ਰੇਜ਼ਾਂ ਨੂੰ ਉਖਾੜਣ ਲਈ 9 ਅਗਸਤ 1942 ਨੂੰ ਅਖਿਲ ਭਾਰਤੀ ਕਾਂਗਰਸ ਸਮਿਤੀ ਦੇ ਬੰਬਈ ਅਧਿਵੇਸ਼ਨ ਵਿੱਚ ਮਾਹਤਮਾ ਗਾਂਧੀ ਵੱਲੋਂ ਪ੍ਰਸਤਾਵ ਪਾਸ ਕਰਕੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ ਗਿਆ'ਭਾਰਤ ਛੱਡੋ ਅੰਦੋਲਨ' ਵਿੱਚ ਹਰ ਹਿਦੁਸਤਾਨੀ ਦੇ ਹੱਥ ਵਿੱਚ ਤਿਰੰਗਾ ਸੀ।ਗਾਂਧੀ, ਰਾਜਿੰਦਰ ਪ੍ਰਸਾਦ, ਸਰੋਜਨੀ ਨਾਇਡੂ ਅਤੇ ਹੋਰ ਕਈ ਨੇਤਾਵਾਂ ਨੂੰ ਜੇਲ ਵਿੱਚ ਬੰਦ ਕਰ ਦਿੱਤਾ ਸੀ।ਸਵਾਧੀਨਤਾ ਸੰਗ੍ਰਾਮ ਦਾ ਆਧਾਰ ਅਗਸਤ ਕ੍ਰਾਂਤੀ ਹੀ ਹੈ।ਅਗਸਤ ਕ੍ਰਾਂਤੀ ਵਿੱਚ ਗਾਂਧੀ ਜੀ ਦਾ ਨਾਅਰਾ ਕਰੋ ਜਾਂ ਮਰੋ ਪ੍ਰੇਰਕ ਸੀ।ਅੱਜ ਜ਼ਰੂਰੀ ਹੈ ਜਾਤ-ਪਾਤ, ਧਰਮ, ਭੇਦ-ਭਾਵ ਨੂੰ ਭੁਲਾ ਕੇ ਸਾਰੇ ਹਿੰਦੁਸਤਾਨ ਨੂੰ ਇੱਕਠਾ ਕਰਨ ਦੀ।ਸਤਵਿੰਦਰ ਕੌਰ, ਗੀਤਾ ਨਰੂਲਾ, ਸੁਖਵਿੰਦਰ ਕੌਰ, ਪਰਵੀਨ ਕੌਰ, ਮਹਿੰਦਰ ਕੌਰ ਅਤੇ ਕੁਲਵੰਤ ਕੌਰ ਨੇ ਕਿਹਾ ਕਿ ਰਾਸ਼ਟਰ ਧਰਮ ਉਚਾ ਧਰਮ ਹੈ।ਹਰ ਬੱਚੇ ਵਿਚ ਦੇਸ਼ ਭਗਤੀ ਨੂੰ ਜਗਾਉਣਾ ਹੈ।ਸੁਸ਼ਮਾ ਗੋਇਲ, ਰਾਜਿੰਦਰ ਕੌਰ, ਪਰਮਿੰਦਰ ਕੌਰ, ਬਲਜੀਤ ਕੌਰ, ਰਕਸ਼ਾ ਸੈਣੀ, ਗੁਰਮੀਤ ਕੌਰ, ਵਿਪਨਦੀਪ, ਰਾਧਾ ਕੁਮਾਰੀ ਨੇ ਕਿਹਾ ਕਿ ਦੇਸ਼ ਵਿਚ ਅਤਿਆਚਾਰ, ਅਪਰਾਧ, ਰਿਸ਼ਵਤਖੋਰੀ, ਗਰੀਬੀ ਅਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਕੇ ਅਮਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੈ।

# ਸੰਤ ਬਾਬਾ ਮੇਜਰ ਸਿੰਘ ਦੀ ਅਗਵਾਈ 'ਚ ਗੁਰਦੁਆਰਾ ਸਾਹਿਬ ਦੀ ਪਹਿਲੀ ਮੰਜ਼ਿਲ 'ਤੇ ਲੈਂਟਰ ਪਾਇਆ



**ਵੇਰਕਾ (ਰਾਣਾ)**-ਸ਼੍ਰੋਮਣੀ ਪੰਥ ਅਕਾਲੀ ਦਸ਼ਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਮਿਸ਼ਨ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਰੰਘਰੇਟੇ ਗੁਰੂ ਕੇ ਬੇਟੇ ਗੁਰਦੁਆਰਾ ਸਾਹਿਬ ਪਿੰਡ ਮੀਰਾ ਚੱਕ, ਚਾਟੀਵਿੰਡ ਲਹੇਲ ਦੇ ਮੁੱਖ ਸੇਵਾਦਾਰ ਸੰਤ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ ਹੇਠ ਇਲਾਕੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਦੀ ਪਹਿਲੀ ਮੰਜ਼ਿਲ ਤੇ ਅਰਦਾਸ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਹੇਠ ਲੈਂਟਰ ਪਾਉਣ ਦੀ ਆਰੰਭਤਾ ਕੀਤੀ ਗਈ ਜਿਸ ਵਿਚ ਇਲਾਕੇ ਦੀਆਂ ਸੰਗਤਾਂ ਅਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਪਹੁੰਚੇ ਸੰਤ ਮਹਾਂਪੁਰਖਾਂ ਵਲੋਂ ਗੁਰਦੁਆਰੇ ਸਾਹਿਬ ਦੀ ਇਮਾਰਤ ਦੀ ਪਹਿਲੀ ਮੰਜ਼ਿਲ ਤੇ ਲੈਂਟਰ ਪਾਉਣ ਵਿਚ ਵੱਡਾ ਯੋਗਦਾਨ ਪਾਇਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਇਸ ਮੌਕੇ ਪੰਜਾਬ ਤੋਂ ਵੱਖ-ਵੱਖ ਹਿੱਸਿਆਂ ਤੋਂ ਪਹੁੰਚੀਆ ਨਿਹੰਗ ਜਥੇਬੰਦੀਆ, ਸੰਤ ਮਹਾਂਪੁਰਖਾਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਸੰਤ ਬਾਬਾ ਮੇਜਰ ਸਿੰਘ ਸੋਢੀ ਨੇ ਕਿਹਾ ਕਿ ਗੁਰੂ ਘਰ ਦੀ ਉਸਾਰੀ ਜਾਂ ਰਹੀ ਨਵੀਂ ਇਮਾਰਤ ਦੀ ਸੰਗਤਾਂ ਵਲੋਂ ਸੇਵਾ ਕਰਨੀ ਇਕ ਬਹੁਤ ਵੱਡਾ ਉਪਕਾਰ ਹੈ, ਕਿਉਂਕਿ ਸੰਗਤਾਂ ਵਲੋਂ ਆਪਣੀ ਨੇਕ ਕਮਾਈ ਵਿਚੋਂ ਤਿਲ-ਫੁੱਲ ਕੱਢ ਕੇ ਗੁਰੂ ਘਰ ਦੇ ਲੇਖੇ ਲਾਉਣ ਨਾਲ ਵਾਹਿਗੁਰੂ ਇਨਸਾਨ ਦੇ ਕੀਤੇ ਮਾੜੇ ਕਰਮਾਂ ਤੋਂ ਛੁਟਕਾਰਾ ਦਵਾਉਂਦੇ ਹਨ ਅਤੇ ਗੁਰੂ ਘਰ ਕੀਤੀ ਸੇਵਾ ਦਾ ਕਣ-ਕਣ ਲੇਖੇ ਲਾਉਂਦੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਲੈਂਟਰ ਪਾਉਣ ਮੌਕੇ ਸੇਵਾ ਕਰਨ ਵਾਲੇ ਜਥੇਦਾਰ ਰਵੇਲ ਸਿੰਘ, ਰਣਜੀਤ ਸਿੰਘ, ਕੁਲਵੰਤ ਸਿੰਘ ਠੇਕੇਦਾਰ, ਬਾਬਾ ਦਲੀਪ ਸਿੰਘ ਭਿੱਟੇਵੱਡ, ਮਨਜੀਤ ਸਿੰਘ ਦੇਲਾਵਾਲ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਭਜਨ ਸਿੰਘ ਪ੍ਰਧਾਨ ਰਈਆ, ਸੂਬੇਦਾਰ ਹਰਪ੍ਰੀਤ ਸਿੰਘ ਬਾਬਾ ਬਕਾਲਾ, ਮਨਜਿੰਦਰ ਸਿੰਘ ਮੱਤੇਵਾਲ, ਗਿਆਨੀ ਅਰਸ਼ਦੀਪ ਸਿੰਘ, ਹਰਜਿੰਦਰ ਸਿੰਘ ਮੱਤੇਵਾਲ ਸਮੇਤ ਇਲਾਕੇ ਦੀਆਂ ਵਡੀ ਗਿਣਤੀ ਵਿਚ ਸੰਗਤਾਂ ਨੇ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀਂ ਇਮਾਰਤ ਵਿਚ ਹਿੱਸਾ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਧਾਲੀਵਾਲ ਤੇ ਈ. ਟੀ. ਓ. ਵੱਲੋਂ ਓਲੰਪਿਕ ਜੇਤੂ ਭਾਰਤੀ ਹਾਕੀ ਟੀਮ ਦਾ ਗਰਮਜੋਸ਼ੀ ਨਾਲ ਸਵਾਗਤ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਓਲੰਪਿਕ ਖੇਡਾਂ ਵਿੱਚੋਂ ਕਾਂਸੀ ਦਾ ਤਗਮਾ ਜਿੱਤ ਕੇ ਪੰਜਾਬ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਦਾ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਪੰਜਾਬ ਦੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਈਟੀਓ ਨੇ ਪੰਜਾਬ ਸਰਕਾਰ ਵੱਲੋਂ ਜੀ ਆਇਆਂ ਕਿਹਾ ਅਤੇ ਖਿਡਾਰੀਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਇਸ ਮੌਕੇ ਹਾਕੀ ਖਿਡਾਰੀਆਂ ਦੇ ਮਾਤਾ-ਪਿਤਾ, ਹਾਕੀ ਪ੍ਰੇਮੀ ਅਤੇ ਹਾਕੀ ਪੰਜਾਬ ਦੇ ਸੀਨੀਅਰ ਅਧਿਕਾਰੀ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਸ. ਧਾਲੀਵਾਲ ਨੇ ਇਸ ਮੌਕੇ ਹਾਕੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੁਹਾਡੀ ਜੇਤੂ ਟੀਮ ਦੇ ਹਰੇਕ ਖਿਡਾਰੀ ਨੂੰ ਇੱਕ-ਇੱਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕਰ ਚੁੱਕੇ ਹਨ ।ਉਨ੍ਹਾਂ ਕਿਹਾ ਕਿ ਸਾਨੂੰ ਤੁਹਾਡੇ ਉੱਤੇ ਮਾਣ ਹੈ, ਜਿਨ੍ਹਾਂ ਨੇ ਲੰਮੇ ਸਮੇਂ ਬਾਅਦ ਹਾਕੀ ਵਿੱਚ ਭਾਰਤ ਦੀ ਵਾਪਸੀ ਕਰਵਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਪਿੰਡ ਪੱਧਰ ਉੱਤੇ ਵਿਕਸਿਤ ਕਰਨ ਲਈ ਯਤਨ ਕਰ ਰਹੀ ਹੈ ਅਤੇ ਆਉਣ ਵਾਲਾ ਸਮਾਂ ਸਾਡੇ ਖਿਡਾਰੀਆਂ ਅਤੇ ਖੇਡਾਂ ਲਈ ਬਹੁਤ ਸੁਖਾਵਾਂ ਮਾਹੌਲ ਦੇਵੇਗਾ, ਜਿਸ ਨਾਲ ਪੰਜਾਬ ਵਿੱਚ ਵੱਡੇ ਖਿਡਾਰੀ ਪੈਦਾ ਹੋਣਗੇ।ਇਸ ਮੌਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਲੋਕ ਸਭਾ ਮੈਂਬਰ ਸ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਸਾਨੂੰ ਆਪਣੇ ਹਾਕੀ ਖਿਡਾਰੀਆਂ ਉੱਤੇ ਸਦਾ ਮਾਣ ਰਹੇਗਾ ਜਿਨਾਂ ਨੇ ਦੇਸ਼ ਲਈ ਮੈਡਲ ਜਿੱਤ ਕੇ ਲੰਮੇ ਸਮੇਂ ਬਾਅਦ ਹਾਕੀ ਵਿੱਚ ਸਾਡੇ ਦੇਸ਼ ਦਾ ਨਾਂ ਰੌਸ਼ਨ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਖਿਡਾਰੀਆਂ ਨੇ ਪੰਜਾਬ ਉੱਤੇ ਲੱਗਾ ਨਸ਼ੇ ਦਾ ਕਲੰਕ ਆਪਣੀ ਖੇਡ ਨਾਲ ਦੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੇ ਯਤਨਾਂ ਨਾਲ ਭਵਿੱਖ ਵਿੱਚ ਪੰਜਾਬ ਖੇਡਾਂ ਦੀ ਨਰਸਰੀ ਕਰਕੇ ਜਾਣਿਆ ਜਾਵੇਗਾ।ਅੰਮ੍ਰਿਤਸਰ ਹਵਾਈ ਅੱਡੇ ਉਤੇ ਪੁੱਜੇ ਓਲੰਪਿਕ ਖਿਡਾਰੀਆਂ ਵਿੱਚ ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਮਨਦੀਪ ਸਿੰਘ, ਜਰਮਨ ਪ੍ਰੀਤ ਸਿੰਘ ਬੱਲ, ਸੁਖਜੀਤ ਸਿੰਘ ਅਤੇ ਜੁਗਰਾਜ ਸਿੰਘ ਦੇ ਨਾਂਅ ਵਰਣਨਯੋਗ ਹਨ।ਇਸ ਮੌਕੇ ਰਜਤ ਉਬਰਾਏ ਪ੍ਰਸ਼ਾਸਕ ਏਡੀਏ, ਸਾਬਕਾ ਹਾਕੀ ਓਲੰਪੀਅਨ ਪ੍ਰਗਟ ਸਿੰਘ, ਹਰਪ੍ਰੀਤ ਸਿੰਘ ਮੰਡੇਰ, ਬਲਵਿੰਦਰ ਸਿੰਘ ਸ਼ੰਮੀ, ਸੰਜੀਵ ਕੁਮਾਰ, ਜੁਗਰਾਜ ਸਿੰਘ, ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ, ਜਨਰਲ ਸਕੱਤਰ ਅਮਰੀਕ ਸਿੰਘ ਪਵਾਰ, ਚੇਅਰਮੈਨ ਸਲਾਹਕਾਰ ਬੋਰਡ ਪ੍ਰਗਟ ਸਿੰਘ, ਖਜਾਨਚੀ ਸੰਜੀਵ ਕੁਮਾਰ, ਕਾਰਜਕਾਰੀ ਮੈਂਬਰ ਕੁਲਬੀਰ ਸਿੰਘ, ਮੈਂਬਰ ਗੁਰਮੀਤ ਸਿੰਘ, ਗੁਨਦੀਪ ਸਿੰਘ ਕਪੂਰ, ਚੇਅਰਮੈਨ ਅੰਪਾਇਰਿੰਗ ਕਮੇਟੀ ਗੁਰਿੰਦਰ ਸਿੰਘ ਸੰਘਾ, ਆਫਿਸ ਇੰਚਾਰਜ ਕੰਚਨ ਅਤੇ ਸੀਨੀਅਰ ਅਧਿਕਾਰੀਆਂ ਨੇ ਖਿਡਾਰੀਆਂ ਨੂੰ ਜੀ ਆਇਆਂ ਕਿਹਾ।

# ਭਾਰਤੀ ਹਾਕੀ ਟੀਮ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਈ ਨਤਮਸਤਕ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਿਡਾਰੀਆਂ ਦਾ ਕੀਤਾ ਮਾਣ-ਸਨਮਾਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੈਰਿਸ ਓਲੰਪਿਕ 2024 ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਦੇਸ਼ ਵਾਪਸ ਪਰਤੀ ਭਾਰਤੀ ਹਾਕੀ ਟੀਮ ਦੇ ਖਿਡਾਰੀ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਾਕੀ ਖਿਡਾਰੀਆਂ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਮਾਡਲ, ਧਾਰਮਿਕ ਪੁਸਤਕਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਤੇ ਫ਼ਖਰ ਵਾਲੀ ਗੱਲ ਹੈ ਕਿ ਜਦੋਂ ਵੀ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਭਰਵੀਂ ਸ਼ਮੂਲੀਅਤ ਰਹੀ ਹੈ ਤਾਂ ਟੀਮ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਟੀਮ ਵਿੱਚ ਸ਼ਾਮਲ ਪੰਜਾਬ ਦੇ ਖਿਡਾਰੀਆਂ ਨੇ ਲੰਮੇ ਅਰਸੇ ਤੋਂ ਬਾਅਦ ਪੰਜਾਬ ਦੇ ਹਾਕੀ ਨਾਲ ਸਬੰਧਤ ਇਤਿਹਾਸ ਨੂੰ ਦੁਹਰਾਇਆ ਹੈ। ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੀ ਹਾਕੀ ਟੀਮ ਵਿੱਚ ਵੱਡੀ ਗਿਣਤੀ ਪੰਜਾਬੀ ਖਿਡਾਰੀਆਂ ਤੋਂ ਉਹ ਪ੍ਰੇਰਣਾ ਲੈਣ ਅਤੇ ਖੇਡਾਂ ਵਿੱਚ ਅੱਗੇ ਆਉਣ।ਮੀਡੀਆ ਨਾਲ ਗੱਲ ਕਰਦਿਆਂ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਉਹ ਅੱਜ ਟੀਮ ਦੇ ਖਿਡਾਰੀਆਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਡਭਾਗਾ ਮਹਿਸੂਸ ਕਰਦੇ ਹਨ। ਉਨ੍ਹਾਂ ਕਿ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਹੀ ਟੀਮ ਵੱਲੋਂ ਇਹ ਪ੍ਰਾਪਤੀ ਸੰਭਵ ਹੋ ਸਕੀ ਹੈ ਅਤੇ ਉਨ੍ਹਾਂ ਟੀਮ ਲਈ ਭਵਿੱਖ ਅੰਦਰ ਹੋਰ ਬਿਹਤਰ ਪ੍ਰਦਰਸ਼ਨ ਦੀ ਅਰਦਾਸ ਕੀਤੀ ਹੈ।ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਿਲੇ ਸਤਿਕਾਰ ਤੇ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ।ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨੇ ਲਈ ਪੁੱਜੇ ਭਾਰਤੀ ਹਾਕੀ ਟੀਮ ਦੇ ਨੌਂ ਖਿਡਾਰੀਆਂ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ, ਜਰਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਾਰਦਿਕ ਸਿੰਘ, ਸੁਖਜੀਤ ਸਿੰਘ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਜੁਗਰਾਜ ਸਿੰਘ ਸ਼ਾਮਲ ਸਨ। ਇਸ ਤੋਂ ਇਲਾਵਾ ਟੀਮ ਦੇ ਕੋਚ ਤੇ ਖਿਡਾਰੀਆਂ ਦੇ ਪਰਿਵਾਰਕ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ, ਹਰਭਜਨ ਸਿੰਘ ਵਕਤਾ, ਸੁਪ੍ਰਡੰਟ ਨਿਸ਼ਾਨ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਰਜਿੰਦਰ ਸਿੰਘ ਰੂਬੀ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ, ਰਣਧੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਹਾਕੀ ਕੋਚ ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਪੱਖੋਵਾਲ ਕੁੱਲੀਆਂ ਤੇ ਰਸੂਲਪੁਰ ਬੇਟ ਦੇ ਕਈ ਨੌਜਵਾਨ 'ਆਪ' 'ਚ ਸ਼ਾਮਲ




**ਦੀਨਾਨਗਰ, (ਸੰਜੀਵ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਿੱਤਾਂ ਲਈ ਇਤਿਹਾਸਕ ਫੈਸਲੇ ਲਏ ਹਨ, ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਨ।ਇਸੇ ਲਈ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਹੋਰਨਾਂ ਸਿਆਸੀ ਝੂਠੀਆਂ ਪਾਰਟੀਆਂ ਦਾ ਪੱਲਾ ਛੱਡ ਕੇ ਆਮ ਲੋਕਾਂ ਦੀ ਪਾਰਟੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਇਹ ਪ੍ਰਗਟਾਵਾ ਵਿਧਾਨਸਭਾ ਹਲਕਾ ਦੀਨਾਨਗਰ ਦੇ ਇੰਚਾਰਜ ਸ਼ਮਸ਼ੇਰ ਸਿੰਘ ਨੇ ਬਲਾਕ ਪ੍ਰਧਾਨ ਕਾਜਲ ਪੱਖੋਵਾਲ ਅਤੇ ਨੌਜਵਾਨ ਆਗੂ ਲਖਵਿੰਦਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਪਿੰਡ ਰਸੂਲਪੁਰ ਅਤੇ ਪੱਖੋਵਾਲ ਕੁੱਲੀਆਂ ਦੇ ਦਰਜਨਾਂ ਨੌਜਵਾਨਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਮੌਕੇ ਕੀਤਾ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ, ਜਿਨ੍ਹਾਂ ਵਿੱਚ ਪਿੰਡ ਰਸੂਲਪੁਰ ਬੇਟ ਦੇ ਜੋਬਨਦੀਪ ਸਿੰਘ, ਲੱਖੀ, ਰਵੀ, ਕਰਨ, ਗੁਰਪ੍ਰੀਤ ਸਿੰਘ, ਸੁਖਬੀਰ ਸਿੰਘ, ਗੁਰਪ੍ਰੀਤ ਸਿੰਘ, ਰਘੂ, ਲਵ, ਅਮਰੀਕ ਸਿੰਘ, ਪਰਮਜੀਤ ਸਿੰਘ, ਲਖਵਿੰਦਰ ਸਿੰਘ ਤੇ ਬਲਵਿੰਦਰ ਸਿੰਘ ਅਤੇ ਪਿੰਡ ਪੱਖੋਵਾਲ ਕੁੱਲੀਆਂ ਦੇ ਗੌਰਵ ਸਿੰਘ, ਸ਼ੁਭਮ ਸਿੰਘ, ਨਿਤਿਨ ਕਾਟਲ, ਪ੍ਰਿਆਂਸ਼ੂ, ਰਵਿੰਦਰ ਸਿੰਘ, ਅੰਸ਼ੂ ਸਿੰਘ, ਯੁਵਰਾਜ ਸਿੰਘ ਅਤੇ ਗੌਰਵ ਦੇ ਨਾਂ ਸ਼ਾਮਲ ਹਨ, ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਨੌਜਵਾਨਾਂ 'ਚ ਰਵਾਇਤੀ ਸਿਆਸੀ ਪਾਰਟੀਆਂ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ।ਇਨ੍ਹਾਂ ਰਵਾਇਤੀ ਪਾਰਟੀਆਂ ਨੇ ਦੇਸ਼ ਦੇ ਨੌਜਵਾਨਾਂ ਨੂੰ ਸਿਵਾਏ ਬੇਰੁਜ਼ਗਾਰੀ ਦੇ ਹੋਰ ਕੁਝ ਨਹੀਂ ਦਿੱਤਾ।ਅੱਜ ਵੀ ਮੋਦੀ ਸਰਕਾਰ ਦੀਆਂ ਅਗਨੀਵੀਰ ਵਰਗੀਆਂ ਯੋਜਨਾਵਾਂ ਨੌਜਵਾਨਾਂ ਨਾਲ ਭੱਦੇ ਮਜ਼ਾਕ ਵਰਗੀਆਂ ਹਨ, ਜਦੋਂਕਿ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੁਣ ਤੱਕ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ ਅਤੇ ਇਸੇ ਕਾਰਨ ਹੀ ਨੌਜਵਾਨ ਆਮ ਆਦਮੀ ਪਾਰਟੀ ਤੋਂ ਪ੍ਰਭਾਵਿਤ ਹੋ ਕੇ ਇਸ ਪਾਰਟੀ 'ਚ ਸ਼ਾਮਲ ਹੋ ਰਹੇ ਹਨ।

# ਈਕੋ ਕਲੱਬ ਇੰਚਾਰਜਾਂ ਦੀ ਕਲੱਸਟਰ ਪੱਧਰੀ ਇੱਕ ਰੋਜ਼ਾ ਵਰਕਸ਼ਾਪ



**ਝਬਾਲ (ਹਰਜਿੰਦਰ ਸਿੰਘ ਸੋਨੀ)**—ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟਕਨਾਲੋਜ਼ੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਤਾਵਰਨ ਸਿੱਖਿਆ ਪ੍ਰੋਗਰਾਮ ਅਧੀਨ ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਈਕੋ ਕਲੱਬ ਇੰਚਾਰਜਾਂ ਦੀ ਕਲੱਸਟਰ ਪੱਧਰ ਤੇ ਇੱਕ ਰੋਜ਼ਾ ਵਰਕਸ਼ਾਪ ਦਾ ਵਿਸ਼ਵ ਪ੍ਰਸਿੱਧ ਸੰਸਥਾ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਵਿੱਚ ਪੰਜ ਜ਼ਿਲ੍ਹਿਆਂ ਦੇ ਈਕੋ ਕਲੱਬ ਇੰਚਾਰਜ ਅਧਿਆਪਕਾਂ ਨੇ ਭਾਗੀਦਾਰੀ ਕੀਤੀ। ਡਾ. ਕੁਲਬੀਰ ਸਿੰਘ ਬਾਠ (ਜਾਇੰਟ ਡਾਇਰੈਕਟਰ, ਪੀ. ਐੱਸ. ਸੀ. ਐੱਸ. ਟੀ.) ਅਤੇ ਡਾ. ਮੰਦਾਕਨੀ ਠਾਕੁਰ (ਚੀਫ ਪ੍ਰੋਜੈਕਟ ਸਾਇੰਟਿਸਟ) ਹੁਰਾਂ ਨੇ ਦੱਸਿਆ ਕਿ ਇਸ ਵਰਕਸ਼ਾਪ ਦਾ ਉਦੇਸ਼ ਸਕੂਲੀ ਬੱਚਿਆਂ ਜ਼ਰੀਏ ਵਾਤਾਵਰਨ ਨੂੰ ਬਚਾਉਣਾ ਅਤੇ ਲੋਕਾਂ ਵਿੱਚ ਵਾਤਾਵਰਨ ਸੰਭਾਲ ਪ੍ਰਤੀ ਜਾਗਰੁਕਤਾ ਲਿਆਉਣਾ ਹੈ ਜਿਸ ਵਿੱਚ ਹਵਾ, ਪਾਣੀ, ਊਰਜਾ, ਮਿੱਟੀ, ਫਾਲਤੂ ਪਦਾਰਥਾਂ, ਭੋਜਨ ਅਤੇ ਸਿਹਤ ਦੀ ਸੰਭਾਲ ਲਈ ਵੱਖ-ਵੱਖ ਉਪਰਾਲਿਆਂ ਉਪਰ ਚਰਚਾ ਕੀਤੀ ਗਈ।ਇਸ ਵਰਕਸ਼ਾਪ ਦੀ ਮੇਜ਼ਬਾਨੀ ਕਰਦਿਆਂ ਖਾਲਸਾ ਕਾਲਜ ਦੇ ਪ੍ਰਿੰ. ਡਾ. ਮਹਿਲ ਸਿੰਘ, ਐੱਚ.ਓ.ਡੀ. ਜ਼ੁਆਲੋਜੀ ਡਾ. ਜਸਵਿੰਦਰ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਹਰਭਗਵੰਤ ਸਿੰਘ ਹੁਰਾਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਸ ਵਰਕਸ਼ਾਪ ਨੂੰ ਕਾਮਯਾਬ ਬਣਾਉਣ ਦਾ ਸਨੇਹਾ ਦਿੱਤਾ।ਲੈਕ. ਪ੍ਰਭਜੀਤ ਸਿੰਘ ਨੇ ਦੱਸਿਆਂ ਕਿ ਇਸ ਵਰਕਸ਼ਾਪ ਦੌਰਾਨ ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਪਿਛਲੇ ਸਾਲਾਂ ਵਿੱਚ ਹੋਏ ਕੰਮਾਂ ਉਪਰ ਵੀ ਚਰਚਾ ਕੀਤੀ ਗਈ ਜਿਸ ਵਿੱਚ ਪੰਜਾਬ ਭਰ ਵਿੱਚੋਂ ਹੋਈਆਂ ਵੱਧ ਐਕਟੀਵੀਟਿਜ਼ ਸਦਕਾ ਬੇਹਤਰੀਨ ਪ੍ਰਦਰਸ਼ਨ ਹੋਣ ਕਰਕੇ ਤਰਨਤਾਰਨ ਜ਼ਿਲ੍ਹੇ ਨੂੰ ਐਕਸੀਲੈਂਸ ਐਵਾਰਡ ਨਾਲ ਨਿਵਾਜਿਆ ਗਿਆ, ਜਿਸਦਾ ਸਿਹਰਾ ਸੇਵਾਮੁਕਤ ਸ. ਕਸ਼ਮੀਰ ਸਿੰਘ, ਸ.ਸ.ਸ.ਕੰ. ਸਕੂਲ, ਚੋਹਲਾ ਸਾਹਿਬ ਦੀ ਅਣਥੱਕ ਮਿਹਨਤ ਨੂੰ ਜਾਂਦਾ ਹੈ। ਤਰਨ ਤਾਰਨ ਜਿਲ੍ਹੇ ਦੇ ਨਵ-ਨਿਯੁਕਤ ਜ਼ਿਲ੍ਹਾ ਕੋਆਰਡੀਨੇਟਰ, ਹੈੱਡਮਾਸਟਰ ਅਮਨਦੀਪ ਸਿੰਘ ਅਤੇ ਸਮੂਹ ਈਕੋ ਕਲੱਬ ਇੰਚਾਰਜਾਂ ਦੁਆਰਾ ਇਸ ਅਵਾਰਡ ਨੂੰ ਪ੍ਰਾਪਤ ਕਰਕੇ ਪੀ. ਐੱਸ. ਸੀ. ਐੱਸ. ਟੀ. ਦਾ ਧੰਨਵਾਦ ਕੀਤਾ।ਇਸ ਵਰਕਸ਼ਾਪ ਦੇ ਅਖ਼ੀਰ ਵਿੱਚ ਨਿਮਲੀ, ਰਾਜਸਥਾਨ ਤੋਂ ਗ੍ਰੀਨ ਸਕੂਲ ਪ੍ਰੋਗਰਾਮ ਤਹਿਤ ਤਿੰਨ ਰੋਜ਼ਾਂ ਟ੍ਰੇਨਿੰਗ ਪ੍ਰਾਪਤ ਜ਼ਿਲ੍ਹਾ ਰਿਸੋਰਸ ਪਰਸਨ ਪ੍ਰਭਜੀਤ ਸਿੰਘ ਅਤੇ ਗੁਰਬਖ਼ਸ਼ ਸਿੰਘ ਹੁਰਾਂ ਨੇ ਜ਼ਿਲੇ ਦੇ ਅੰਦਰ ਗ੍ਰੀਨ ਸਕੂਲ ਪ੍ਰੋਗਰਾਮ ਆਡਿਟ ਹਿੱਤ ਅਗਲੇਰੀ ਰਣਨੀਤੀ ਉਪਰ ਵਿਚਾਰ-ਚਰਚਾ ਕੀਤੀ ਅਤੇ ਯਕੀਨ ਦਵਾਇਆ ਕਿ ਜ਼ਿਲ੍ਹਾ ਤਰਨਤਾਰਨ ਨੂੰ ਹਰ ਪੱਖ ਤੋਂ ਮੋਹਰੀ ਜ਼ਿਲ੍ਹਾ ਬਣਾਉਣ ਦੀ ਪੁਰ ਜ਼ੋਰ ਕੋਸ਼ਿਸ਼ ਕੀਤੀ ਜਾਏਗੀ।ਇਸ ਮੌਕੇ ਹੈੱਡਮਾਸਟਰ ਅਮਨਦੀਪ ਸਿੰਘ, ਸ਼ੁਮਿੰਦਰਜੀਤ ਸਿੰਘ, ਲੈਕ. ਪ੍ਰਭਜੀਤ ਸਿੰਘ, ਸਾਇੰਸ ਅਧਿਆਪਕ ਬਲਜਿੰਦਰ ਸਿੰਘ, ਮਨਜਿੰਦਰਜੀਤ ਸਿੰਘ, ਗੁਰਬਖ਼ਸ਼ ਸਿੰਘ, ਧੀਰਜ ਕੁਮਾਰ, ਸੁਰਿੰਦਰਪਾਲ ਸਿੰਘ ਅਤੇ ਜ਼ਿਲ੍ਹਾ ਤਰਨਤਾਰਨ ਦੇ ਈਕੋ ਕਲੱਬ ਇੰਚਾਰਜ਼ ਸ਼ਾਮਿਲ ਸਨ।

# 'ਹਰ ਘਰ ਤਿਰੰਗਾ' ਮੁਹਿੰਮ ਦੇ ਤਹਿਤ ਨਾਗਰਿਕ ਆਪਣੇ ਘਰਾਂ 'ਤੇ ਲਗਾਉਣ ਤਿਰੰਗਾ : ਨਾਇਬ ਸੈਨੀ



ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਤਿਰੰਗਾ ਸਾਡੀ ਸ਼ਾਨ ਹੈ, ਜਾਨ ਹੈ ਅਤੇ ਇਸ ਦਾ ਸਨਮਾਨ ਬਣਾਏ ਰੱਖਣਾ ਸਾਡੀ ਸਾਰਿਆਂ ਦੀ ਜਿਮੇਵਾਰੀ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਚਲਾਈ ਗਈ ਹਰ ਘਰ ਤਿਰੰਗਾ ਮੁਹਿੰਮ ਵਿਚ ਭਾਗੀਦਾਰੀ ਕਰਦੇ ਹੋਏ ਆਪਣੇ ਘਰਾਂ ਅਤੇ ਸੰਸਥਾਨਾਂ 'ਤੇ ਤਿਰੰਗਾ ਲਗਾਉਣ ਅਤੇ ਦੇਸ਼ ਲਈ ਮਰ-ਮਿੱਟਣ ਵਾਲੇ ਰਣਬਾਂਕੁਰਾਂ ਵੱਲੋਂ ਦੇਖੇ ਗਏ ਨਵੇਂ ਭਾਰਤ ਦੇ ਸਪਨੇ ਨੂੰ ਸਾਕਾਰ ਕਰਨ ਵਿਚ ਆਪਣਾ ਯੋਗਦਾਨ ਦੇਣ।ਸ੍ਰੀ ਨਾਇਬ ਸਿੰਘ ਸੈਨੀ ਜਿਲ੍ਹਾ ਪੰਚਕੂਲਾ ਦੇ ਕਾਲਕਾ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ।ਇਸ ਮੌਕੇ ਉਨ੍ਹਾਂ ਨੇ ਭਾਰਤ ਮਾਤਾ ਦੀ ਜੈ ਦੇ ਜੈਕਾਰਿਆਂ ਦੇ ਨਾਲ ਤਿਰੰਗਾ ਯਾਤਰਾ ਨੂੰ ਰਵਾਨਾ ਕੀਤਾ।ਦੇਸ਼ ਭਗਤੀ ਨਾਲ ਭਰੇ ਇਹ ਯਾਤਰਾ ਕਲਕਾ ਮੰਡੀ ਤੋਂ ਸ਼ੁਰੂ ਹੋ ਕੇ ਸ੍ਰੀ ਕਾਲੀ ਮਾਤਾ ਮੰਦਰ, ਕਾਲਕਾ ਵਿੱਚ ਸਪੰਨ ਹੋਈ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਇਤਿਹਾਸਕ ਸ੍ਰੀ ਕਾਲੀ ਮਾਤਾ ਮੰਦਰ ਕਾਲਕਾ ਵਿਚ ਮਾਤਾ ਦੇ ਦਰਸ਼ਨ ਕਰਨ ਆਸ਼ੀਰਵਾਦ ਲਿਆ।ਉਨ੍ਹਾਂ ਨੇ ਗੁਰੂਦੁਆਰਾ ਸਾਹਿਬ ਵਿਚ ਵੀ ਸੀਸ ਨਵਾ ਕੇ ਆਸ਼ੀਰਵਾਦ ਲਿਆ।

## ਫੁੱਟਬਾਲ ਅਕੈਡਮੀ ਫਿਲੌਰ ਨੇ ਜਿੱਤਿਆ ਸਾਲਾਨਾ ਕੱਪ

ਫਿਲੌਰ ( ਨਿਰਮਲ ) ਫੁੱਟਬਾਲ ਅਕੈਡਮੀ ਫਿਲੌਰ ਨੇ ਲੁਧਿਆਣਾ 'ਚ ਭੱਟੀਆਂ ਵਿਖੇ ਹੋਏ ਸਾਲਾਨਾ ਕੱਪ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਫਿਲੌਰ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ।ਫੁੱਟਬਾਲ ਅਕੈਡਮੀ ਫਿਲੌਰ ਦੀ ਸ਼ੁਰੂਆਤ ਮਨੀ ਧਾਲੀਵਾਲ ਵੱਲੋਂ ਕੀਤੀ ਗਈ ਸੀ। ਇਸ ਅਕੈਡਮੀ ਨੇ ਕਈ ਵਧੀਆ ਅਤੇ ਹੋਣਹਾਰ ਖਿਡਾਰੀ ਖੇਡ ਜਗਤ 'ਚ ਲਿਆਂਦੇ।ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਸਕੀਮਾਂ ਚਲਾਈਆਂ ਗਈਆਂ ਹਨ ਜਿਨ੍ਹਾਂ ਦਾ ਲਾਭ ਲੈਣ ਕੇ ਅਸੀਂ ਫੁੱਟਬਾਲ ਅਕੈਡਮੀ ਫਿਲੌਰ ਨੂੰ ਅੱਗੇ ਵਧਾ ਰਹੇ ਹਾਂ ਅਤੇ ਨੌਜਵਾਨਾਂ ਨੂੰ ਨਾਲ ਜੋੜ ਕੇ ਉਨ੍ਹਾਂ ਨੂੰ ਭੈੜੀਆਂ ਅਲਾਮਤਾਂ ਤੋਂ ਦੂਰ ਰੱਖਣ 'ਚ ਕਾਮਯਾਬ ਹੋ ਰਹੇ ਹਾਂ। ਫੱਟਬਾਲ ਅਕੈਡਮੀ ਫਿਲੌਰ ਦੀ ਟੀਮ ਨੂੰ ਸਨਮਾਨਿਤ ਕਰਨ ਮੌਕੇ ਉਨ੍ਹਾਂ ਨਾਲ ਵਰਿੰਦਰ ਸਿੰਘ ਸੈਨੀ ਕੋ ਆਰਡੀਨੇਟਰ ਮੈਡੀਕਲ ਵਿੰਗ ਵਿਧਾਨ ਸਭਾ ਹਲਕਾ ਫਿਲੌਰ, ਹਰਿੰਦਰ ਸਿੰਘ ਸੈਨੀ ਸੀਨੀਅਰ ਆਗੂ ਆਪ, ਪਰਮਿੰਦਰ ਸਿੰਘ ਮਾਹਲ ਸੀਨੀਅਰ ਆਗੂ ਕਿਸਾਨ ਵਿੰਗ, ਰਾਹੁਲ ਪੁੰਜ , ਮਨਦੀਪ ਸ਼ਾਹਪੁਰ, ਸਤਨਾਮ ਸਿੰਘ, ਸੁੱਖਾ ਕੋਟ ਗਰੇਵਾਲ, ਅਸ਼ੋਕ ਸ਼ਰਮਾ ਅਤੇ ਹੋਰ ਹਾਜ਼ਰ ਸਨ।



# ਭੱਕਲਾਂ ਵਿਖੇ ਮਨਾਇਆ ਤੀਆਂ ਦਾ ਤਿਉਹਾਰ



ਬੁਲ੍ਹੋਵਾਲ (ਵਿਰਦੀ) ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰਰੀ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਹੁਸ਼ਿਆਰਪੁਰ ਸ਼੍ਰੀਮਤੀ ਰਵਿੰਦਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜ਼ਰ ਸ਼੍ਰੀਮਤੀ ਸ਼ਰਮੀਲਾ ਰਾਣੀ ਵਲੋਂ ਸਰਕਲ ਲਾਚੋਵਾਲ ਦੇ ਪੈਂਦੇ ਪਿੰਡ ਭੱਕਲਾਂ ਵਿਖੇ ਆਂਗਣਵਾੜੀ ਵਰਕਰ ਪਰਮਿੰਦਰ ਕੌਰ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਪੁਰਾਤਨ ਵਿਰਸੇ ਨਾਲ ਸਬੰਧਿਤ ਸੱਭਿਆਚਾਰਕ ਪ੍ਰੋਗਰਾਮ ਲੋਕ ਗੀਤ, ਬੋਲੀਆਂ, ਸੁਹਾਗ, ਘੋੜੀਆਂ, ਜਾਗੋ, ਗਿੱਧਾ ਪੇਸ਼ ਕਰਕੇ ਔਰਤਾਂ, ਮੁਟਿਆਰਾਂ ਅਤੇ ਬੱਚਿਆਂ ਵਲੋਂ ਮਨ-ਪਰਚਾਵਾ ਕੀਤਾ ਗਿਆ।ਇਸ ਮੌਕੇ ਪਿੰਡ ਦੇ ਸਰਪੰਚ ਸਤਨਾਮ ਸਿੰਘ ਅਤੇ ਕੁਲਦੀਪ ਸਿੰਘ ਸਹੋਤਾ ਵਲੋਂ ਬੱਚਿਆਂ ਨੂੰ ਪੁਰਾਤਨ ਵਿਰਸੇ ਨਾਲ ਜੁੜਨ ਲਈ ਉਸ਼ਾਹਿਤ ਕੀਤਾ। ਸ਼ਰਮੀਲਾ ਰਾਣੀ ਨੇ ਤੀਆਂ ਦੀ ਮਹੱਤਤਾ ਅਤੇ ਨਾਰੀ ਸ਼ਕਤੀ ਨੂੰ ਮਜਬੂਤ ਕਰਨ ਸਬੰਧੀ ਪ੍ਰੇਰਿਤ ਕੀਤਾ, ਉਹਨਾਂ ਵਲੋਂ ਵਾਤਾਵਰਨ ਨੂੰ ਹਰਾ-ਭਰਾ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਵੀ ਉਤਸ਼ਾਹਿਤ ਕੀਤਾ। ਇਸ ਮੌਕੇ ਅਜਮੇਰ ਸਿੰਘ ਸਹੋਤਾ ਅਤੇ ਕੁਲਦੀਪ ਸਿੰਘ ਸਹੋਤਾ ਵਲੋਂ ਬੱਚਿਆਂ ਦੇ ਨੂੰ ਇਨਾਮ ਦੇ ਕੇ ਹੌਸਲਾ-ਅਫਜ਼ਾਈ ਕੀਤੀ। ਇਸਸ ਮੌਕੇ ਪਿੰਡ ਦੇ ਸਰਪੰਚ ਸਤਨਾਮ ਸਿੰਘ, ਮੈਂਬਰ ਪੰਚਾਇਤ ਨਿਰਮਲ ਸਿੰਘ, ਰੇਸ਼ਮ ਸਿੰਘ, ਸੁਖਦੇਵ ਸਿੰਘ, ਨਿਰਮਲ ਕੌਰ, ਰਾਜ ਰਾਣੀ, ਨੰਬਦਾਰ ਦਿਲਬਾਗ ਸਿੰਘ, ਗੰਗਾ ਸਿੰਘ, ਅਜਮੇਰ ਸਿੰਘ, ਸੇਵਾ ਸਿੰਘ, ਆਸ਼ਾ ਵਰਕਰ ਕ੍ਰਿਸ਼ਨਾ ਰਾਣੀ ਅਤੇ ਸਮੂਹ ਪਿੰਡ ਵਾਸੀ ਵੀ ਹਾਜਰ ਸਨ।

## ਕਾਂਸੇ ਦਾ ਮੈਡਲ ਜਿੱਤਣ 'ਤੇ ਤੇਹਿੰਗ ਵਿਖੇ ਖੁਸ਼ੀ ਮਨਾਈ

ਫਿਲੌਰ ( ਨਿਰਮਲ ) ਉਲੰਪਿਕ ਚ ਭਾਰਤੀ ਹਾਕੀ ਟੀਮ ਵੱਲੋਂ ਵਧੀਆ ਪ੍ਰਦਰਸ਼ਨ ਕਾਰਨ ਕਾਸੇ ਦਾ ਮੈਡਲ ਜਿੱਤਿਆ।ਭਾਰਤ ਹਾਕੀ ਟੀਮ ਵੱਲੋਂ ਕਾਸੇ ਦਾ ਮੈਡਲ ਜਿੱਤਣ 'ਤੇ ਪਿੰਡ ਤੇਹਿੰਗ ਵਿਖੇ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਏਕਨੂਰ ਹਾਕੀ ਅਕੈਡਮੀ ਚਲਾ ਰਹੇ ਪ੍ਰਬੰਧਕਾਂ ਨੇ ਦੱਸਿਆ ਕਿ ਸਾਡੇ ਪਿੰਡ ਦੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ਼ ਏਕ ਨੂਰ ਅਕੈਡਮੀ ਚਲਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਾਕੀ ਨੂੰ ਪ੍ਰਫੁੱਲਿਤ ਕਰਨ ਲਈ ਖਿਡਾਰੀਆਂ ਦਾ ਹਰ ਤਰ੍ਹਾਂ ਨਾਲ ਸਹਿਯੋਗ ਕਰ ਰਹੇ ਹਨ ਖਿਡਾਰੀਆਂ ਨੂੰ ਸਵੇਰੇ ਤੋਂ ਸ਼ਾਮ ਤੱਕ ਦਾ ਸਾਰਾ ਖਾਣ ਪੀਣ ਦਾ ਸਮਾਨ ਅਤੇ ਵਰਦੀਆਂ ਤੱਕ ਮੁਹੱਈਆ ਕਰਵਾਈਆਂ ਜਾਂਦੀਆਂ ਹਨ।ਐਨ ਆਰ ਆਈ ਵੀਰਾਂ ਵੱਲੋਂ ਕੁਝ ਸਾਲ ਪਹਿਲਾਂ ਪਿੰਡ ਤੇਹਿੰਗ ਵਿਖੇ ਏਕ ਨੂਰ ਅਕੈਡਮੀ ਆਰੰਭ ਕੀਤੀ ਗਈ ਸੀ।ਏਕ ਨੂਰ ਅਕੈਡਮੀ ਵੱਲੋਂ ਖਿਡਾਰੀਆਂ ਲਈ ਵਧੀਆ ਕੋਚ ਅਤੇ ਟੂਰਨਾਮੈਂਟ ਖੇਡਣ ਜਾਣ ਲਈ ਬੱਸਾਂ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਰਹੀ ਹੈ।ਜਿਸ ਕਾਰਨ ਇਸ ਅਕੈਡਮੀ ਵਿੱਚੋਂ ਕਈ ਵਧੀਆ ਖਿਡਾਰੀ ਪੰਜਾਬ ਵਿੱਚ ਵਧੀਆ ਪ੍ਰਦਰਸ਼ਨ ਕਰ ਰਹੇ ਹਨ। ਜਿਸ 'ਤੇ ਪਿੰਡ ਵਾਸੀਆਂ ਵੱਲੋਂ ਸਮੂਹ ਐਨ ਆਰ ਆਈ ਵੀਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਭਾਰਤ ਦੀ ਹਾਕੀ ਟੀਮ ਵੱਲੋਂ ਕਾਂਸ਼ੀ ਦਾ ਮੈਡਲ ਜਿੱਤਣ ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਹਾਜ਼ਰ ਤੀਰਥ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ, ਸੁਰਜੀਤ ਸਿੰਘ, ਲਸਕਰੀ ਰਾਮ, ਪਾਲਾ ਸਿੰਘ, ਜੀਤ ਸਿੰਘ, ਜਸਵੀਰ ਸਿੰਘ, ਅਮਰਜੀਤ ਸਿੰਘ, ਤਰਸੇਮ ਸਿੰਘ, ਪ੍ਰੇਮ ਸਿੰਘ, ਪਰਮਜੀਤ ਸਿੰਘ, ਸੁਖਵੰਤ ਸਿੰਘ, ਲਖਵਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

## ਪਹਿਲੀ ਭਰਵੀਂ ਬਰਸਾਤ ਨੇ ਹੀ ਖਰੜ ਸ਼ਹਿਰ ਕੀਤਾ ਜਲ-ਥਲ



ਖਰੜ (ਹਰਨਾਮ ਸਿੰਘ ਡੱਲਾ) ਖਰੜ ਸ਼ਹਿਰ ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਹਰਿਆਣਾ ਦਾ ਪ੍ਰਵੇਸ਼ ਦੁਆਰਾ ਹੈ।ਇਸ ਦਾ ਸ਼ਹਿਰੀਕਰਨ ਏਨੀ ਤੇਜ਼ੀ ਨਾਲ ਹੋਇਆ ਕਿ ਹੁਣ ਇਹ ਇੱਕ ਕਸਬੇ ਤੋਂ ਬਦਲ ਕੇ ਇੱਕ ਵੱਡੇ ਸ਼ਹਿਰ ਵਿੱਚ ਬਦਲ ਚੁੱਕਾ ਹੈ। ਇਸ ਦੇ ਇਰਦ ਗਿਰਦ ਬਣੀਆਂ ਕਲੋਨੀਆਂ ਬੜੀਆਂ ਆਲੀਸ਼ਾਨ ਕੋਠੀਆਂ ਕਰਕੇ ਮਸ਼ਹੂਰ ਹਨ। ਪਰ ਇਸ ਸ਼ਹਿਰ ਵਿੱਚ ਵਸੀਆਂ ਬਹੁਤੀਆਂ ਕਲੋਨੀਆਂ ਪੁੱਡਾ ਜਾਂ ਗਮਾਡਾਂ ਵੱਲੋਂ ਮਨਜ਼ੂਰਸ਼ੁਦਾ ਨਾ ਹੋਣ ਕਰਕੇ ਇਹਨਾਂ ਦਾ ਡਰੇਨਜ ਸਿਸਟਮ ਅਤੇ ਸੜਕਾਂ ਦੀ ਮਾੜੀ ਹਾਲਤ ਨੇ ਲੋਕਾਂ ਦਾ ਜੀਣਾਂ ਦੁੱਭਰ ਕਰ ਦਿੱਤਾ ਹੈ।ਬਰਸਾਤ ਦੇ ਦਿਨਾਂ ਵਿੱਚ ਥੋੜੀ ਬਾਰਸ਼ ਨਾਲ ਹੀ ਐੱਲ ਆਈ ਸੀ ਕਲੋਨੀ, ਓਮ ਇਨਕਲੇਬ, ਨਿੱਜਰ ਰੋਡ ਅਤੇ ਨੈਸ਼ਨਲ ਹਾਈਵੇ 'ਤੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਪਾਣੀ ਭਰ ਚੁੱਕਾ ਹੈ।ਪਾਣੀ ਦਾ ਨਿਕਾਸ ਠੀਕ ਨਾ ਹੋਣ ਕਰਕੇ ਪੁਰਾਣੀਆਂ ਬਸਤੀਆਂ ਦੇ ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਜਾਂਦਾ ਹੈ।ਓਮ ਇਨਕਲੇਬ ਦੇ ਬਾਸ਼ਿੰਦੇ ਤਾਂ ਸੜਕ ਵਿੱਚ ਖੜ੍ਹੇ ਪਾਣੀ ਵਿੱਚ ਪੌਲੀਥੀਅਨ ਕਿਸ਼ਤੀ 'ਤੇ ਘੁੰਮਦੇ ਦੇਖੇ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਨਗਰ ਕੌਂਸਲ ਖਰੜ ਦੇ ਅਧਿਕਾਰੀਆਂ ਨੂੰ ਕਈ ਵਾਰ ਮਿਲ ਕੇ ਪਾਣੀ ਦੇ ਨਿਕਾਸ ਦੀ ਦਰੁਸਤੀ ਲਈ ਮਿਲ ਚੁੱਕੇ ਹਨ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।ਐੱਲ ਆਈ ਸੀ ਕਲੋਨੀ ਦੇ ਵਸਨੀਕ ਦਿਨੇਸ਼ ਪ੍ਰਸਾਦਿ, ਕਾਮਰੇਡ ਯੋਗ ਰਾਜ, ਮੋਹਣ ਸਿੰਘ ਰਾਹੀ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਰਕਾਰ ਜਲਦੀ ਤੋਂ ਜਲਦੀ ਲੋਕਾਂ ਦੀ ਸਾਰ ਲਵੇ, ਨਹੀਂ ਲੋਕਾਂ ਨੂੰ ਮਜਬੂਰ ਹੋ ਕੇ ਪ੍ਰਸ਼ਾਸਨ ਖਿਲਾਫ ਸੰਘਰਸ਼ ਕੀਤਾ ਜਾਵੇਗਾ।

## ਬਹਿਰਾਮ ਵਿਖੇ ਤੀਆਂ ਦਾ ਤਿਉਹਾਰ ਮਨਾਇਆ



ਬੰਗਾ (ਅਵਤਾਰ ਕਲੇਰ) ਤੀਆਂ ਦਾ ਤਿਉਹਾਰ ਸਾਵਣ ਮਹੀਨੇ ਵਿੱਚ ਵਿਸ਼ੇਸ਼ ਮਹਾਨਤਾ ਰੱਖਦਾ ਹੈ।ਸਾਨੂੰ ਇਹ ਤਿਉਹਾਰ ਹੋਰ ਤਿਉਹਾਰਾ ਵਾਂਗ ਰਲਮਿਲ ਕੇ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।ਇਹ ਸ਼ਬਦ ਸਰਪੰਚ ਬਹਿਰਾਮ ਅਕਵਿੰਦਰ ਕੌਰ ਰੰਧਾਵਾ ਨੇ ਜਿਥੇ ਤੀਆਂ ਦੇ ਕਰਵਾਏ ਸਮਾਗਮ ਦੌਰਾਨ ਆਖੇ ਉਥੇ ਬੀਬੀ ਹਰਭਜਨ ਕੌਰ ਰੰਧਾਵਾ ਨੇ ਤੀਆ ਦੇ ਤਿਉਹਾਰ ਬਾਰੇ ਵਿਸਥਾਰ ਪੂਰਵਕ ਧੀਆਂ ਨੂੰ ਜਾਣਕਾਰੀ ਦਿੱਤੀ।ਉਪਰੰਤ ਧੀਆਂ ਦੇ ਬੋਲੀ ਮੁਕਾਬਲੇ ਕਰਾਏ ਅਤੇ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਬੀਬੀ ਅਕਵਿੰਦਰ ਕੌਰ ਰੰਧਾਵਾ ਸਰਪੰਚ ਬਹਿਰਾਮ, ਬੀਬੀ ਸੰਦੀਪ ਕੌਰ ਰੰਧਾਵਾ,ਬੀਬੀ ਬਲਜਿੰਦਰਜੀਤ ਕੌਰ, ਅਵਨੀਤ ਕੌਰ, ਗੁਰਲੀਨ ਕੌਰ, ਬੀਬੀ ਕੁਲਵੀਰ ਕੌਰ, ਬੀਬੀ ਕਮਲਜੀਤ ਕੌਰ ਕਲੇਰ, ਬੀਬੀ ਰਛਪਾਲ ਕੌਰ, ਬੀਬੀ ਸੁਖਵਿੰਦਰ ਕੌਰ, ਬੀਬੀ ਭਜਨ ਕੌਰ ਰੰਧਾਵਾ, ਬੀਬੀ ਬਲਜਿੰਦਰ ਕੌਰ, ਬੀਬੀ ਰਾਜਵੀਰ ਕੌਰ, ਬੀਬੀ ਸਰਬਜੀਤ ਕੌਰ, ਬੀਬੀ ਨਰਿੰਦਰ ਕੌਰ, ਬੀਬੀ ਪਰਮਜੀਤ ਕੌਰ ਲੇਹਲ ਅਦਿ ਹਾਜ਼ਰ ਸਨ।

## ਬੱਚਿਆਂ ਦੀ ਸ਼ਖਸੀਅਤ ਦੇ ਵਿਕਾਸ 'ਚ ਮਾਪਿਆਂ ਦੀ ਭੂਮਿਕਾ : ਮਾ. ਇੰਦਰਜੀਤ



ਬਿਲਗਾ (ਵਿਜੇ ਕੁਮਾਰ) ਨਗਰ ਬਿਲਗਾ ਦੇ ਨਜ਼ਦੀਕੀ ਪਿੰਡ ਤਲਵਣ ਦੇ (ਐਸ ਐਸ) ਮਾਸਟਰ ਇੰਦਰਜੀਤ ਨੇ ਦੱਸਿਆ ਕਿ ਅਕਸਰ ਦੇਖਣ ਵਿੱਚ ਆਇਆ ਹੈ ਕਿ ਜ਼ਿਆਦਾਤਰ ਬੱਚੇ ਯੋਗਤਾ ਨਾਲ ਭਰਪੂਰ ਹੋਣ ਦੇ ਬਾਵਜੂਦ ਸਹੀ ਅਗਵਾਈ ਦੀ ਘਾਟ ਵਿੱਚ ਉਦੇਸ਼ਹੀਣ ਹੋ ਕੇ ਭ੍ਰਮਿਤ ਹੋ ਜਾਂਦੇ ਹਨ ਅਤੇ ਇਧਰ-ਉਧਰ ਭਟਕਦੇ ਰਹਿੰਦੇ ਹਨ।ਲੋੜ ਹੈ, ਇਨ੍ਹਾਂ ਬੱਚਿਆਂ 'ਤੇ ਉਨ੍ਹਾਂ ਦੀ ਯੋਗਤਾ ਨੂੰ ਪਹਿਚਾਨਣ ਦੀ, ਪਰਖਣ ਦੀ ਤੇ ਉਸ ਯੋਗਤਾ ਨੂੰ ਨਿਖਾਰਨ ਦੀ।ਅਸੀਂ ਇਸ ਸੱਚ ਤੋਂ ਜਾਣੂ ਹਾਂ ਕਿ ਸਾਰੇ ਬੱਚੇ ਇੱਕੋ ਜਿਹੇ ਨਹੀਂ ਹੁੰਦੇ।ਕੁਝ ਸ਼ਰਮੀਲੇ ਹੁੰਦੇ ਹਨ ਅਤੇ ਕੁਝ ਬੜਬੋਲੇ।ਇੱਕ ਅਧਿਆਪਕ ਤੇ ਮਾਤਾ-ਪਿਤਾ ਹੋਣ ਦੇ ਨਾਤੇ ਸਾਡਾ ਫਰਜ਼ ਬਣਦਾ ਹੈ ਕਿ ਓਸ ਬੱਚੇ ਵਿਸ਼ੇਸ਼ ਦੀ ਯੋਗਤਾ ਨੂੰ ਪਰਖੀਏ ਤੇ ਉਸਦੇ ਅਨੁਸਾਰ ਉਸਦਾ ਮਾਰਗਦਰਸ਼ਨ ਕਰੀਏ।ਘਰ ਵਿੱਚ ਮਾਤਾ-ਪਿਤਾ ਆਪਣੇ ਬੱਚਿਆਂ ਦੇ ਨਾਲ ਜ਼ਿਆਦਾਤਰ ਸਮਾਂ ਬਿਤਾਉਣ ਤੇ ਉਨ੍ਹਾਂ ਨਾਲ ਦੋਸਤਾਨਾ ਵਿਵਹਾਰ ਅਪਨਾਉਣ ਤਾਂ ਕਿ ਬੱਚਾ ਉਨ੍ਹਾਂ ਨਾਲ ਘੁਲ ਮਿਲ ਜਾਵੇ ਤੇ ਆਪਣੀਆਂ ਸਮੱਸਿਆਵਾਂ ਦੱਸਣ ਵਿੱਚ ਝਿਜਕ ਮਹਿਸੂਸ ਨਾ ਕਰੇ। ਕਈ ਵਾਰੀ ਇਸ ਤਰ੍ਹਾਂ ਵੀ ਦੇਖਣ ਵਿੱਚ ਆਇਆ ਹੈ ਕਿ ਘਰ ਵਿੱਚ ਜੇਕਰ ਮਾਤਾ-ਪਿਤਾ ਡਾਕਟਰ ਜਾਂ ਇੰਜੀਨੀਅਰ ਹਨ ਤਾਂ ਬੱਚੇ ਉਪਰ ਵੀ ਇਹ ਹੀ ਬਣਨ ਦਾ ਦਬਾਅ ਪਾਇਆ ਜਾਂਦਾ ਹੈ।ਮਾਤਾ ਪਿਤਾ ਇਸ ਆਪਣਾ ਸਟੇਟਸ ਸਿੰਬਲ ਸਮਝਦੇ ਹਨ।ਨਤੀਜੇ ਵਿਚ ਬੱਚਾ ਤਣਾਅ ਵਿੱਚ ਆ ਕੇ ਆਪਣਾ ਮਾਨਸਿਕ ਸਤੁੰਲਨ ਤੱਕ ਗਵਾ ਬੈਠਦਾ ਹੈ ਜਾਂ ਫਿਰ ਨਸ਼ੇ ਅਤੇ ਬੁਰੀਆਂ ਆਦਤਾਂ ਵੱਲ ਚਲਾ ਜਾਂਦਾ ਹੈ।ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਇਹ ਆਪਣੇ ਬੱਚੇ ਨੂੰ ਸਮਝਣ।ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਇਹ ਆਪਣੇ ਬੱਚੇ ਦਾ ਮਨੋਵਿਗਿਆਨਕ ਢੰਗ ਨਾਲ ਵਿਸ਼ਲੇਸ਼ਣ ਕਰਨ, ਉਸਦੀ ਯੋਗਤਾ ਨੂੰ ਪਛਾਣ ਕੇ ਉਸਨੂੰ ਉਤਸ਼ਾਹਿਤ ਕਰਨ ਨਾ ਕਿ ਨਿਰਉਤਸ਼ਾਹਿਤ। ਬੱਚੇ ਨੂੰ ਦੇਸ਼ ਦਾ ਚੰਗਾ ਨਾਗਰਿਕ ਬਣਾਉਣ, ਇਨਸਾਨੀਅਤ ਨਾਲ ਭਰਪੂਰ ਇਨਸਾਨ ਬਣਾਉਣ ਜੋ ਉਸਦੇ ਜੀਵਨ ਦੀਆਂ ਕਦਰਾਂ-ਕੀਮਤਾਂ ,ਵਿਰਾਸਤ ਤੇ ਸੱਭਿਆਚਾਰ ਨਾਲ ਜੁੜਿਆ ਹੋਵੇ।

## ਸੀਟੀ ਗਰੁੱਪ ਦੇ ਵਿਦਿਆਰਥੀਆਂ ਨੇ ਫਰੰਟਲਾਈਨ ਵਰਕਰਾਂ ਨੂੰ ਛਤਰੀਆਂ ਵੰਡੀਆਂ



ਜਲੰਧਰ ( ਸ਼ੈਲੀ ਐਲਬਰਟ ) - ਸੀਟੀ ਗਰੁੱਪ, ਟ੍ਰੈਫਿਕ ਪੁਲਸ, ਜਲੰਧਰ ਦੇ ਸਹਿਯੋਗ ਨਾਲ, ਮੌਨਸੂਨ ਸੀਜ਼ਨ ਜਾਰੀ ਹੋਣ ਦੇ ਕਾਰਨ, ਫਰੰਟਲਾਈਨ ਕਰਮਚਾਰੀਆਂ ਨੂੰ ਛਤਰੀਆਂ ਵੰਡਣ ਲਈ ਸੜਕਾਂ 'ਤੇ ਉਤਰਿਆ। ਕਮਿਊਨਿਟੀ ਅਤੇ ਹਮਦਰਦੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਸ ਪਹਿਲਕਦਮੀ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ। ਛੱਤਰੀ ਵੰਡਣ ਦੀ ਮੁਹਿੰਮ ਬੀਐਮਸੀ ਚੌਕ, ਗੁਰੂ ਨਾਨਕ ਮਿਸ਼ਨ ਚੌਕ, ਐਪੀਜੇ ਚੌਕ ਅਤੇ ਟ੍ਰੈਫਿਕ ਪੁਲਸ ਦਫਤਰ ਸਮੇਤ ਸ਼ਹਿਰ ਦੇ ਪ੍ਰਮੁੱਖ ਸਥਾਨਾਂ 'ਤੇ ਚਲਾਈ ਗਈ। ਵਿਦਿਆਰਥੀਆਂ ਨੇ ਆਪਣੇ ਫੈਕਲਟੀ ਦੀ ਅਗਵਾਈ ਵਿੱਚ, ਟ੍ਰੈਫਿਕ ਪੁਲਸ ਕਰਮਚਾਰੀਆਂ ਅਤੇ ਹੋਰ ਫਰੰਟਲਾਈਨ ਕਰਮਚਾਰੀਆਂ ਨੂੰ ਛਤਰੀਆਂ ਸੌਂਪੀਆਂ । ਵੰਡ ਦੌਰਾਨ ਹਾਜ਼ਰ ਏਸੀਪੀ ਟਰੈਫਿਕ ਆਤਿਸ਼ ਭਾਟੀਆ ਨੇ ਸੀਟੀ ਗਰੁੱਪ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਸਨੇ ਟਿੱਪਣੀ ਕੀਤੀ, ਫਰੰਟਲਾਈਨ ਕਰਮਚਾਰੀ ਅਕਸਰ ਕਠੋਰ ਮੌਸਮੀ ਸਥਿਤੀਆਂ ਦਾ ਸਾਹਮਣਾ ਕਰਦੇ ਹਨ, ਅਤੇ ਇਸ ਪਹਿਲਕਦਮੀ ਨੇ ਉਨ੍ਹਾਂ ਨੂੰ ਮਾਨਸੂਨ ਦੌਰਾਨ ਬਹੁਤ ਲੋੜੀਂਦੀ ਰਾਹਤ ਪ੍ਰਦਾਨ ਕੀਤੀ ਹੈ।।

## ਸਨੌਰਾ ਸਕੂਲ ਵਿਖੇ ਤੀਜ ਦਾ ਤਿਉਹਾਰ ਮਨਾਇਆ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਸ਼੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਨੂੰ ਰੰਗ-ਬਿਰੰਗੀ ਸਜਾਵਟ ਨਾਲ ਸਜਾਇਆ ਗਿਆ ਸੀ। ਸਾਰਿਆਂ ਨੇ ਇਸ ਤਿਉਹਾਰ ਦਾ ਭਰਪੂਰ ਆਨੰਦ ਮਾਣਿਆ। ਸਾਡੇ ਮਹਿਮਾਨ ਅਤੇ ਸਟਾਫ ਨੇ ਰਵਾਇਤੀ, ਰੰਗੀਨ ਪਹਿਰਾਵੇ ਪਾ ਕੇ ਉਸਨੂੰ ਤਿਉਹਾਰ ਦੀ ਭਾਵਨਾ ਨਾਲ ਜੋੜਿਆ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਜੋਰਦਾਰ ਨਾਚਾਂ ਨੇ ਤੀਜ ਦੇ ਤਿਉਹਾਰ ਦੇ ਮੌਕੇ ਹੋਰ ਵੀ ਆਨੰਦ ਦਾ ਇੱਕ ਮਾਹੌਲ ਬਣਾ ਦਿੱਤਾ । ਮਜ਼ੇਦਾਰ ਖੇਡਾਂ ਦਾ ਆਯੋਜਨ ਕੀਤਾ ਗਿਆ ਸੀ ਅਤੇ ਹਰ ਕਿਸੇ ਨੇ ਵੱਖ-ਵੱਖ ਤਰ੍ਹਾਂ ਦੇ ਖਾਣਿਆਂ ਦਾ ਆਨੰਦ ਲਿਆ । ਇੱਕ ਵਿਸ਼ੇਸ਼ ਮਹਿੰਦੀ ਦਾ ਸਟਾਲ ਵੀ ਲਗਾਇਆ ਗਿਆ ਸੀ।



## ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸਥਾਨਕ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋ ਰੋਡ ਨਵਾਂਸ਼ਹਿਰ ਵਿਖੇ ਮੈਨੇਜਰ ਡਾਇਰੈਕਟਰ ਸੁੱਖਰਾਜ ਸਿੰਘ ਕੈਂਡੀ ਦੀ ਪ੍ਰਧਾਨਗੀ ਹੇਠ ਪ੍ਰਿਸੀਪਲ ਤੇਜਿੰਦਰ ਕੌਰ ਦੀ ਮੌਜੂਦਗੀ ਵਿਚ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿਚ 9ਵੀਂ ਕਲਾਸ ਤੋਂ 12ਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਇਨ੍ਹਾਂ ਵਿਦਿਆਰਥਣਾਂ ਨੇ ਗਰੁੱਪ ਡਾਂਸ ਤੇ ਵੱਖ-ਵੱਖ ਗਰੁੱਪ ਸਾਂਗ ਪੇਸ਼ ਕੀਤੇ। ਸਕੂਲ ਦੀਆਂ ਅਧਿਆਪਕਾਂ ਨੇ ਵੀ ਇਸ ਤਿਓਹਾਰ ਨੂੰ ਚਾਰ-ਚੰਨ ਲਾਉਂਦੇ ਹੋਏ ਭਾਗ ਲਿਆ। ਵਿਦਿਆਰਥਣਾਂ ਨੇ ਤੀਆ ਦੇ ਤਿਓਹਾਰ ਦੀ ਮਰਿਆਦਾ ਅਨੁਸਾਰ ਵੱਖ-ਵੱਖ ਤਰ੍ਹਾਂ ਦੇ ਰੰਗ-ਬਿਰੰਗੇ ਕੱਪੜੇ ਪਹਿਨੇ ਹੋਏ ਹਨ। ਇਸ ਮੌਕੇ ਵਿਦਿਆਰਥਣਾਂ ਵੱਲੋਂ ਅਧਿਆਪਕਾਂ ਦੇ ਹੱਥਾਂ ਵਿਚ ਸੁੰਦਰ ਮਹਿੰਦੀ ਵੀ ਲਗਾਈ ਗਈ। ਇਸ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਮਾਲ-ਪੂੜੇ ਅਤੇ ਖੀਰ ਦਾ ਲੰਗਰ ਖਿਲਾਇਆ ਗਿਆ।

ਇਸੇ ਖੁਸ਼ੀ ਦੇ ਮੌਕੇ ਐਮ ਡੀ ਕੈਂਡੀ ਸੁਖਰਾਜ ਸਿੰਘ ਵੱਲੋਂ ਸਾਰੇ ਸਟਾਫ ਅਤੇ ਵਿਦਿਆਰਥਣਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।



ਪ੍ਰਿੰਸੀਪਲ ਤੇਜਿੰਦਰ ਕੌਰ ਨੇ ਤੀਆਂ ਦੇ ਤਿਉਹਾਰ ਵਾਰੇ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਅਧਿਆਪਕ ਰੀਤੂ ਕਪੂਰ, ਰੀਤੂ ਬਾਲਾ, ਗੁਰਿੰਦਰ ਕੈਂਥ, ਸੁਰਿੰਦਰ ਕੌਰ, ਮੀਨਾ ਰਾਣੀ, ਲਵੀ, ਗੀਤਾ ਦੇਵੀ, ਸਰਬਜੀਤ ਕੌਰ, ਸੁਰਿੰਦਰ ਕੌਰ, ਰਾਜਵਿੰਦਰ ਕੌਰ, ਜਸਪ੍ਰੀਤ ਕੌਰ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

### ਚੰਨਣ ਸਿੰਘ ਦੀ ਮੌਤ 'ਤੇ ਕਾਹਲੋਂ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )-ਬੀਤੇ ਦਿਨੀਂ ਏ ਐੱਸ ਆਈ ਚੰਨਣ ਸਿੰਘ ਮਹਿਰੋਲੀ ਦੀ ਹੋਈ ਅਚਾਨਕ ਮੌਤ 'ਤੇ ਸਤਲੁਜ ਪ੍ਰੈਸ ਕਲੱਬ ਦੇ ਮੁੱਖ ਸਲਾਹਕਾਰ ਅਤੇ ਪਿੰਡ ਨਲਹੋਟੀ ਦੇ ਸਰਪੰਚ ਸੁਰਜੀਤ ਸਿੰਘ ਕਾਹਲੋਂ ਅਤੇ ਦਰਸ਼ਨ ਸਿੰਘ ਕਾਹਲੋਂ ਨਾਲ ਵੱਖ ਵੱਖ ਜਥੇਬੰਦੀਆਂ ਅਤੇ ਸਮੂਹ ਪੱਤਰਕਾਰ ਭਾਈਚਾਰੇ ਵਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਗੌਰਵ ਰਾਣਾ ਉਘੇ ਸਮਾਜ ਸੇਵੀ, ਜੀਵਨ ਕੁਮਾਰ ਸੰਜੂ ਹਰੀਪੁਰ,ਸੁਖਬੀਰ ਸਿੰਘ ਸਕੱਤਰ, ਪੰਜਾਬ ਸਿੰਘ, ਭਜਨ ਲਾਲ ਨੰਬਰਦਾਰ, ਰਾਜ ਕੁਮਾਰ ਰਾਜਾ, ਦਰਬਾਰਾ ਸਿੰਘ ਬਾਲਾ, ਪੱਤਰਕਾਰ ਸੰਜੀਵ ਭੰਡਾਰੀ, ਗੁਰਦੀਪ ਸਿੰਘ ਝੱਜ,ਰਾਜੇਸ਼ ਚੌਧਰੀ ਤਖ਼ਤਗੜ੍ਹ, ਬਿੰਦਰਪਾਲ ਝਾਡੀਆਂ, ਜਗਤਾਰ ਜੱਗੀ ਮਨਦੀਪ ਬਾਲੀ, ਬੱਬੀ ਰਾਏਪੁਰ, ਮੇਹਰ ਬੱਬੂ, ਅਮਰੀਕ ਚਨੋਲੀ ਆਦਿ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਤਿਊੜ ਵਿਖੇ ਕੈਂਪ ਅੱਜ

ਮੋਹਾਲੀ, (ਗੁਰਜੀਤ ਬਿੱਲਾ) ਪੰਜਾਬ ਸਰਕਾਰ ਵੱਲੋਂ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਸੁਵਿਧਾ ਕੈਂਪ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਕੈਂਪਾਂ ਦੀ ਲੜੀ ਵਜੋਂ 13 ਅਗਸਤ ਨੂੰ ਖਰੜ ਬਲਾਕ ਦੇ ਪਿੰਡ ਤਿਊੜ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਸਮਾਂ ਸਵੇਰੇ 10.00 ਵਜੇ ਤੋਂ ਦੁਪਿਹਰ 1.00 ਵਜੇ ਤੱਕ ਦਾ ਹੋਵੇਗਾ।ਇਸ ਕੈਂਪ ਵਿੱਚ ਪਿੰਡ ਤਿਊੜ, ਨਾਂਨੂ ਮਾਜਰਾ, ਅਭੈਪੁਰ, ਜਕੜਮਾਜਰਾ, ਰੁੜਕੀ ਖਾਮ, ਚੰਦੋਗੋਬਿੰਦਗੜ੍ਹ ਪਿੰਡਾਂ ਦੇ ਵਸਨੀਕ ਆਪਣੀਆਂ ਮੁਸਕਿਲਾਂ/ਸਮੱਸਿਆਵਾਂ ਲਈ ਅਰਜ਼ੀਆਂ ਦੇ ਸਕਦੇ ਹਨ।

### ਅਜ਼ਾਦੀ ਦਿਵਸ ਸਮਾਗਮ ਦੀ ਫੁੱਲ ਡਰੈਸ ਰਿਹਰਸਲ ਅੱਜ

ਮੋਹਾਲੀ, (ਗੁਰਜੀਤ ਬਿੱਲਾ) ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ (ਸ਼ੌਰਿਆ ਚੱਕਰ) ਸਰਕਾਰੀ ਕਾਲਜ, ਫੇਜ਼-6, ਮੋਹਾਲੀ ਦੇ ਸਟੇਡੀਅਮ ਵਿਖੇ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਬਾਬਤ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਸਵੇਰੇ 9:00 ਵਜੇ ਹੋਵੇਗੀ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਜ਼ਿਲ੍ਹਾ ਪੁਲਸ ਮੁਖੀ ਦੀਪਕ ਪਾਰਿਕ ਇਸ ਰਿਹਰਸਲ ਦਾ ਜਾਇਜ਼ਾ ਲੈਣਗੇ।ਇਸ ਸੰਬੰਧੀ ਐੱਸ ਡੀ ਐਮ ਦੀਪਾਂਕਰ ਗਰਗ ਵੱਲੋਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਤੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਐੱਸ ਡੀ ਐਮ ਦੀਪਾਂਕਰ ਗਰਗ ਨੇ ਕਿਹਾ ਕਿ ਇਹ ਦਿਨ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਆਜ਼ਾਦੀ ਘੁਲਾਟੀਆਂ ਦੇ ਬੇਮਿਸਾਲ ਯੋਗਦਾਨ ਦੀ ਯਾਦ ਦਿਵਾਉਂਦਾ ਹੈ। ਉਹਨਾਂ ਨੇ ਮਾਰਚ ਪਾਸਟ, ਪਾਰਕਿੰਗ, ਝਾਕੀਆਂ ਅਤੇ ਸੱਭਿਆਚਾਰਕ ਪ੍ਰੋਗਰਾਮ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ।

### ਮਿਡ-ਡੇ -ਮੀਲ ਵਰਕਰਾਂ ਦਾ ਬਲਾਕ ਪੱਧਰੀ ਟ੍ਰੇਨਿੰਗ ਕੈਂਪ ਲਗਾਇਆ



ਬੰਗਾ (ਅਵਤਾਰ ਕਲੇਰ) ਸਿੱਖਿਆ ਵਿਭਾਗ ਦੀਆਂ ਹਦਾਇਤਾ ਅਨੁਸਾਰ ਕਮਿਊਨਿਟੀ ਸੈਂਟਰ ਬਹਿਰਾਮ ਵਿਖੇ ਬਲਾਕ ਪੱਧਰੀ ਟ੍ਰੇਨਿੰਗ ਕੈਂਪ ਮਿਡ-ਡੇ-ਮੀਲ ਸਕੀਮ ਤਹਿਤ ਕੰਮ ਕਰ ਰਹੀਆ ਵਰਕਰਾਂ ਦਾ ਟ੍ਰੇਨਿੰਗ ਕੈਂਪ ਲਗਾਇਆ ਗਿਆ।ਜਿਸ ਵਿੱਚ ਜਿਲ੍ਹਾ ਰਿਸੋਰਸ ਪਰਸਨ ਰਘਵਿੰਦਰ ਕੌਰ ਅਤੇ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਨੇ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਕਿਸ ਤਰ੍ਹਾਂ ਖਾਣਾ ਤਿਆਰ ਕਰਨਾ, ਖਾਣਾ ਸੂਚੀਵਾਰ ਤਿਆਰ ਕਰਨਾ, ਖਾਣਾ ਬਨਾਉਣ ਤੋਂ ਪਹਿਲਾ ਰਸੋਈ ਦੀ ਸ਼ਫਾਈ ਕਰਨੀ,ਆਪਣੇ ਆਪ ਨੂੰ ਸ਼ਾਫ ਰੱਖਣਾ, ਸਿਰ ਢੱਕਕੇ ਖਾਣਾ ਤਿਆਰ ਕਰਨਾ ਤੇ ਬੱਚਿਆ ਨੂੰ ਪਰੋਸਣਾ ਆਦਿ ਬਾਰੇ ਵਿਸਥਾਰ ਪੂਰਵਕ ਦੱਸਿਆ ਉਨ੍ਹਾ ਹੋਰ ਕਿਹਾ ਕਿ ਅਨਾਜ ਦੀ ਸਾਂਭ-ਸ਼ੰਭਾਲ ਰੱਖਣ ਦੇ ਨਾਲ ਨਾਲ ਖਾਣਾ ਬਨਾਉਣ ਸਮੇਂ ਸਾਵਧਾਨੀ ਵਰਤਨੀ ਚਾਹੀਦੀ ਹੈ ।ਇਸ ਮੌਕੇ ਮੈਡਮ ਸੁਖਵਿੰਦਰ ਕੌਰ, ਉਕਾਂਰ ਸਿੰਘ, ਮਹਿੰਦਰ ਕੌਰ, ਸੁਰਿੰਦਰ ਕੌਰ, ਰਾਜਿੰਦਰ ਕੌਰ ਕਲੇਰ, ਜਗਦੀਸ਼ ਕੌਰ, ਕਮਲਜੀਤ ਕੌਰ, ਸੁਨੀਤਾ ਰਾਣੀ, ਸੀਮਾ ਰਾਣੀ, ਪ੍ਰੋਮਿਲਾ ਰਾਣੀ, ਮਨਜੀਤ ਕੌਰ, ਸੁਰਜੀਤ ਕੌਰ, ਕਮਲਾ ਦੇਵੀ, ਨਿਰਮਲਾ ਦੇਵੀ, ਪੁਸ਼ਪਾ ਦੇਵੀ, ਪਰਮਜੀਤ ਕੌਰ ਆਦਿ ਹਾਜ਼ਰ ਸਨ।

### ਸਿਹਤ ਕੇਂਦਰਾਂ 'ਚ ਨਸ਼ਾ ਮੁਕਤੀ ਸੰਬੰਧੀ ਸਹੁੰ ਚੁਕਾਈ



ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਾ ਮੁਕਤ ਭਾਰਤ ਅਭਿਆਨ ਅਧੀਨ ਸਿਵਲ ਹਸਪਤਾਲ ਟਾਂਡਾ ਵਿਖੇ ਵੱਖ ਵੱਖ ਸਿਹਤ ਕੇਂਦਰਾਂ ਵਿੱਚ ਨਸ਼ਾ ਮੁਕਤੀ ਸੰਬੰਧੀ ਸਹੁੰ ਚੁਕਾਈ ਗਈ।ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਕਰਣ ਕੁਮਾਰ ਸੈਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾਖੋਰੀ ਮੌਜੂਦਾ ਸਮੇਂ ਵਿਚ ਸਮਾਜ ਦੀ ਇਕ ਗੰਭੀਰ ਸਮੱਸਿਆ ਬਣੀ ਹੋਈ ਹੈ। ਨਸ਼ਾ ਕਰਨ ਵਾਲਾ ਵਿਅਕਤੀ ਦਿਮਾਗੀ ਤੌਰ 'ਤੇ ਪੂਰੀ ਤਰ੍ਹਾਂ ਨਾਲ ਸਿਹਤਮੰਦ ਨਹੀਂ ਹੁੰਦਾ ਹੈ।ਇਸ ਲਈ ਸਮਾਜ ਨੂੰ ਚਾਹੀਦਾ ਹੈ ਕਿ ਉਸ ਨਾਲ ਪਿਆਰ ਵਾਲਾ ਰਵੱਈਆ ਅਪਣਾ ਕੇ ਉਸ ਨੂੰ ਇਸ ਸਮੱਸਿਆ ਵਿਚੋ ਹੌਲੀ ਹੌਲੀ ਬਾਹਰ ਲਿਆਉਣ ਵਿੱਚ ਮਦਦ ਕਰਨ।ਇਸ ਤਰ੍ਹਾਂ ਨਾਲ ਪ੍ਰਭਾਵਿਤ ਵਿਅਕਤੀ ਵੀ ਆਪਣੀ ਇੱਛਾ ਸ਼ਕਤੀ ਨਾਲ ਇਸ ਤੋਂ ਛੁਟਕਾਰਾ ਪਾ ਸਕਦਾ ਹੈ।ਪ੍ਰਭਾਵਿਤ ਵਿਅਕਤੀ ਸੰਤੁਲਿਤ ਭੋਜਨ, ਯੋਗਾ, ਸੈਰ ਕਰਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖ ਸਕਦਾ ਹੈ।ਉਹਨਾਂ ਦੱਸਿਆ ਕਿ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਨਸ਼ਾ ਛਡਾਉਣ ਲਈ ਇਲਾਜ ਮੁਫਤ ਕੀਤਾ ਜਾਂਦਾ ਹੈ।ਇਸ ਮੌਕੇ ਡਾ. ਬਿਕਰਮ ਸਿੰਘ, ਡਾ. ਸ਼ਗੁਨ, ਡਾ. ਇਦਰਜੀਤ ਸੋਨੀਆ, ਅਵਤਾਰ ਸਿੰਘ, ਕੁਲਵੀਰ ਸਿੰਘ, ਜਤਿੰਦਰ ਸਿੰਘ, ਗੁਰਜੀਤ ਸਿੰਘ, ਤਰਜਿੰਦਰ ਕੁਮਾਰ, ਗੁਰਪ੍ਰੀਤ ਸਿੰਘ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।

## ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੀ ਨਵੀਂ ਕਮੇਟੀ ਦੀ ਚੋਣ



ਫਗਵਾੜਾ (ਇੰਦਰਜੀਤ ਸਿੰਘ ਮਠਾੜੂ) ਸ੍ਰੀ ਵਿਸ਼ਵਕਰਮਾ ਧੀਮਾਨ ਸਭਾ (ਰਜਿ.) ਦੀ ਜਨਰਲ ਮੀਟਿੰਗ ਪ੍ਰਧਾਨ ਪ੍ਰਦੀਪ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਨਵੀਂ ਕਮੇਟੀ ਦਾ ਐਲਾਨ ਕੀਤਾ ਗਿਆ।ਇਸ ਮੌਕੇ ਸੁਭਾਸ਼ ਧੀਮਾਨ ਨੂੰ ਜਨਰਲ ਸੈਕੇਟਰੀ ਤੇ ਵਿਕਰਮਜੀਤ ਚੱਗਰ ਨੂੰ ਕੈਸ਼ੀਅਰ ਦਾ ਅਹੁਦਾ ਦਿੱਤਾ ਗਿਆ।ਸੁਰਿੰਦਰਪਾਲ ਧੀਮਾਨ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਨਾਮ ਸਿੰਘ ਜੁਤਲਾ ਨੂੰ ਗੁਰਮੁੱਖ ਸਿੰਘ ਨਾਮਧਾਰੀ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਨਵੀਂ ਟੀਮ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।ਨਵੇਂ ਚੁਣੇ ਮੈਂਬਰਾ ਨੇ ਭਰੋਸਾ ਦਿੱਤਾ ਕਿ ਜੋ ਜੁੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ ਉਸਨੂੰ ਉਹ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਇੰਦਰਜੀਤ ਸਿੰਘ ਮਠਾੜੂ, ਸੂਰਜ ਧੀਮਾਨ, ਅਰੁਣ ਰੂਪਰਾਏ, ਭੁਪਿੰਦਰ ਸਿੰਘ ਜੰਡੂ, ਪ੍ਰਸ਼ਾਂਤ ਧੀਮਾਨ, ਅਸ਼ੋਕ ਧੀਮਾਨ, ਨਰਿੰਦਰ ਸਿੰਘ, ਸੁਰਿੰਦਰ ਸਿੰਘ, ਨਰਿੰਦਰ ਸਿੰਘ, ਸੁਖਵੰਤ ਸਿੰਘ, ਅਸ਼ਵਨੀ ਧੀਮਾਨ, ਜਸਵੰਤ ਰਾਏ, ਰਵਿੰਦਰ ਸਿੰਘ, ਮਧੂ ਸੂਦਨ, ਸੁਖਦੇਵ ਸਿੰਘ, ਤੀਰਥ ਸਿੰਘ, ਗੁਰਪ੍ਰੀਤ ਸਿੰਘ, ਗੁਰਮੁੱਖ ਸਿੰਘ, ਬਲਵਿੰਦਰ ਸਿੰਘ ਰਤਨ ਵੀ ਸ਼ਾਮਲ ਸਨ।

## ਹੱਥਾਂ ਨਾਲ ਬਣਾਈ ਰੱਖੜੀ ਦੀਆਂ ਤਕਨੀਕਾਂ 'ਤੇ ਵਰਕਸ਼ਾਪ

ਜਲੰਧਰ (ਇਕਬਾਲ ਸਿੰਘ ਉਭੀ)- ਪੀ ਸੀ ਐਮ ਐਸ ਡੀ ਕਾਲਜ ਲੜਕੀਆਂ ਦੇ ਪੀਜੀ ਡਿਪਾਰਟਮੈਂਟ ਆਫ ਫੈਸ਼ਨ ਡਿਜਾਇਨਿੰਗ ਨੇ ਆਈ ਆਈ ਸੀ ਦੀ ਅਗਵਾਈ ਹੇਠ ਹੱਥਾਂ ਨਾਲ ਬਣਾਈਆਂ ਰੱਖੜੀ ਬਣਾਉਣ ਦੀਆਂ ਤਕਨੀਕਾਂ ਬਾਰੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ।ਇਸ ਮੌਕੇ ਕਲਾ ਅਤੇ ਸ਼ਿਲਪਕਾਰੀ ਦੇ ਮਾਹਿਰ ਸ਼੍ਰੀਮਤੀ ਰੀਤੂ ਲਾਲ ਰੀਸੋਰਸ, ਆਈ ਆਈ ਸੀ ਅਤੇ ਫੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਪੌਦਾ ਦੇ ਕੇ ਨਿੱਘਾ ਸਵਾਗਤ ਕੀਤਾ।ਵਰਕਸ਼ਾਪ ਵਿੱਚ ਬੀ ਐਸ ਸੀ ਫੈਸ਼ਨ ਡਿਜ਼ਾਈਨਿੰਗ ਦੇ ਵਿਦਿਆਰਥੀਆਂ, ਜੋ ਕਿ ਸ਼੍ਰੀਮਤੀ ਲਾਲ ਦੇ ਰੂਪ ਵਿੱਚ ਹੱਥੀਂ ਸਿੱਖਣ ਵਿੱਚ ਰੁੱਝੇ ਹੋਏ ਸਨ ਨੇ ਮਿੱਟੀ, ਰੰਗ, ਧਾਗੇ, ਮਣਕੇ ਅਤੇ ਰਾਲ ਆਰਟ ਕਿੱਟਾਂ ਵਰਗੀਆਂ ਵੱਖ-ਵੱਖ ਤਕਨੀਕਾਂ ਅਤੇ ਸਮੱਗਰੀਆਂ ਦੀ ਵਰਤੋਂ ਕਰਕੇ ਸੁੰਦਰ ਰੱਖੜੀਆਂ ਬਣਾਉਣ ਦਾ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ ਵਰਕਸ਼ਾਪ ਦੌਰਾਨ ਸਿਖਾਈਆਂ ਗਈਆਂ ਤਕਨੀਕਾਂ ਨੂੰ ਸਰਗਰਮੀ ਨਾਲ ਲਾਗੂ ਕੀਤਾ।ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ ਸਮੇਤ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਹਰਮੀਨ ਬਣੀ ਤੀਆਂ ਦੀ ਰਾਣੀ



ਸੁਲਤਾਨਪੁਰ ਲੋਧੀ ( ਹਨੀ ) ਐਸ ਡੀ ਕਾਲਜ ਫਾਰ ਵੂਮੈਨ ਸੁਲਤਾਪੁਰ ਲੋਧੀ ਵਿਖੇ ਪੰਜਾਬੀ ਵਿਭਾਗ ਵੱਲੋਂ ਮੈਡਮ ਕਸ਼ਮੀਰ ਕੌਰ ਦੀ ਅਗਵਾਈ ਵਿਚ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ । ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦਾ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਤੇ ਸਟਾਫ ਮੈਂਬਰ ਤੇ ਵਿਦਿਆਰਥਣਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ । ਇਸ ਦੌਰਾਨ ਕਾਲਜ ਦੀਆਂ ਵਿਦਿਆਰਥਣਾਂ ਵਜੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਮਾਡਲਿੰਗ ਰਾਹੀਂ ਤੀਜ ਕੁਈਨ ਦਰਮਿਆਨ ਹੋਇਆ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਮਾਡਲਿੰਗ ਸ਼ੋਅ ਚ ਸ਼ਿਰਕਤ ਕਰਦਿਆਂ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਿੱਸਾ ਲਿਆ । ਬੀ. ਕਾਮ ਭਾਗ ਪਹਿਲਾ ਦੀ ਵਿਦਿਆਰਥਣ ਹਰਮੀਨ ਕੌਰ ਮਿਸ ਤੀਜ ਦੇ ਖਿਤਾਬ 'ਤੇ ਕਬਜ਼ਾ ਕਰਨ ਵਿਚ ਸਫ਼ਲ ਰਹੀ । ਬੀ. ਏ ਭਾਗ ਪਹਿਲਾ ਦੀ ਵਿਦਿਆਰਥਣ ਪ੍ਰਭਜੋਤ ਕੌਰ ਫਸਟ ਅਤੇ ਬੀ. ਏ ਭਾਗ ਪਹਿਲਾ ਦੀ ਹੀ ਤਵਿੰਦਰ ਕੌਰ ਸੈਕੰਡ ਰਨਰਅਪ ਰਹੀ। ਮੰਚ ਸੰਜਾਲਨ ਸੰਜੀਵਨ ਅਤੇ ਨੇਹਾ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ । ਜੇਤੂਆਂ ਨੂੰ ਸਨਮਾਨਿਤ ਕਰਨ ਤੋਂ ਪਹਿਲਾਂ ਪ੍ਰਿਸੀਪਲ ਡਾ. ਵੰਦਨਾ ਸ਼ੁਕਲਾ ਨੇ ਸਮੂਹ ਵਿਦਿਆਰਥਣਾ ਵਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਸ਼ਲਾਘਾ ਕੀਤੀ । ਉਨ੍ਹਾਂ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥਣਾਂ ਨੂੰ ਤੀਜ ਸਮਾਗਮ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ । ਇਸ ਮੌਕੇ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਅੰਜਨਾ ਕੋਸ਼ਲ, ਪੂਜਾ, ਰਾਜਨਦੀਪ, ਰੀਟਾ ਮਸੀਹ, ਰਾਜੀਵ ਕੁਮਾਰ, ਸ਼ਕਤੀ ਕੁਮਾਰ ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿਚ ਵਿਦਿਆਰਥਣਾਂ ਹਾਜ਼ਰ ਸਨ ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਸਪਰਸ਼ ਐਕਟੀਵਿਟੀ ਕਰਵਾਈ




ਕਪੂਰਥਲਾ ( ਹਨੀ ) ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਕੇ ਜੀ ਵਿੰਗ 'ਚ ਵਿਦਿਆਰਥੀਆਂ ਲਈ ਵਧੀਆ ਸਪਰਸ਼ ਅਤੇ ਮਾੜੇ ਸਪਰਸ਼ ਸਬੰਧੀ ਐਕਟੀਵਿਟੀ ਕਰਵਾਈ ਗਈ । ਜਿਸ ਵਿੱਚ ਵਿਦਿਆਰਥੀਆਂ ਨੂੰ ਉਨਾਂ ਦੇ ਬਾਡੀ ਪਾਰਟਸ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ, ਕਿ ਕਿਸ ਬਾਡੀ ਪਾਰਟ ਦਾ ਸਪਰਸ਼ ਵਧੀਆ ਹੁੰਦਾ ਹੈ ਅਤੇ ਕਿਸ ਬਾਡੀ ਪਾਰਟ ਦਾ ਸਪਰਸ਼ ਮਾੜੇ ਇਰਾਦੇ ਨਾਲ ਕੀਤਾ ਜਾਂਦਾ ਹੈ । ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਕਿਹਾ ਕਿ ਅੱਜ ਕੱਲ੍ਹ ਦੇ ਮਾਹੌਲ ਵਿੱਚ ਸਾਰੇ ਹੀ ਵਿਦਿਆਰਥੀਆਂ, ਵਿਸ਼ੇਸ਼ ਤੌਰ 'ਤੇ ਛੋਟੇ ਬੱਚਿਆਂ ਨੂੰ ਇਸ ਸਬੰਧੀ ਜਾਗਰੂਕ ਹੋਣਾ ਬਹੁਤ ਜਰੂਰੀ ਹੈ ਤਾਂ ਜੋ ਲੜਕੀਆਂ ਅਤੇ ਲੜਕਿਆਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ । ਇਸ ਮੌਕੇ ਮੈਡਮ ਲਵਿਤਾ, ਕੁਲਵਿੰਦਰ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ ।

## ਆਇਨਾ ਚੋਪੜਾ ਨੇ ਜਿੱਤਿਆ ਸੋਨ ਤਗਮਾ

ਜਲੰਧਰ (ਇਕਬਾਲ ਸਿੰਘ ਉਭੀ)- ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਜਲੰਧਰ ਵਿੱਖੇ ਹੋਈ ਜ਼ਿਲ੍ਹਾ ਪੱਧਰੀ ਇੰਡੀਅਨ ਆਇਲ ਬੈਡਮਿੰਟਨ ਚੈਂਪੀਅਨਸ਼ਿਪ ਦੌਰਾਨ ਆਇਨਾ ਚੋਪੜਾ ਨੇ ਅੰਡਰ-11 ਉਮਰ ਵਰਗ ਦੇ ਲੜਕੀਆਂ ਦੇ ਡਬਲਜ਼ ਫਾਈਨਲ ਵਿੱਚ ਸੋਨ ਤਗ਼ਮਾ ਜਿੱਤਿਆ ਹੈ।ਆਇਨਾ ਚੋਪੜਾ ਨੇ ਦੱਸਿਆ ਕਿ ਉਸਨੇ ਆਪਣੀ ਛੋਟੀ ਉਮਰ ਵਿੱਚ ਹੀ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ, ਉਸਨੇ 4 ਸਾਲ ਦੀ ਉਮਰ ਵਿੱਚ ਬੈਡਮਿੰਟਨ ਖੇਡਣਾ ਸ਼ੁਰੂ ਕੀਤਾ ਸੀ। ਸਵੇਰ -ਸ਼ਾਮ 2 ਤੋਂ 3 ਘੰਟੇ ਆਪਣੀ ਖੇਡ ਨੂੰ ਸਮਰਪਿਤ ਕਰਨ ਤੋਂ ਬਾਅਦ ਆਪਣੀ ਪੜ੍ਹਾਈ ਕਰਦੀ ਹੈ, ਉਸਨੇ ਕਿਹਾ ਕਿ ਉਹ ਆਪਣੀ ਮਿਹਨਤ ਨੂੰ ਇਸੇ ਤਰ੍ਹਾਂ ਜਾਰੀ ਰੱਖ ਕੇ ਓਲੰਪਿਕ 'ਚ ਵੀ ਭਾਰਤ ਅਤੇ ਆਪਣੇ ਮਾਂ ਬਾਪ ਦਾ ਨਾਂਅ ਰੌਸ਼ਨ ਕਰੇਗੀ।



# 'ਮੇਲਾ ਤੀਆਂ ਦਾ' ਤਲਵਣ ਵਿਖੇ ਧੂਮ-ਧਾਮ ਨਾਲ ਮਨਾਇਆ



ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )-ਸੱਥ ਪੰਜ ਆਬਾਂ ਦੀ ਤੇ ਛਣਕਾਟਾ ਟੀਵੀ ਦੇ ਐਮ ਡੀ ਗੁਰਪ੍ਰੀਤ ਸਿੰਘ ਰੰਧਾਵਾ, ਪਿੰਡ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਭਾਈਚਾਰੇ ਦੇ ਸਹਿਯੋਗ ਦੇ ਨਾਲ , ਮੇਲਾ ਤੀਆਂ ਦਾ ਪਿੰਡ ਤਲਵਣ ਵਿਖੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਸਮਾਜ ਸੇਵਕ, ਆਪ ਆਗੂ ਪਰਮਜੀਤ ਚਾਹਲ ਨੂਰਮਹਿਲ ਨੇ ਮੁੱਖ ਮਹਿਮਾਨ ਵਜੋਂ ਅਤੇ ਜਸਵਿੰਦਰ ਸਿੰਘ ਲਾਲੀ ਕਨੇਡਾ ਨੇ ਪਰਵਾਰ ਸਮੇਤ ਸਪੈਸ਼ਲ ਮਹਿਮਾਨ ਵਜੋਂ ਸ਼ਿਰਕਤ ਕੀਤੀ । ਕੁਦਰਤ ਦੀ ਨਿਆਮਤ ਅਤੇ ਸੁਹਾਵਣੇ ਮੌਨਸੂਨ ਦੀ ਆਮਦ ਦੇ ਪ੍ਰਤੀਕ ਇਸ ਤਿਉਹਾਰ ਦੌਰਾਨ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਸਾਰੀਆਂ ਮਹਿਲਾ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵੱਖ-ਵੱਖ ਪੰਜਾਬੀ ਲੋਕ ਗੀਤਾਂ ਦੀਆਂ ਧੁਨਾਂ 'ਤੇ ਗਿੱਧੇ ਅਤੇ ਭੰਗੜੇ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਪੰਜਾਬੀ ਅਤੇ ਹਿੰਦੀ ਗੀਤਾਂ 'ਤੇ ਦਿਲ ਖਿੱਚਵੀਆਂ ਪੇਸ਼ਕਾਰੀਆਂ ਨੇ ਜਿੱਥੇ ਵੇਖਣ ਵਾਲਿਆਂ ਦਾ ਮਨ ਮੋਹਿਆ, ਉੱਥੇ ਹੀ ਲੋਕ ਗੀਤਾਂ ਨੇ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਉਜਾਗਰ ਕੀਤਾ। ਮੁੱਖ ਮਹਿਮਾਨ ਪਰਮਜੀਤ ਚਾਹਲ ਨੇ ਸਾਰਿਆਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੰਦੇ ਹੋਏ ਕਿਹਾ ਕਿ ਤੀਆਂ ਦਾ ਤਿਉਹਾਰ ਸਾਨੂੰ ਸਾਡੇ ਪੁਰਾਣੇ ਸੱਭਿਆਚਾਰ ਨਾਲ ਜੋੜ ਕੇ ਰੱਖਦਾ ਹੈ। ਅਜਿਹੇ ਤਿਉਹਾਰ ਹੀ ਪੰਜਾਬੀ ਵਿਰਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਣ ਲਈ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹਨ। ਚਾਹਲ ਨੇ ਕਿਹਾ ਕਿ ਅੱਜ ਦੇ ਮਾਡਰਨ ਜਮਾਨੇ ਵਿੱਚ ਜਿੱਥੇ ਲੋਕ ਆਪਣੇ ਸੱਭਿਆਚਾਰ ਨੂੰ ਭੁਲਦੇ ਜਾ ਰਹੇ ਹਨ, ਉੱਥੇ ਹੀ ਤੀਆਂ ਦਾ ਤਿਉਹਾਰ ਸਾਨੂੰ ਸਾਡੇ ਸੱਭਿਆਚਾਰ ਦੀ ਪਹਿਚਾਣ ਕਰਵਾਉਂਦਾ ਹੈ। ਇਸ ਮੌਕੇ ਸਾਰਿਆਂ ਨੇ ਬੋਲੀਆਂ, ਗਿੱਧਾ, ਭੰਗੜਾ ਪਾਇਆ ਅਤੇ ਪੀਂਘਾਂ ਝੂਟੀਆਂ। ਇਸ ਮੌਕੇ 'ਤੇ ਦਵਿੰਦਰ ਪਾਲ ਚਾਹਲ, ਆਪ ਆਗੂ ਕਰਨੈਲ ਰਾਮ ਬਾਲੂ, ਆਪ ਆਗੂ ਸ਼ਾਮ ਮਿੱਤੂ, ਆਪ ਆਗੂ ਹੈਪੀ ਚੁਹੇਕੀ, ਕਾਲੀ ਤਲਵਣ, ਮੇਡਮ ਸੁਖਵਿੰਦਰ ਕੌਰ , ਗੁਰਕੀਰਤ ਸਿੰਘ, ਡਾ. ਹਰਪ੍ਰੀਤ ਹੈਰੀ,ਅਨਹਦ ਸੁਖਵਿੰਦਰ,ਮੇਡਮ ਮਨਪ੍ਰੀਤ ਕੌਰ, ਮੈਡਮ ਅੰਮ੍ਰਿਤ,ਮੈਡਮ ਸਪਨਾ, ਗੁਰਪ੍ਰੀਤ ਸਿੰਘ, ਗ੍ਰਾਮ ਪੰਚਾਇਤ, ਸਰਪੰਚ ਬਲਵਿੰਦਰ ਸਿੰਘ , ਪਿੰਡ ਤਲਵਣ ਵਾਸੀ ਹਾਜ਼ਰ ਸਨ।